ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 10 | 4 March 2020 to 10 March 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸੰਗਤ ਵੱਲੋਂ ਮਿਲੇ ਹੁੰਗਾਰੇ ਨੇ ਸਿੱਖ ਪੰਚਾਇਤ ਦੀ ਜਿੱਤ ਯਕੀਨੀ ਬਣਾਈ




**ਫਰੀਮਾਂਟ/ ਏ.ਟੀ.ਨਿਊਜ਼:** ਸਿੱਖ ਪੰਚਾਇਤ ਵੱਲੋਂ ਆਯੋਜਿਤ ਕੀਤੀ ਮੀਟਿੰਗ ਵਿੱਚ 1000 ਤੋਂ ਉੱਪਰ ਸੰਗਤ ਮੈਂਬਰਾਂ ਨੇ ਹਿੱਸਾ ਲਿਆ ਜਿਸ ਨਾਲ ਸਿੱਖ ਪੰਚਾਇਤ ਦੀ ਜਿੱਤ ਯਕੀਨੀ ਬਣ ਗਈ ਹੈ। ਸਿੱਖ ਪੰਚਾਇਤ ਵੱਲੋਂ ਭਾਈ ਰਾਮ ਸਿੰਘ ਤੇ ਭਾਈ ਕਸ਼ਮੀਰ ਸਿੰਘ ਨੇ ਸੰਗਤਾਂ ਨੂੰ ਸਿੱਖ ਪੰਚਾਇਤ ਦੇ ਸਿਧਾਂਤ ਬਾਰੇ ਚਾਨਣਾ ਪਾਉਂਦੇ ਹੋਏ ਗੁਰਮੀਤ ਸਿੰਘ ਧੜੇ ਵੱਲੋਂ ਇਸਨੂੰ ਤੋੜਨ ਦੀਆਂ ਚਾਲਾਂ ਨੂੰ ਬੇਨਕਾਬ ਕੀਤਾ। ਭਾਈ ਐਚ ਪੀ ਸਿੰਘ ਨੇ ਪਿਛਲੇ ਦੋ ਸਾਲਾਂ ਵਿੱਚ ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਵੱਲੋਂ ਕੀਤੀਆਂ ਵਧੀਕੀਆਂ ਜਾ ਜ਼ਿਕਰ ਕੀਤਾ।

## ਵਕੀਲ ਦੀ ਫ਼ੀਸ ਗੁਰੂ ਦੀ ਗੋਲਕ ਵਿੱਚੋਂ

ਭਾਈ ਐਚ ਪੀ ਸਿੰਘ ਨੇ ਸੰਗਤਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੁਲਜੀਤ ਸਿੰਘ, ਹਰਮਿੰਦਰ ਸਿੰਘ ਤੇ ਬੀਬੀ ਅਰਵਿੰਦਰ ਕੌਰ ਦੇ ਵਕੀਲ ਨੂੰ ਚਿੱਠੀ ਲਿਖ ਕੇ ਉਸਦਾ ਬਿੱਲ ਗੁਰਦੂਆਰਾ ਸਾਹਿਬ ਵੱਲੋਂ ਅਦਾ ਕਰਨ ਨੂੰ ਕਿਹਾ। ਗੁਰਦੂਆਰਾ ਸਾਹਿਬ ਦੀ ਵਿੱਤੀ ਕਮੇਟੀ ਨੂੰ ਵਕੀਲ ਦਾ ਬਿੱਲ ਦੇਣ ਤੋਂ ਨਾਂਹ ਕਰਨ ਤੋਂ ਬਾਅਦ ਇਹਨਾਂ ਤਿੰਨਾਂ ਨੇ ਗੁਰਦੂਆਰਾ ਸਾਹਿਬ ਦੀ ਇੰਸ਼ੋਰੈਂਸ ਤੇ ਕਲੇਮ ਪਾ ਦਿੱਤਾ ਹੈ। ਸੰਗਤ ਵੱਲੋਂ, ਗੁਰੂ ਦੀ ਗੋਲਕ ਵਿੱਚੋਂ ਵਕੀਲ ਦੀ ਫ਼ੀਸ ਅਦਾ ਕਰਨ ਲਈ ਕੀਤੀ ਕੋਝੀ ਕੋਸ਼ਿਸ਼ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।



ROSSI DOMINGUE FOX LLP

JOHN F. DOMINGUE
ATTORNEY AT LAW
john@rdfllp.com | DIRECT 408.591.5180

OFFICE 408.495.3900 | FAX 408.495.3901
1570 The Alameda, Suite 316, San Jose, CA 95126

February 13, 2020

*Via Email & U.S. Mail*
Travelers Bond & Specialty Insurance Claim
385 Washington Street
Mail Code 9275-SB02F
St. Paul, MN 55102

Email: BSIClaims@travelers.com

Re: *Singh, et al. v. Singh, etal.*
Sikh Temple San Francisco Bay Area
Policy No.: 107031139
Tender of Defense

Dear Travelers:

We are writing on behalf of our clients, Harminder Singh, Kuljit Singh and Arvinder Kaur (collectively "Singh/Kaur"). They are your insureds as members of a Board of Directors under the above referenced policy. As explained below, they have been named as parties in a lawsuit for acts done in their capacity as Board members, and therefore, there should be coverage under the applicable Directors and Officers Liability Policy.

This is not the first attempt to seek coverage. We are informed that our client first contacted the agent involved directly. After this, our office sent the lawsuit to the agent with a request for a response on coverage. None of these efforts have resulted in a response so we are sending this letter to you. The background is below and relevant materials are attached.

On or about June 26, 2019, Jasdev Singh and Jaspreet Singh Atwal filed a Petition against Singh/Kaur in the Alameda Superior Court (*Singh, et al. v. Singh, et al.* Alameda Superior Court Case No.: HG19024582). This petition arises out of their role as Board Members of the Sikh Temple - San Francisco Bay Area ("Temple"). A copy of the original petition is attached.

Our clients Singh/Kaur are the majority members of a five-person Board of Directors for the Temple. The attached petition seeks to have them removed for alleged misconduct. In addition, the petition alleges that Singh/Kaur did things to tarnish the reputations of other Board members and engaged in "derogatory" statements and "false claims." See Petition at para. 11. These allegations are denied, but they must be defended.

The allegations of the petition, or at least certain of them, appear to trigger your obligation to defend. Our office has defended the case while we have been awaiting confirmation of coverage. The matter is generating a lot of attorneys' fees right now so time is of the essence. We would like to have confirmation of coverage as soon as possible.

Thank you for your consideration and please feel free to contact me with any questions.

Very truly yours,

ROSSI DOMINGUE FOX LLP

John F. Domingue

## 'ਪੰਜ ਪਿਆਰਾ' ਸਿਧਾਂਤ ਨੂੰ ਢਾਅ ਲਾਉਣੀ

ਭਾਈ ਰਾਮ ਸਿੰਘ ਨੇ ਗੁਰਮੀਤ ਸਿੰਘ ਵੱਲੋਂ ਸਮੇਂ ਸਮੇਂ ਖੇਡੀਆਂ ਕੋਝੀਆਂ ਰਾਜਸੀ ਚਾਲਾਂ ਦਾ ਪਰਦਾਫਾਸ਼ ਕਰਦੇ ਹੋਏ ਕਿਹਾ ਕਿ ਇਸ ਵੱਲੋਂ ਪੰਜ ਪਿਆਰਾ ਸਿਧਾਂਤ ਨਾਲ ਕੀਤੇ ਖਿਲਵਾੜ ਨੇ ਇਸਦੇ ਧਰਮੀ ਹੋਣ ਤੇ ਸਵਾਲੀਆ ਚਿੰਨ ਲਾ ਦਿੱਤੇ ਹਨ। ਇਸ ਸਾਰੇ ਗਰੁੱਪ ਵੱਲੋਂ ਕੋਰਟ ਵਿੱਚ ਕਹਿਣਾ ਕਿ 'ਪੰਜ ਪਿਆਰਾ' ਸ਼ਬਦ ਸਿਰਫ ਨਾਮ ਦਾ ਹੀ ਰਹਿ ਗਿਆ ਹੈ ਤੇ ਅੱਜ ਦੇ ਸੰਸਾਰ ਵਿੱਚ ਸਰਬ-ਸੰਮਤੀ ਹੋਣੀ ਮੁਮਕਿਨ ਨਹੀਂ ਇਸਲਈ ਪੰਜ ਪਿਆਰੇ ਬਹੁਸੰਮਤੀ ਨਾਲ ਫ਼ੈਸਲੇ ਲੈ ਸਕਦੇ ਹਨ ਦਾ ਵੀ ਸੰਗਤ ਨੇ ਸਖ਼ਤ ਨੋਟਿਸ ਲਿਆ। ਮਾਨਯੋਗ ਜੱਜ ਨੇ ਇਹਨਾਂ ਵੱਲੋਂ ਦਿੱਤੀ ਦਲੀਲ ਨੂੰ ਰੱਦ ਕਰਦੇ ਹੋਏ ਕਿਹਾ ਕਿ ਪੰਜਾਂ ਤੋਂ ਘੱਟ ਤਾਂ ਮੀਟਿੰਗ ਵੀ ਨਹੀਂ ਕਰ ਸਕਦੇ। ਉਸ ਕੇਸ ਵਿੱਚ ਹੋਈ ਹਾਰ ਤੇ ਲਏ ਹੋਏ ਸਟੈਂਡ ਤੇ ਇਹਨਾਂ ਨੇ ਚੁੱਪ ਧਾਰੀ ਹੋਈ ਹੈ।

## ਖਾਲਸਾ ਧੜੇ ਵੱਲੋਂ ਉਸਾਰੀ ਨੂੰ ਰੁਕਵਾਉਣਾ

ਮੌਜੂਦਾ ਸੁਪਰੀਮ ਕੌਂਸਲ ਮੈਂਬਰ ਕੁਲਜੀਤ ਸਿੰਘ ਜੋ ਕਿ ਭੱਦੀ ਸ਼ਬਦਾਵਲੀ ਵਰਤਣ ਲਈ ਜਾਣਿਆ ਜਾਂਦਾ ਹੈ ਨੇ ਉਸਾਰੀ ਠੇਕੇਦਾਰ ਨੂੰ ਵਕੀਲ ਦੀ ਧਮਕੀ ਦੇ ਕੇ ਰੁਕਵਾਇਆ। ਭਾਈ ਐਚ ਪੀ ਸਿੰਘ ਨੇ ਕਿਹਾ ਕਿ ਉਹਨਾਂ ਨੇ ਪਹਿਲੀ ਵਾਰ ਇਹ ਗੱਲ ਸੁਣੀ ਹੈ ਕਿ ਕੋਈ ਸਿੱਖ ਹੀ ਉਸਾਰੀ ਰੁਕਵਾ ਦਵੇ। ਮੈਨੂੰ ਲੱਗਦਾ ਹੈ ਕਿ ਇਹਨਾਂ ਨੂੰ ਹੁਣ ਗੁਰੂ ਦਾ ਭੈਅ ਨਹੀਂ ਰਿਹਾ ਜੋ ਅਜਿਹੇ ਕੰਮ ਕਰਦੇ ਹਨ।

### Email from Kuljit Singh to Contractor

On Sep 28, 2019, at 4:07 PM, (null) (null)
<kuljitsingh54@yahoo.com> wrote:

Dear Richard Mardesich
President Pacific Northstar Mechanical Inc
Date: September 27, 2019
Gurdwara Sahib Fremont and it's Board of Directors have litigation going on in court. Court case # HG19024582
Majority Board of Directors didn't approve HAVC project. We suggest before you accept the bid, talk to our attorney. attorney phone number is 415-203-8805 name and address Navi Dhillon 101 California st San Francisco email navi.dhillon@bakerbotts.com
Sincerely
Board of directors
Gurdwara Sahib Fremont
Kuljit Singh 510 -284 -9580
Harminder Singh 510-715-6799
Arvinder Kaur 510-396-0767

## ਦਰਸ਼ਨ ਸੰਧੂ ਵੱਲੋਂ ਕਿਰਪਾਨ ਨਾਲ ਹਮਲਾ

ਦਰਸ਼ਨ ਸੰਧੂ ਜੋ ਇਸ ਚੋਣ ਵਿੱਚ ਖਾਲਸਾ-ਬਾਸੇ ਧੜੇ ਦਾ ਉਮੀਦਵਾਰ ਹੈ ਨੇ ਮਮੂਲੀ ਬਹਿਸ ਦੌਰਾਨ ਭਾਈ ਕੰਵਲਜੀਤ ਸਿੰਘ ਦੇ ਸਿਰ ਵਿੱਚ ਕਿਰਪਾਨ ਨਾਲ ਹਮਲਾ ਕਰ ਦਿੱਤਾ ਸੀ। ਭਾਈ ਕੰਵਲਜੀਤ ਨੇ ਵੀਡੀਉ ਰਾਹੀਂ ਸੁਨੇਹਾ ਦਿੰਦੇ ਹੋਏ ਹਮਲੇ ਦੀ ਵੀਡੀਉ ਵੀ ਪੇਸ਼ ਕੀਤੀ ਜਿਸ ਵਿੱਚ ਦਰਸ਼ਨ ਸੰਧੂ ਆਪੇ ਤੋਂ ਬਾਹਰ ਹੋਇਆ ਸ਼ਰੇਆਮ ਹਮਲਾ ਕਰਦਾ ਦਿੱਸਦਾ ਹੈ। ਬੇਅ ਏਰੀਆ ਦੀ ਸੰਗਤ ਵਿੱਚ ਇਸ ਮਸਲੇ ਦੀ ਬਹੁਤ ਚਰਚਾ ਹੈ ਤੇ ਲੋਕਾਂ ਵੱਲੋਂ ਆਮ ਹੀ ਇਹ ਗੱਲ ਸੁਨਣ ਨੂੰ ਮਿਲਦੀ ਹੈ ਕਿ ਅਜਿਹੇ ਬੰਦੇ ਗੁਰਦੂਆਰਾ ਪ੍ਰਬੰਧ ਤੋਂ ਦੂਰ ਰੱਖਣੇ ਚਾਹੀਦੇ ਹਨ। ਯਾਦ ਰਹੇ ਕੰਵਲਜੀਤ ਸਿੰਘ ਵੱਲੋਂ ਇਸ ਵਿਰੁੱਧ ਕੋਰਟ ਵਿੱਚ ਕੇਸ ਕੀਤਾ ਹੋਇਆ ਹੈ ਅਤੇ ਹਲੇ ਉਸਦੀ ਸੁਣਵਾਈ ਹੋਣੀ ਹੈ।



Incident Report
FREMONT POLICE DEPARTMENT

ਸਿੱਖ ਪੰਚਾਇਤ ਦੇ ਉਮੀਦਵਾਰਾਂ ਨੇ ਵੀ ਸੰਗਤ ਨਾਲ ਸੰਬੋਧਨ ਕਰਦੇ ਹੋਏ ਭਵਿੱਖ ਦੇ ਪ੍ਰੋਜੈਕਟਾਂ ਦੀ ਜਾਣਕਾਰੀ ਦਿੱਤੀ ਅਤੇ ਆਈ ਹੋਈ ਸੰਗਤ ਦਾ ਭਾਈ ਜਸਵਿੰਦਰ ਸਿੰਘ ਜੰਡੀ ਨੇ ਧੰਨਵਾਦ ਕੀਤਾ।

# ਸੰਯੁਕਤ ਰਾਸ਼ਟਰ ਵੱਲੋਂ ਸੀਏਏ ਦਾ ਵਿਰੋਧ

**ਨਵੀਂ ਦਿੱਲੀ/ਏ.ਟੀ.ਨਿਊਜ਼:** ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਦੇ ਦਫ਼ਤਰ ਨੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) 'ਤੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਸੰਯੁਕਤ ਰਾਸ਼ਟਰ ਦੀ ਇਸ ਇਕਾਈ ਨੇ ਸਿਖ਼ਰਲੀ ਅਦਾਲਤ ਨੂੰ ਸੀਏਏ ਬਾਰੇ ਹੋ ਰਹੀ ਸੁਣਵਾਈ ਦੌਰਾਨ 'ਕੌਮਾਂਤਰੀ ਮਨੁੱਖੀ ਅਧਿਕਾਰ ਕਾਨੂੰਨਾਂ, ਨੇਮਾਂ ਤੇ ਮਿਆਰਾਂ' ਨੂੰ ਵੀ ਧਿਆਨ 'ਚ ਰੱਖਣ ਦੀ ਬੇਨਤੀ ਕੀਤੀ ਹੈ। ਪਟੀਸ਼ਨ ਹਾਈ ਕਮਿਸ਼ਨਰ ਮਿਸ਼ੇਲ ਬੈਚਲੇਟ ਵੱਲੋਂ ਦਾਇਰ ਕੀਤੀ ਗਈ ਹੈ ਤੇ ਉਹ ਅਦਾਲਤੀ ਮਿੱਤਰ (ਐਮੀਕਸ ਕਿਊਰੀ) ਵਜੋਂ ਕੇਸ ਨਾਲ ਜੁੜਨਾ ਚਾਹੁੰਦੇ ਹਨ। ਸੰਯੁਕਤ ਰਾਸ਼ਟਰ ਦੀ ਇਕਾਈ ਦਾ ਕਹਿਣਾ ਹੈ ਕਿ ਉਹ ਸੀਏਏ ਦੇ ਭਾਰਤੀ ਸੰਵਿਧਾਨ ਮੁਤਾਬਕ ਦਰੁਸਤ ਹੋਣ ਦੀ ਸਮੀਖ਼ਿਆ ਕਰਨ ਦੀ ਪ੍ਰਕਿਰਿਆ 'ਚ ਅਦਾਲਤ ਨੂੰ ਸਹਿਯੋਗ ਦੇਣਾ ਚਾਹੁੰਦੇ ਹਨ ਕਿਉਂਕਿ ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਕਾਨੂੰਨਾਂ ਤਹਿਤ ਭਾਰਤ ਦੀ ਬਣਦੀ ਜ਼ਿੰਮੇਵਾਰੀ ਨੂੰ ਵੀ ਇਸ ਅਧੀਨ ਪਰਖ਼ਿਆ ਜਾਵੇਗਾ। ਹਾਈ ਕਮਿਸ਼ਨਰ ਨੇ ਸੀਏਏ 'ਚੋਂ ਮੁਸਲਮਾਨਾਂ ਸਣੇ ਹੋਰਨਾਂ ਫ਼ਿਰਕਿਆਂ ਨੂੰ ਬਾਹਰ ਰੱਖਣ ਦਾ ਵਿਰੋਧ ਕੀਤਾ ਹੈ। ਹਾਲਾਂਕਿ ਇਸ ਵੱਲੋਂ ਗੁਆਂਢੀ ਮੁਲਕਾਂ 'ਚ ਧਰਮ ਦੇ ਅਧਾਰ 'ਤੇ ਜਬਰ-ਜ਼ੁਲਮ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਭਾਰਤ 'ਚ ਨਾਗਰਿਕਤਾ ਦੇਣ ਦੇ ਫ਼ੈਸਲੇ ਦਾ ਸਵਾਗਤ ਵੀ ਕੀਤਾ ਗਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਨਾਂ ਮੁਲਕਾਂ 'ਚ ਮੁਸਲਿਮ ਧਰਮ ਨਾਲ ਹੀ ਜੁੜੇ-ਅਹਿਮਦੀਆ, ਹਜ਼ਾਰਾ ਤੇ ਸ਼ੀਆ ਫ਼ਿਰਕਿਆਂ 'ਤੇ ਵੀ ਜਬਰ ਕੀਤਾ ਜਾਂਦਾ ਹੈ। ਇਨਾਂ ਨੂੰ ਵੀ ਸੀਏਏ 'ਚ ਤਜਵੀਜ਼ਸ਼ੁਦਾ ਅਧਾਰ ਤਹਿਤ ਸ਼ਰਨ ਲੈਣ ਦੀ ਲੋੜ ਪੈ ਸਕਦੀ ਹੈ। ਸੁਪਰੀਮ ਕੋਰਟ ਨੇ ਪਿਛਲੇ ਵਰੇ 18 ਦਸੰਬਰ ਨੂੰ ਸੀਏਏ ਖ਼ਿਲਾਫ਼ ਦਾਇਰ ਕਈ ਪਟੀਸ਼ਨਾਂ 'ਤੇ ਕੇਂਦਰ ਸਰਕਾਰ ਤੋਂ ਜਵਾਬ ਤਲ਼ਬ ਕੀਤਾ ਸੀ। ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਦਾ ਕਹਿਣਾ ਹੈ ਕਿ ਸੀਏਏ ਨਾਲ ਕੌਮਾਂਤਰੀ ਪੱਧਰ 'ਤੇ ਆਵਾਸੀਆਂ ਅਤੇ ਸ਼ਰਨਾਰਥੀਆਂ ਦੇ ਹੱਕਾਂ ਨਾਲ ਜੁੜੇ ਕਈ ਅਹਿਮ ਮਸਲੇ ਉੱਭਰ ਕੇ ਸਾਹਮਣੇ ਆ ਰਹੇ ਹਨ। ਬਰਾਬਰੀ ਦੇ ਸਿਧਾਂਤ ਨਾਲ ਇਸ ਦੇ ਜੋੜ-ਮੇਲ ਅਤੇ ਨਾਗਰਿਕਤਾ ਦੇ ਅਧਾਰ 'ਤੇ ਨਿਰਪੱਖ ਵਿਹਾਰ ਜਿਹੇ ਸਿਧਾਂਤ ਵੀ ਇਸ ਤਹਿਤ ਪਰਖ਼ੇ ਜਾਣੇ ਹਨ। ਉਨਾਂ ਕਿਹਾ ਹੈ ਕਿ ਭਾਰਤ ਇਸ ਤੋਂ ਪਹਿਲਾਂ ਬਰਾਬਰ ਹੱਕ ਦੇਣ ਤੇ ਸਾਰਿਆਂ ਲਈ ਬਰਾਬਰ ਕਾਨੂੰਨ ਲਾਗੂ ਕਰਨ ਦੇ ਮਾਮਲੇ 'ਚ ਦੁਨੀਆ ਲਈ ਮਿਸਾਲ ਰਿਹਾ ਹੈ।

## ਵਿਦੇਸ਼ੀ ਧਿਰ ਅੰਦਰੂਨੀ ਮਸਲੇ 'ਚ ਦਖ਼ਲ ਨਹੀਂ ਦੇ ਸਕਦੀ : ਭਾਰਤ

ਸੀਏਏ 'ਤੇ ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਵੱਲੋਂ ਸੁਪਰੀਮ ਕੋਰਟ 'ਚ ਕੀਤੀ ਪਹੁੰਚ ਬਾਰੇ ਜਨੇਵਾ ਸਥਿਤ ਭਾਰਤੀ ਸਥਾਈ ਕਮਿਸ਼ਨ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੀਏਏ ਭਾਰਤ ਦਾ ਅੰਦਰੂਨੀ ਮਸਲਾ ਹੈ ਤੇ ਇਹ ਕਾਨੂੰਨ ਬਣਾਉਣ ਸਬੰਧੀ ਭਾਰਤੀ ਸੰਸਦ ਦੇ ਆਜ਼ਾਦਾਨਾ ਹੱਕਾਂ ਨਾਲ ਜੁੜਿਆ ਹੋਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ 'ਸਰਕਾਰ ਇਸ ਰੁਖ਼ 'ਤੇ ਕਾਇਮ ਹੈ ਕਿ ਕੋਈ ਵੀ ਵਿਦੇਸ਼ੀ ਧਿਰ ਭਾਰਤ ਦੀ ਖ਼ੁਦਮੁਖਤਿਆਰੀ 'ਚ ਦਖ਼ਲ ਨਹੀਂ ਦੇ ਸਕਦੀ।'


TICKETS 2 INDIA
(587) 419-0511
Flights from
Toronto (YYZ) - Delhi (DEL) - Toronto
CAD 1196
Return
Flights from
Vancouver (YVR) - Delhi (DEL) - Vancouver
CAD 1203
Return
Authorized agents for
AIR CANADA
Lufthansa
AIR CHINA
QATAR AIRWAYS القطرية
Fly Emirates
ਏਅਰ ਇੰਡੀਆ AIR INDIA
UNITED AIRLINES
BRITISH AIRWAYS
الإتحاد ETIHAD AIRWAYS
ਸਾਨੂੰ ਹੇਠਲੇ ਦਿੱਤੇ ਨੰਬਰ ਤੇ ਸੰਪਰ ਕਰੋ ਅਤੇ ਆਪਣੇ ਲਈ ਵਧੀਆ ਡੀਲ ਲਵੋ
ਅੱਜ ਹੀ ਸਾਨੂੰ ਫੋਨ ਘੁਮਾਓ ਅਤੇ ਆਪਣੀਆਂ ਸੀਟਾਂ ਦੀ ਬੁਕਿੰਗ ਕਰਵਾਓ
Cruise sale from
$140 per day only
ਇਹ ਆਫਰ ਸੀਟਾਂ ਦੇ ਖਤਮ ਹੋਣ ਤੱਕ ਹੀ ਹੈ
ਕੀ ਤੁਸੀਂ ਸਸਤੀਆਂ ਅਤੇ ਕਮਰਸ਼ੀਅਲ ਏਅਰ ਟਰੇਵਲ ਡੀਲਾਂ ਦੀ ਭਾਲ ਵਿੱਚ ਹੋ ?
ਘੱਟ ਕੀਮਤ ਦਾ ਪਤਾ ਲਗਾਓ, ਅਸੀਂ ਤੁਹਾਨੂੰ 200% ਫਰਕ ਵਾਪਸ ਕਰ ਦੇਵਾਂਗੇ
www.ticket2-india.com
10050 - 112th Street Suites 904 & 1001, Edmonton, AB T5K 2J1, Canada
(587) 419-0511
tickets2indiaca@gmail.com

# ਗੁਰਮੀਤ ਸਿੰਘ ਅਤੇ ਸਾਥੀਆਂ ਨੇ ਪੰਥ ਵਿਰੋਧੀ ਤਾਕਤਾਂ ਅੱਗੇ ਗੋਡੇ ਟੇਕੇ: ਜਸਜੀਤ ਸਿੰਘ

**ਫਰੀਮਾਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ 8 ਮਾਰਚ ਨੂੰ ਹੋਣ ਵਾਲ਼ੀਆਂ ਚੋਣਾਂ ਵਿੱਚ ਆਪਣੇ ਆਪ ਨੂੰ ਪੰਥਕ ਕਹਾਉਣ ਵਾਲਾ ਗੁਰਮੀਤ ਸਿੰਘ ਧੜਾ ਚੋਣਾਂ ਵਿੱਚ ਆਪਣੀ ਹਾਰ ਨੂੰ ਦੇਖਦੇ ਹੋਏ ਇਸ ਏਰੀਏ ਦੇ ਪੰਥ ਵਿਰੋਧੀ ਬੰਦਿਆਂ ਅੱਗੇ ਗੋਡੇ ਟੇਕ ਗਿਆ ਹੈ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਇਹਨਾਂ ਨਾਲ ਗੱਠਜੋੜ ਕਰਨ ਵਾਲੇ ਬਹੁਤੇ ਬੰਦਿਆਂ ਨੇ ਸਾਡੇ ਨਾਲ ਵੀ ਸੰਪਰਕ ਕੀਤਾ ਸੀ, ਪਰ ਅਸੀਂ ਸੰਕਟ ਵਿੱਚ ਬੌਖਲਾ ਕੇ ਪੰਥ ਵਿਰੋਧੀ ਫ਼ੈਸਲੇ ਨਹੀਂ ਲੈਂਦੇ ਇਸ ਲਈ ਅਸੀਂ ਹਰ ਉਹ ਪੇਸ਼ਕਸ਼ ਠੁਕਰਾਈ ਜਿਸਦਾ ਸਿੱਧਾ ਸੰਬੰਧ ਸਿੱਖਾਂ ਦੇ ਭਵਿੱਖ ਨਾਲ ਹੈ। ਇਹਨਾਂ ਦੇ ਇੱਕ ਉਮੀਦਵਾਰ ਨੇ ਸਿੱਖ ਪੰਚਾਇਤ ਨਾਲ ਗੱਲ ਕਰਦੇ ਹੋਏ ਟਿੱਚਰ ਨਾਲ ਖਾਲਸਾ ਧੜੇ ਦੇ ਬੰਦਿਆਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਇਹ ਸਾਡੇ ਕੋਲ ਆਏ ਅਸੀਂ ਨਹੀਂ ਗਏ। ਅਸੀਂ ਨਾ ਹੀ ਖਾਲਿਸਤਾਨ ਦੇ ਸਮਰਥੱਕ ਹਾਂ ਤੇ ਨਾਂਹ ਹੀ 2020 ਰੈਫਰੈਂਡਮ ਦੇ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਗੁਰੂ ਦੀ ਖੇਡ ਦੇਖੋ ਜਿਹੜੇ ਲੋਕ ਸਾਡੇ ਤੇ ਸੁਆਲ ਖੜੇ ਕਰਦੇ ਸਨ ਉਹਨਾਂ ਦੀ ਪੰਥ ਪ੍ਰਤੀ ਦ੍ਰਿੜਤਾ ਤੇ ਇਮਾਨਦਾਰੀ ਨੂੰ ਸ਼ੱਕ ਦੇ ਘੇਰੇ ਵਿੱਚ ਖੜਾ ਕਰ ਦਿੱਤਾ ਹੈ। ਜੇ ਕੋਈ ਵਿਅਕਤੀ ਸਿਰਫ ਗੁਰਦੂਆਰਾ ਸਾਹਿਬ ਦੀਆਂ ਚੋਣਾਂ ਜਿੱਤਣ ਲਈ ਪੰਥ ਵਿਰੋਧੀ ਤਾਕਤਾਂ ਅੱਗੇ ਗੋਡੇ ਟੇਕ ਸਕਦਾ ਹੈ, ਪੰਜ ਪਿਆਰਾ ਸਿਧਾਂਤ ਨੂੰ ਤਿਲਾਂਜਲੀ ਦੇ ਸਕਦਾ ਹੈ, ਉਸਤੋਂ ਪੰਥ ਨੂੰ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ।

ਇਹਨਾਂ ਦਾ ਇੱਕ ਉਮੀਦਵਾਰ ਦਰਸ਼ਨ ਸੰਧੂ ਜੋ ਪੰਥਕ ਸਫ਼ਾ ਵਿੱਚ ਫੁੱਟ ਪਾਉਣ ਲਈ ਅਤੇ ਪੰਥਕ ਸ਼ਖਸ਼ੀਅਤਾਂ ਦੇ ਅਕਸ਼ ਵਿਗਾੜਨ ਲਈ ਜਾਣਿਆਂ ਜਾਂਦਾ ਹੈ ਨੇ ਜਸਜੀਤ ਸਿੰਘ ਵਿਰੁੱਧ ਪਿਛਲੇ 25 ਸਾਲ ਤੋਂ ਸਰਕਾਰੀ ਏਜੰਟ ਹੋਣ ਦੀ ਇਲਜ਼ਾਮ ਤਰਾਸ਼ੀ ਕਰਦਾ ਰਿਹਾ ਹੈ। ਜਸਜੀਤ ਸਿੰਘ ਨੇ ਜਦੋਂ ਕੋਰਟ ਵਿੱਚ ਇਸਨੂੰ ਸਬੂਤ ਪੇਸ਼ ਕਰਨ ਲਈ ਕੇਸ ਕਰ ਦਿੱਤਾ ਤਾਂ ਇਸਨੇ ਕੋਰਟ ਵਿੱਚ ਲਿੱਖ ਕੇ ਕਿਹਾ ਕਿ ਮੁਆਫੀ ਮੰਗੀ।(ਦੇਖੋ ਚਿੱਤਰ ਨੇ: 1)।


STATEMENT OF DARSHAN SANDHU

I have not communicated with anyone that Jasjeet Singh is an agent of the Indian government. I strongly agree to sit with him in a public meeting to resolve this issue.

DATED: 12/27/2018

DARHSAN SANDHU

ਜਸਜੀਤ ਸਿੰਘ ਨੇ ਕਿਹਾ ਕਿ ਇਸ ਤਰਾਂ ਹੀ ਐਸ ਪੀ ਸਿੰਘ ਤੇ ਕੁਲਜੀਤ ਨੇ ਇਲਜ਼ਾਮ ਤਰਾਸ਼ੀ ਕੀਤੀ ਹੈ। ਮੈਂ ਚੋਣਾਂ ਤੋਂ ਬਾਅਦ ਇਹਨਾਂ 'ਤੇ ਮੁਕੱਦਮਾ ਕਰ ਰਿਹਾ ਹਾਂ ਤਾਂ ਜੋ ਸੰਗਤ ਨੂੰ ਸੱਚਾਈ ਪਤਾ ਲੱਗ ਸਕੇ।

ਜਿੱਥੋਂ ਤੱਕ ਚੋਣਾਂ ਦਾ ਸੰਬੰਧ ਹੈ ਅਸੀਂ ਇਹਨਾਂ ਨੂੰ ਕਈ ਵਾਰ ਸਵਾਲ ਪੁੱਛੇ ਹਨ ਪਰ ਇਹਨਾਂ ਨੇ ਉਸਦਾ ਜੁਆਬ ਦੇਣ ਦੀ ਬਜਾਏ ਚੁੱਪ ਧਾਰੀ ਹੋਈ ਹੈ।

**ਕੁੱਝ ਸੁਆਲ ਇਸ ਤਰਾਂ ਹਨ:**

1. ਇਹਨਾਂ ਵੱਲੋਂ ਅਦਾਲਤ ਨੂੰ "ਪੰਜ ਪਿਆਰਾ" ਸ਼ਬਦ ਹਟਾਉਣ ਲਈ ਕਿਉਂ ਕਿਹਾ ? ਗੁਰਮੀਤ ਇਹ ਕਿਵੇਂ ਕਹਿ ਸਕਦਾ ਹੈ ਕਿ ਪੰਜ ਪਿਆਰਾ ਤਾਂ ਹੁਣਸਿਰਫ ਇੱਕ ਸ਼ਬਦ ਹੈ ਹੀ ਰਹਿ ਗਿਆ ਹੈ।
2. ਨਵੀ ਉਸਾਰੀ ਤੇ ਇਤਰਾਜ਼ ਕਿਉਂ ਕੀਤਾ ਅਤੇ ਠੇਕੇਦਾਰ ਨੂੰ ਉਸਾਰੀ ਨੂੰ ਰੋਕਣ ਲਈ ਕਿਉਂ ਕਿਹਾ ?

ਅਦਾਲਤ ਵਿਚ ਗੁਰਦੂਆਰਾ ਸਾਹਿਬ ਤੇ ਕੇਸ ਕਰਨਾ ਅਤੇ ਹੁਣ ਆਪਣੇ ਅਟਾਰਨੀ ਦੀਆਂ ਫੀਸਾਂ ਦਾ ਭੁਗਤਾਨ ਕਰਨ ਲਈ ਗੁਰਦੁਆਰੇ ਦੀ ਇੰਸੋਰੈਂਸ ਤੇ **claim** ਕਿਉਂ ਕੀਤਾ।

ਕੀ ਤੁਸੀਂ ਗੁਰੂ ਗਰੰਥ ਸਾਹਿਬ ਵੱਲੋਂ ਆਪਣਾ ਮੂੰਹ ਨਹੀਂ ਮੋੜਿਆ ? ਗੁਰੂ ਗਰੰਥ ਸਾਹਿਬ ਜੀ ਅੱਗੇ ਹਜ਼ੂਰੀਆ ਪਾਕੇ ਸਹੁੰ ਚੁੱਕ ਕੇਨਹੀਂ ਮੁੱਕਰੇ ?

ਭਾਈ ਜਸਜੀਤ ਸਿੰਘ ਨੇ ਕਿਹਾ ਕਿ ਝੂਠ ਦੇ ਸਹਾਰੇ ਕਦੇ ਕੋਈ ਵੀ ਗੁਰਦੂਆਰਾ ਸਾਹਿਬ ਫਰੀਮਾਂਟ ਦੀ ਚੋਣ ਨਹੀਂ ਜਿੱਤ ਸਕਿਆ। ਇਸ ਚੋਣ ਨੇ ਕਈ ਭੇਖੀਆਂ ਦੇ ਚਿਹਰੇ ਨੰਗੇ ਕਰ ਦਿੱਤੇ ਹਨ ਅਤੇ ਗੁਰਮੀਤ ਸਿੰਘ ਧੜਾ ਇਸ ਚੋਣ ਬਾਅਦ ਰਾਜਨੀਤੀ ਵਿੱਚੋਂ ਪੱਕੇ ਤੌਰ ਤੇ ਬਾਹਰ ਹੋਜਾਣਾ ਹੈ।

# ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਬਾਹਰ ਖੜ ਕੇ ਹੀ ਸੰਗਤ ਨਾਲ ਵਿਚਾਰ ਸਾਂਝੇ ਕਰਨੇ ਪਏ

## ਬਾਸਾ-ਖਾਲਸਾ ਧੜੇ ਵੱਲੋਂ ਧੱਕੇਸ਼ਾਹੀ ਜਾਰੀ




**ਫਰੀਮਾਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ ਅਤੇ ਹਮੇਸ਼ਾ ਦੋ ਹਫ਼ਤੇ ਪਹਿਲਾਂ ਸਾਰੇ ਉਮੀਦਵਾਰਾਂ ਨੂੰ ਸੰਗਤ ਸਾਹਮਣੇ ਬੋਲਣ ਲਈ ਸਟੇਜ ਤੋਂ ਸਮਾਂ ਦਿੱਤਾ ਜਾਂਦਾ ਹੈ, ਪਰ ਬਾਸਾ-ਖਾਲਸਾ ਧੜੇ ਵੱਲੋਂ ਇਸ ਸਾਲ ਉਮੀਦਵਾਰਾਂ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ ਗਿਆ। ਇਸ ਤਰਾਂ ਦੀ ਧੱਕੇਸ਼ਾਹੀ ਇਸ ਧੜੇ ਵੱਲੋਂ ਪਿਛਲੇ ਦੋ ਸਾਲ ਤੋਂ ਲਗਾਤਾਰ ਹੋ ਰਹੀ ਹੈ। ਸਿੱਖ ਪੰਚਾਇਤ ਨੇ ਬਾਹਰ ਲਾਬੀ ਵਿੱਚ ਮੇਜ਼ ਲਾ ਕੇ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ। ਸਿੱਖ ਪੰਚਾਇਤ ਦੇ ਇਸ ਕਦਮ ਦੀ ਸੰਗਤ ਵੱਲੋਂ ਸ਼ਲਾਘਾ ਕੀਤੀ ਗਈ।

ਸਿੱਖ ਪੰਚਾਇਤ ਦੇ ਉਮੀਦਵਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਹਰ ਚੋਣ ਵਿੱਚ ਉਮੀਦਵਾਰਾਂ ਨੂੰ ਸੰਗਤ ਸਾਹਮਣੇ ਆਪਣੀ ਗੱਲ ਰੱਖਣ ਦਾ ਸਮਾਂ ਦਿੱਤਾ ਜਾਂਦਾ ਹੈ ਤਾਂ ਜੋ ਸੰਗਤ ਉਮੀਦਵਾਰਾਂ ਨੂੰ ਆਪ ਸੁਣ ਸਕੇ। ਭਾਈ ਜੰਡੀ ਨੇ ਕਿਹਾ ਕਿ ਇਹ ਲੋਕ ਝੂਠ ਸਹਾਰੇ ਇਲੈਕਸ਼ਨ ਲੜ ਰਹੇ ਹਨ। ਇਨਾਂ ਨੂੰ ਅਸੀਂ ਕਈ ਵਾਰੀ ਸੰਗਤੀ ਬਹਿਸ ਲਈ ਸੱਦਾ ਦੇ ਚੁੱਕੇ ਹਾਂ ਪਰ ਇਹ ਉਸ ਬਹਿਸ ਲਈ ਵੀ ਸਾਹਮਣੇ ਨਹੀਂ ਆਏ। ਸਾਧ ਸੰਗਤ ਜੀ, ਸੱਚਾ ਬੰਦਾ ਕਦੇ ਵੀ ਖੁੱਲੀ ਬਹਿਸ ਤੋਂ ਕੰਨੀਂ ਨਹੀਂ ਕਤਰਾਉਂਦਾ ਅਤੇ ਸੰਗਤ ਨੂੰ ਉਮੀਦਵਾਰਾਂ ਦੇ ਵਿਚਾਰ ਸੁਨਣ ਦਾ ਹੱਕ ਹੈ। ਸਿੱਖ ਪੰਚਾਇਤ ਵਿਰੋਧੀ ਧੜੇ ਵੱਲੋਂ ਕੀਤੀ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।










# ਕਿਵੇਂ ਗੁਰਮੀਤ ਸਿੰਘ ਧੜੇ ਨੇ ਹਰਦੇਵ ਗਰੇਵਾਲ ਦੇ ਲਾਣੇ ਨਾਲ ਰਲ ਕੇ ਗੁਰੂਘਰ ਦੇ ਪ੍ਰਬੰਧਕੀ ਢਾਂਚੇ ਦਾ ਘਾਣ ਕੀਤਾ ?

ਗੁਰਮੀਤ ਸਿੰਘ ਖਾਲਸਾ ਅਤੇ ਹਰਦੇਵ ਗਰੇਵਾਲ ਦੋਵੇਂ ਇਕ ਦੂਸਰੇ ਤੋਂ ਬਿਲਕੁਲ ਉਲਟ ਹਨ। ਦੋਹਾਂ ਦੀਆਂ ਸ਼ਖਸ਼ੀਅਤਾਂ ਵਿਚ ਜਮੀਨ ਅਸਮਾਨ ਦਾ ਫਰਕ ਹੈ। ਉਨਾਂ ਦੀ ਸ਼ਖਸੀਅਤ ਅਤੇ ਜਿੰਦਗੀ ਦਾ ਨਜਰੀਆ ਬਿਲਕੁਲ ਇਕ ਦੂਜੇ ਦੇ ਉਲਟ ਹਨ। ੧੯੮੮ ਤੋਂ ਲੈ ਕੇ ੨੦੧੯ ਤੱਕ ਗੁਰਮਤਿ ਅਤੇ ਸਿੱਖ ਧਰਮ ਬਾਰੇ ਹਮੇਸ਼ਾ ਇਕ ਦੂਜੇ ਦੇ ਕਟੜ ਵਿਰੋਧੀ ਰਹੇ ਅਤੇ ਦੋਹਾਂ ਵਿਚ ਆਪਸੀ ਵਿਚ ਖਿਚੋਤਾਣ ਜ਼ੋਰਾਂ ਤੇ ਰਹੀ। ਗੁਰਮੀਤ ਸਿੰਘ ਖਾਲਸਾ ਕੱਟੜ ਸਿੱਖੀ ਵਿਚਾਰਧਾਰਾ ਅਤੇ ਖਾਲਿਸਤਾਨੀ ਦਾ ਮੁਦਈ ਰਿਹਾ ਅਤੇ ਹਰਦੇਵ ਗਰੇਵਾਲ ਜੋ ੧੯੭੮ ਤੋਂ ੧੯੮੪ ਵਿਚ ਪ੍ਰਬੰਧ ਉਤੇ ਕਾਬਜ ਰਿਹਾ। ਸਰਕਾਰੀ ਹਮਦਰਦੀ ਵਾਲਾ ਅਤੇ ਖਾਲਸਾ ਰਹੁਰੀਤਾਂ ਨੂੰ ਗੁਰੂਘਰ ਵਿਚ ਲਾਗੂ ਕਰਨ ਦਾ ਕੱਟੜ ਵਿਰੋਧੀ ਰਿਹਾ ਹੈ। ਅਸਲ ਵਿਚ ਹਰਦੇਵ ਗਰੇਵਾਲ ਵਲੋਂ ਗੁਰਮੀਤ ਸਿੰਘ ਦੇ ਧੜੇ ਉਤ ਕੀਤਾ ਮਾਣ ਹੱਤਕ ਦਾ ਮੁਕੱਦਮਾ ਲਗਭਗ ਪੰਜ ਸਾਲ ਚਲਦਾ ਰਿਹਾ। ਅੱਜ ਕੱਲ ਗੁਰਮੀਤ ਸਿੰਘ ਇਹ ਪ੍ਰਚਾਰ ਕਰ ਰਿਹਾ ਹੈ ਕਿ ਪੰਜ ਪਿਆਰਾ ਸਿਸਟਮ ਹੁਣ ਚਲ ਨਹੀਂ ਸਕਦਾ ਕਿਉਂਕਿ ਅੱਜ ਸੱਚੇ ਸੁੱਚੇ ਸਿੱਖ ਨਹੀਂ ਰਹੇ। ਇਸ ਨੇ ਇਸ ਮਾਣ ਮੱਤੇ ਸਿਧਾਂਤ ਦੀਆਂ ਇਹ ਕਹਿ ਕੇ ਧੱਜੀਆਂ ਉਡਾਈਆਂ ਕਿ ਸੁਪਰੀਮ ਕੌਂਸਲ ਦੇ ਤਿੰਨ ਮੈਂਬਰ ਬਹੁਸੰਮਤੀ ਨਾਲ ਫੈਸਲਾ ਲੈ ਸਕਦੇ ਹਨ ਜੋ ਕਿ ਗੁਰੂ ਘਰ ਦੇ ਸੰਵਿਧਾਨ ਦੀ ਘੋਰ ਉਲੰਘਣਾ ਹੈ। ਆਪਣੇ ਸਿੱਖ ਵਿਰੋਧੀ ਬਿਆਨਾਂ ਕਰਕੇ ਹਰਦੇਵ ਗਰੇਵਾਲ ਕਈ ਵਾਰ ਵਿਵਾਦਾਂ ਵਿਚ ਘਿਰਿਆ ਰਿਹਾ ਹੈ ਜਿਵੇਂ ਕਿ ੧੯੮੩ ਅੰਗਰਜੀ ਦੇ ਸੈਨਹੋਜੇ ਮਰਕਰੀ ਵਿਚ ਦੇ ਇਸ ਦੇ ਸਿੱਖ ਵਿਰੋਧੀ ਬਿਆਨ ਕਰਕੇ। ੨੦੦੬ ਦੀਆਂ ਚੋਣਾਂ ਵਿਚ ਵੀ ਇਸ ਦੇ ਧੜੇ ਨੇ ਗੁਰੂਘਰ ਦੇ ਖਾਲਸਾ ਸਕੂਲ ਨੂੰ ਮਦਰੱਸਾ ਅਤੇ ਬੱਚਿਆਂ ਨੂੰ ਤਾਲਿਬਾਨ ਕਿਹਾ ਸੀ ਜਿਨਾਂ ਸਿੱਖ ਵਿਰੋਧੀ ਕਾਰਨਾਂ ਕਰ ਕੇ ਇਸ ਨੂੰ ਸੰਗਤਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਸੀ। ਗੁਰਮੀਤ ਸਿੰਘ ਅਤੇ ਹਰਦੇਵ ਗਰੇਵਾਲ ਧੜਿਆਂ ਦਾ ਅਪਵਿਤਰ ਅਤੇ ਖਤਰਨਾਕ ਗਠਜੋੜ ਗੁਰੂਘਰ ਦੀ ਸ਼ਾਂਤੀ ਲਈ ਹੋਰ ਵੀ ਘਾਤਕ ਸਿੱਧ ਹੋਵੇਗਾ।

2018 ਵਿਚ ਇਨਾਂ ਇਕ ਦੂਜੇ ਦੇ ਵਿਰੋਧੀ ਧੜਿਆਂ ਨੇ ਇਕ ਦੂਜੇ ਨਾਲ ਹੱਥ ਮਿਲਾਇਆ ਅਤ ਹੁਣ ਬਾਸਾ ਅਤੇ ਗੁਰਮੀਤ ਸਿੰਘ ਧੜਾ ਸਿੱਖ ਸੰਗਤ ਦੇ ਭੇਖ ਵਿਚ ਫਰੀਮੌਂਟ ਗੁਰੂਘਰ ਦੀ ਚੋਣ ਲੜ ਰਹੇ ਹਨ। ਇਨਾਂ ਦਾ ਇਕੋ ਇਕ ਮਕਸਦ ਗੁਰੂਘਰ ਉਤੇ ਕਬਜਾ ਕਰ ਕੇ ਇਸ ਪ੍ਰਬੰਧਕੀ ਧੜੇ ਨੂੰ ਖਤਮ ਕਰਨਾ ਹੈ। ੨੦੧੯ ਤੋਂ ਬਾਅਦ ਸੁਪਰੀਮ ਕੌਂਸਲ ਦੇ ਤਿੰਨ ਮੈਂਬਰਾਂ ਨੇ ਸੰਵਿਧਾਨ ਦੀਆਂ ਜੋ ਧੱਜੀਆਂ ਉਡਾਈਆਂ ਉਹ ਗੁਰੂ ਮਰਿਆਦਾ ਅਤੇ ਸੰਗਤ ਦੇ ਹਿਤਾਂ ਲਈ ਘਾਤਕ ਹਨ ਅਤੇ ਪਿਛਲੇ ੩੨ ਸਾਲਾਂ ਦੀ ਮਿਹਨਤ ਦਾ ਘਾਣ ਕੀਤਾ।

## ਸਾਂਝੇ ਪੰਚਾਇਤੀ ਸਿਸਟਮ ਬਾਰੇ ਸਮਝੌਤਾ 2012 -2018 ਤੋਂ ਗੁਰਦੁਆਰੇ ਵਿਚ ਅਮਨ ਅਮਾਨ ਕਾਇਮ

ਗੁਰੂਘਰ ਵਿਚ ਹਰ ਆਏ ਦਿਨ ਦੇ ਝਗੜਿਆਂ ਨੂੰ ਖਤਮ ਕਰਨ ਲਈ ੨੦੧੨ ਵਿਚ ਇਹ ਇਕ ਲਿਖਤੀ ਸਮਝੌਤਾ ਸੀ ਹੋਇਆ। ਇਹ ਉਸ ਸਮੇਂ ਦੇ ਮੁਖ ਧੜਿਆਂ ਨੂੰ ਇਕੱਠੇ ਕਰਕੇ ਬਣਾਇਆ ਸੀ। ਇਸ ਵਿਚ ਤਿੰਨ ਗਰੁੱਪਾਂ ਜਸਜੀਤ ਸਿੰਘ, ਰਾਮ ਸਿੰਘ ਅਤੇ ਗੁਰਮੀਤ ਸਿੰਘ ਖਾਲਸਾ ਦੇ ਨੁਮਾਇੰਦੇ ਹਾਜਰ ਹੁੰਦੇ ਹਨ। ਯਾਦ ਰਹੇ ਇਸ ਸਮਝੌਤੇ ਨੂੰ ਪੂਰਾ ਕਰਨ ਲਈ ਲਗਭਗ ਛੇ ਮਹੀਨੇ ਲਗੇ। ਇਸ ਵਿਚ ਗੁਰੂਘਰ ਦੇ ਕੈਲੰਡਰ, ਸਟੇਜ ਉਤ ਬੋਲਣ ਅਤੇ ਸਿਆਸੀ ਗਤੀਵਿਧੀਆਂ ਦਾ ਵਰਣਨ ਕੀਤਾ ਗਿਆ ਹੈ ਜੋ ਪਿਛਲੇ ਸੱਤ ਸਾਲ ਤੋਂ ਚਲਦਾ ਰਿਹਾ ਸੀ। ਗੁਰੂਘਰ ਦੇ ਪ੍ਰਬੰਧ ਵਿਚ ਪੂਰਨ ਸ਼ਾਂਤੀ ਰਹੀ।

2012 ਤੋਂ ਚਲ ਰਹੇ ਸਮਝੌਤੇ ਅਨੁਸਾਰ ਮਾਰਚ ੨੦੧੯ ਵਿਚ ਵੀ ਇਹ ਪੰਜ ਮੈਂਬਰ ਪੰਚਾਇਤ ਵਲੋਂ ਚੁਣੇ ਗਏ ਪਰ ਇਸ ਵਾਰ ਕੋਈ ਚੋਣ ਨਹੀਂ ਹੋਈ। ਸੁਪਰੀਮ ਕੌਂਸਲ ਚੋਣ ਤੋਂ ਪਿਛੋਂ ਕਮੇਟੀਆਂ ਵਿਚ ਆਪੋ ਆਪਣੇ ਨੁਮਾਇੰਦੇ ਪਾਉਣ ਲਈ ਕੋਸਿਸ਼ਾਂ ਸ਼ੁਰੂ ਹੋਈਆਂ। ਬੀਬੀ ਚੀਮਾ ਅਤੇ ਦਰਸ਼ਨ ਸੰਧੂ ਨੂੰ ਕਮੇਟੀਆਂ ਵਿਚ ਪਾਉਣ ਦਾ ਵਿਰੋਧ ਸੀ ਪਰ ਗੁਰਮੀਤ ਸਿੰਘ ਦੀ ਸਿਫਾਰਸ਼ ਤੇ ਹਰਿੰਦਰਪਾਲ ਸਿਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕਮੇਟੀਆਂ ਦਾ ਕੰਮ ਸਿਰੇ ਚੜਾ ਦਿੱਤਾ। ਲਗਭਗ 80 ਮੈਬਰਾਂ ਤੋਂ ਵੱਧ ਦੀਆਂ ਕਮੇਟੀਆਂ ਸਰਬ ਸੰਮਤੀ ਨਾਲ ਬਣੀਆਂ। ਇਨਾਂ ਕਮੇਟੀਆਂ ਦੇ ਮਤੇ ਉਤੇ ਸੁਪਰੀਮ ਕੌਂਸਲ ਦੇ ਪੰਜਾਂ ਦੇ ਦਸਤਖਤ ਹਨ। ਇਸ ਮਤੇ ਦੀ ਨਕਲ ਹੇਠ ਦਿੱਤੀ ਜਾਂਦੀ ਹੈ। ਪਰ ਅਸਲ ਵਿਚ ਇਸ ਧੜੇ ਦੀ ਨੀਅਤ ਵਿਚ ਧੋਖਾ ਅਤੇ ਮਕਾਰੀ ਸੀ ਅਤੇ ਉਹ ਪ੍ਰਬੰਧ ਉਤੇ ਕਿਸੇ ਨਾ ਕਿਸੇ ਢੰਗ ਨਾਲ ਕਬਜਾ ਕਰਨ ਚਾਹੁੰਦੇ ਸਨ।

## ਗੁਰੂਘਰ ਵਿਚ ਗਿਣੀ ਮਿਥੀ ਸਾਜਸ਼ ਅਧੀਨ ਲੜਾਈ ਕਰਨੀ

ਹਰਜੀਤ ਸਿੰਘ ਜੋ ਕਿ ਸਾਬਕਾ ਸੁਪਰੀਮ ਕੌਂਸਲ ਦਾ ਮੈਂਬਰ ਸੀ ਉਸ ਨੇ ਹਰਮਿੰਦਰ ਸਿੰਘ ਨਾਲ ਗਿਣੀ ਮਿਥੀ ਸਾਜਿਸ਼ ਦੇ ਅਧੀਨ ਕੁਝ ਬੱਚਿਆਂ ਨੂੰ ਲੈ ਕੇ ਗੁਰੂ ਨਾਨਕ ਦੇਵ ਜੀ ਦੇ ਜਨਮ ਦੇ ੫੫੦ ਵੇਂ ਪ੍ਰਕਾਸ਼ ਉਤਸਵ ਵਾਲੇ ਦਿਨ ੨੩ ਨਵੰਬਰ ੨੦੧੯ ਨੂੰ ਦਿਨ ਵਾਲੀ ਰਾਤ ਨੂੰ ੧੦ ਕੁ ਵਜੇ ਦਰਬਾਰ ਹਾਲ ਵਿਚ ਪੇਂਟ ਕਰਨ ਦੇ ਬਹਾਨੇ ਦਰਬਾਰ ਵਿਚ ਗਿਆ। ਇਸ ਦਿਨ ਦਰਬਾਰ ਹਾਲ ਵਿਚ ਲੜਾਈ ਹੋਈ ਜਿਸ ਵਿਚ ਦਰਸ਼ਨ ਸਿੰਘ ਸੰਧੂ ਨੇ ਆਪਣੀ ਜਾਤੀ ਕਿੜ ਕੱਢਣ ਲਈ ਸਟੇਜ ਕਮੇਟੀ ਦੇ ਮੈਂਬਰ ਕਮਲਜੀਤ ਸਿੰਘ ਦੇ ਸਿਰ ਵਿਚ ਕਿਰਪਾਨ ਨਾਲ ਵਾਰ ਕੀਤੇ ਅਤੇ ਉਸ ਨੂੰ ਜ਼ਖਮੀ ਕਰ ਦਿਤਾ ਅਤੇ ਉਸ ਦੇ ਸਿਰ ਵਿਚ ਟਾਂਕੇ ਲੱਗੇ। ਬਾਅਦ ਵਿਚ ਪਤਾ ਲਗਾ ਕਿ ਹਰਮਿੰਦਰ ਸਿੰਘ ਇਸ ਪੁਆੜੇ ਦੀ ਜੜ ਸੀ। ਸੰਗਤ ਜੀ ਅਫਸੋਸ ਦੀ ਗੱਲ ਹੈ ਕਿ ਚੌਧਰ ਦੇ ਨਸ਼ੇ ਵਿਚ ਇਨਾਂ ਨੂੰ ਗੁਰੂਘਰ ਦੀ ਬਦਨਾਮੀ ਦਾ ਵੀ ਕੋਈ ਖਿਆਲ ਨਾ ਆਇਆ। ਸੱਤ ਸਾਲ ਵਿਚ ਪਹਿਲੀ ਵਾਰ ਗੁਰੂਘਰ ਅੰਦਰ ਪੁਲਿਸ ਆਈ ਅਤੇ ਦਰਸ਼ਨ ਸਿੰਘ ਦੀ ਗ੍ਰਿਫਤਾਰੀ ਹੋਈ। ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੇ ਈਮੇਲ ਲਿਖ ਕੇ ਕਮਲਜੀਤ ਸਿੰਘ ਨੂੰ ਉਸ 23 ਨਵੰਬਰ ਨੂੰ ਗੁਰੂਘਰ ਵਿਚ ਹੋਈ ਲੜਾਈ ਲਈ ਜੁੰਮੇਵਾਰ ਠਹਿਰਾਇਆ ਅਤੇ ਅਸਲੀ ਤਾਨਾਸ਼ਾਹਾਂ ਵਾਂਗ ਉਸ ਨੂੰ ਸਟੇਜ ਕਮੇਟੀ ਤੋਂ ਬਾਹਰ ਕੱਢ ਦਿਤਾ। ਇਸ ਦਾ ਸਬੂਤ ਸਾਡੇ ਕੋਲ ਮੌਜੂਦ ਹੈ।

## ਨਾਲੇ ਚੋਰੀ ਨਾਲੇ ਸੀਨਾ ਜੋਰੀ

ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੇ ਆਪਣੀ ਤਾਕਤ ਦੀ ਘੋਰ ਦੁਰਵਰਤੋਂ ਕਰ ਕੇ ਗੁਰੂਘਰ ਦੇ ਹਾਲਾਤ ਖਰਾਬ ਕਰਨ ਦਾ ਮੁਢ ਬੰਨਿਆ। ਇਸ ਘਟਨਾ ਵਿਚ ਜਖਮੀ ਹੋਣ ਵਾਲੇ ਕਮਲਜੀਤ ਸਿੰਘ ਨੂੰ ਹਮਦਰਦੀ ਦੀ ਜਗਾ ਧਮਕੀਆਂ ਮਿਲੀਆਂ ਜਦੋਂ ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੇ ਈਮੇਲ ਲਿਖ ਕੇ ਉਸ ੨੩ ਨਵੰਬਰ, ੨੦੧੯ ਦੀ ਘਟਨਾ ਲਈ ਘਟਨਾ ਲਈ ਜੁੰਮੇਵਾਰ ਠਹਿਰਾਇਆ। ਇਸ ਦੇ ਸਬੂਤ ਸਾਡੇ ਕੋਲ ਮੌਜੂਦ ਹੈ। ਸਾਧ ਸੰਗਤ ਜੀ ਤੁਸੀਂ ਵੇਖ ਸਕਦੇ ਹੋ ਕਿ ਇਨਾਂ ਨੇ ਗੁਰੂਘਰ ਵਿਚ ਆਪਣੀ ਤਾਨਾਸ਼ਾਹੀ ਚਲਾਈ। ਲੜਾਈ ਸਮੇਂ ਦਰਸ਼ਨ ਸਿੰਘ ਦੀ ਪਿੱਠ ਪੂਰਨ ਵਿਚ ਕੁਲਜੀਤ ਸਿੰਘ ਵੀ ਹਰਮਿੰਦਰ ਸਿੰਘ ਪੂਰੀ ਤਰਾਂ ਉਸ ਦੇ ਨਾਲ ਸਨ ਅਤੇ ਇਨਾਂ ਨੇ ਆਪਣੀ ਜੁੰਮੇਵਾਰੀ ਤੋਂ ਘੋਰ ਕੁਤਾਹੀ ਕੀਤੀ ਅਤੇ ਸੰਵਿਧਾਨ ਅਨੁਸਾਰ ਇਹ ਦੋਵੇਂ ਪਾਰਟੀ ਬਾਜੀ ਭਾਵ ਗੁਰੂਘਰ ਵਿਚ ਸਿਆਸਤ ਬਾਜੀ ਕਰਨ ਕਰਕੇ ਉਸੇ ਵੇਲੇ ਪ੍ਰਬੰਧ ਤੋਂ ਖਾਰਜ ਹੋਣੇ ਚਾਹੀਦੇ ਸਨ।

## ਕੁਲਜੀਤ ਸਿੰਘ, ਹਰਮਿੰਦਰ ਸਿੰਘ ਅਤੇ ਅਰਵਿੰਦਰ ਦੇ ਕੌਰ ਨੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਖਾਧੀ ਸਹੁੰ ਤੋਂ ਸ਼ਰੇਆਮ ਮੁਕਰਨਾ,

ਕਮੇਟੀਆਂ ਬਣਨ ਤੋਂ ਜਲਦੀ ਹੀ ਇਨਾਂ ਨੇ ਗੁਰੂਘਰ ਤੇ ਕਾਬਜ ਹੋਣ ਦੀ ਸਕੀਮ ਨੂੰ ਅੰਜਾਮ ਦਿੱਤਾ। ਤਿਕੜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਇਕਰਾਰ ਕਰਕੇ ਮੁਕਰਨਾ ਅਤੇ ਸਰਬ ਸੰਮਤੀ ਦੇ ਸਿਧਾਂਤ ਨੂੰ ਟਿਚ ਨਾ ਸਮਝਣਾ, ਗੁਰੂਘਰ ਦੇ ਸਟੇਜ ਤੇ ਸੱਪ ਵਾਂਗ ਕੁੰਡਲ ਮਾਰ ਕੇ ਬੈਠਣਾ ਅਤੇ ਦੂਸਰੇ ਪੰਜਾਂ ਸਿੰਘਾਂ ਨੂੰ ਗੁਰੂਘਰ ਦਾ ਹਿਸਾਬ ਕਿਤਾਬ ਦੇਣ ਲਈ ਦੋ ਮਿੰਟ ਵੀ ਨਾ ਦੇਣੇ ਇਕ ਨਵਾਂ ਨੀਵਾਂਪਨ ਅਤੇ ਤਾਨਾਸ਼ਾਹੀ ਦੀ ਉਦਾਹਰਣ ਹੈ। ਦਸ ਸਾਲਾਂ ਤੋਂ ਚਲ ਰਹੇ ਕੈਲੰਡਰ ਨੂੰ ਆਪਣੀ ਮਰਜੀ ਨਾਲ ਆਪਣੇ ਧੜੇ ਨੂੰ ਖੁਸ਼ ਕਰਨ ਲਈ ਬਦਲ ਦੇਣਾ ਧੱਕੇਸ਼ਾਹੀ ਦੀ ਹੱਦ ਅਤੇ ਸੰਗਤ ਦੀ ਪੂਰਨ ਬੇਦਖਲੀ ਕਰਨੀ।

## ਕਬਜੇ ਲਈ ਗੁਰਮੀਤ ਸਿੰਘ ਦਾ ਪੰਜ ਸਿੰਘਾਂ ਵਿਚ ਬਹੁਗਿਣਤੀ ਦੇ ਫਾਰਮੂਲੇ ਦੀ ਕਾਢ ਕਾਰਨ ਗੁਰਮਰਿਆਦਾ ਦੀ ਘੋਰ ਬੇਅਦਬੀ

ਕੁਲਜੀਤ ਸਿੰਘ, ਹਰਮਿੰਦਰ ਸਿੰਘ ਅਤੇ ਅਰਵਿੰਦਰ ਕੌਰ ਨੇ ਸਰਬ ਸੰਮਤੀ ਦੇ ਮਤੇ ਨੂੰ ਰੱਦ ਕਰਕੇ ਬਣੀਆਂ ਕਮੇਟੀਆਂ ਭੰਗ ਕਰਕੇ ਗੁਰੂਘਰ ਦੀ ਸਟੇਜ ਉਤੇ ਪੱਕਾ ਕਬਜਾ ਕਰਨਾ ਦੀ ਨੀਅਤ ਨਾਲ ਦੂਸਰੀ ਗੈਰ ਕਾਨੂੰਨੀ ਦੂਸਰੀ ਕਮੇਟੀ ਬਣਾਈ। ਸਿਆਣਿਆਂ ਦਾ ਕਹਿਣਾ ਹੈ ਕਿ ਝੂਠ ਦੀ ਵੀ ਕੋਈ ਹੱਦ ਹੁੰਦੀ ਹੈ ਜਿਨਾਂ ਮੈਬਰਾਂ ਨੇ ਮਾਰਚ ੨੦੧੯ ਵਿਚ ਆਪਣੇ ਗਲ ਵਿਚ ਪੱਲਾ ਪਾ ਕੇ ਗੁਰੂ ਗ੍ਰੰਥ ਸਾਹਿਬ ਅਤੇ ਦੂਸਰੇ ਉਮੀਦਵਾਰਾਂ ਸਾਹਮਣੇ ਸਰਬ ਸੰਮਤੀ ਨਾਲ ਸੇਵਾ ਕਰਨ ਦੀ ਸਹੁੰ ਖਾਧੀ ਸੀ। ਇਨਾਂ ਨੇ ਜਿਸ ਤਰਾਂ ਡਟ ਕੇ ਗੁਰੂਘਰ ਵਿਚ ਕੂੜ ਦਾ ਪ੍ਰਚਾਰ ਕੀਤਾ ਅਤੇ ਸਟੇਜ ਉਤੇ ਕਬਜਾ ਕੀਤਾ ਹੈ ਉਸ ਦੀ ਉਦਾਹਰਣ ਘੱਟ ਹੀ ਮਿਲਦੀ ਹੈ। ਗੁਰੂਘਰ ਵਿਚ ਗੁਰਮੀਤ ਸਿੰਘ ਦੀ ਸੌੜੀ ਸਿਆਸਤ ਨੇ ਸੰਗਤਾਂ ਵਿਚ ਪਾਈਆ ਵੰਡੀਆਂ।। ਸੁਪਰੀਮ ਕੌਂਸਲ ਦੇ ਤਿੰਨ ਮੈਂਬਰਾਂ ਕੁਲਜੀਤ ਸਿੰਘ, ਹਰਮਿੰਦਰ ਸਿੰਘ ਅਤੇ ਅਰਵਿੰਦਰ ਦੇ ਕੌਰ ਦੇ ਗੁਰੂਘਰ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਗਈਆਂ ਅਤੇ ਪਿਛਲੇ ਛੇ ਸਾਲਾਂ ਤੋਂ ਚਲ ਰਹੀ ਮਰਿਆਦਾ ਦੀ ਪੈਰ ਪੈਰ ’ਤੇ ਉਲੰਘਣਾ ਕੀਤੀ ਗਈ। ਗੁਰੂਘਰ ਦਾ ਸੰਵਿਧਾਨ ਜੋ ਪਿਛਲੇ ੩੨ ਸਾਲਾਂ ਤੋਂ ਚਲ ਰਿਹਾ ਹੈ ਇਹ ਪਹਿਲੀ ਵਾਰ ਹੈ ਕਿ ਗੁਰਮੀਤ ਸਿੰਘ ਨੇ ਇਕ ਪੰਜਾਂ ਸਿੰਘਾ ਦੀ ਕਮੇਟੀ ਅਤੇ ਸੰਗਤ ਨੂੰ ਵੰਡਣ ਦਾ ਨਵਾਂ ਫਾਰਮੂਲਾ ਕੱਢਿਆ ਜੋ ਕਿ ਉਸ ਨੇ ਆਪਣੇ ਕਾਰਜਕਾਲ ੧੯੯੫-੯੬ ਵਿਚ ਲਾਗੂ ਨਹੀਂ ਸੀ ਕੀਤਾ। ਉਹ ਇਹ ਸੀ ਕਿ ਪੰਜ ਪਿਆਰਿਆਂ ਜਾਂ ਪੰਜ ਸਿੰਘਾਂ ਨੂੰ ਤਿੰਨ ਅਤੇ ਦੋ ਦੇ ਧੜਿਆਂ ਵਿਚ ਵੰਡ ਕੇ ਇਹ ਐਲਾਨ ਕਰ ਦਿਤਾ ਕਿ ਸਰਬਸੰਮਤੀ ਨਾਲ ਕੰਮ ਕਰਨ ਦੀ ਥਾਂ ਬਹੁ ਗਿਣਤੀ ਨਾਲ ਪ੍ਰਬੰਧ ਚਲਾਇਆ ਜਾਵੇਗਾ ਜਦੋਂ ਕਿ ਗੁਰੂਘਰ ਦਾ ਸੰਵਿਧਾਨ ਇਸ ਦੀ ਬਿਲਕੁਲ ਇਜਾਜਤ ਨਹੀਂ ਦਿੰਦਾ ਕਿਉਂਕਿ ਇਹ ਗੁਰ ਮਰਿਆਦਾ ਉਤੇ ਆਧਾਰਤ ਹੈ। ਗੁਰੂਘਰ ਦੇ ਸੰਵਿਧਾਨ ਵਿਚ ਸਪਸ਼ਟ ਦਰਜ ਹੈ ਕਿ ਕਿਸੇ ਵੀ ਮੀਟਿੰਗ ਦਾ ਕੋਰਮ (ਭਾਵ) ਹਾਜਰੀ ਪੰਜ ਹੈ। ਦੁਖ ਦੀ ਗੱਲ ਇਹ ਹੈ ਕਿ ਹੁਣ ਇਹ ਲੋਕ ਆਪਣੇ ਜਾਤੀ ਮੁਫਾਦ ਲਈ ਪੰਜ ਪਿਆਰਿਆਂ ਦੇ ਸਿਧਾਂਤ ਉਤੇ ਵੀ ਟੀਕਾ ਟਿੱਪਣੀ ਕਰਦੇ ਹਨ। ਇਨਾਂ ਲੋਕਾਂ ਨੂੰ ਗੁਰੂ ਸਾਹਿਬਾਂ ਦੀ ਬਣਾਈ ਮਰਿਆਦਾ ਤੇ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਇਨਾਂ ਨੂੰ ਕਿਸ ਨੇ ਦਿਤਾ ਹੈ ?

ਗੈਰ ਕਾਨੂੰਨੀ ਦਾ ਕਮੇਟੀ ਦਾ ਗਠਨ ਉੱਤੇ ਧੋਖੇ, ਪਾਖੰਡ, ਦੋਗਲਾਪਨ ਅਤੇ ਤਾਨਾਸ਼ਾਹੀ ਦੀ ਸਿਖਰ

ਇਨਾਂ ਨੇ ਸੱਤ ਸਾਲ ਤੋਂ ਚੱਲ ਰਹੇ ਸਿਸਟਮ ਅਤੇ ਸੰਵਿਧਾਨ ਦੀ ਉਲੰਘਣਾ ਕਰਕੇ ਸਰਬ ਸੰਮਤੀ ਨਾਲ ਬਣੀ ਕਮੇਟੀ ਨੂੰ ਭੰਗ ਕਰ ਕੇ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੇ ਨਵੀਂ ੧੧ ਮੈਂਬਰ ਕਮੇਟੀ ਬਣਾ ਕੇ ਗੁਰੂਘਰ ਦਾ ਪ੍ਰਬੰਧ ਹਥਿਆਉਣ ਦੀ ਘਿਨਾਉਣੀ ਕੋਸ਼ਿਸ਼ ਕੀਤੀ। ਸੰਵਿਧਾਨ ਅਨੁਸਾਰ ਸੁਪਰੀਮ ਕੌਂਸਲ ਦੀ ਕਿਸੇ ਵੀ ਮੀਟਿੰਗ ਲਈ ਪੰਜਾਂ ਦਾ ਹਾਜ਼ਰ ਹੋਣਾ ਲਾਜਮੀ ਹੈ। ੧੯੮੯ ਤੋਂ ਐਸਾ ਪਹਿਲੀ ਵਾਰ ਹੋਇਆ। ਨਵੀਂ ਕਮੇਟੀ ਵਿਚ ਪ੍ਰਧਾਨ ਕੇਵਲ ਸਿੰਘ ਤੱਖਰ, ਵਾਈਸ ਪ੍ਰਧਾਨ ਸਰਬਜੀਤ ਕੌਰ ਚੀਮਾ ਅਤੇ ਖਜਾਨਚੀ ਗੁਰਚਰਨ ਸਿੰਘ ਮਾਨ ਨੂੰ ਬਣਾਇਆ ਗਿਆ। ਸਿਫਾਰਸ਼ ਨਾਲ ਗੁਰਮਤਿ ਪ੍ਰਚਾਰ ਕਮੇਟੀ ਦੀ ਮੈਂਬਰ ਬਣ ਕੇ ਬੀਬੀ ਚੀਮਾ ਨੇ ਆਪਣੀ ਪੁਰਾਣੀ ਆਦਤ ਮੁਤਾਬਿਕ ਆਪਣੇ ਧੜੇਬਾਜੀ ਵਿਚ ਪਾਰਟੀ ਬਾਜੀ ਦਾ ਡਟ ਕੇ ਰੋਲ ਨਿਭਾਇਆ। ਇਸ ਤਰਾਂ ਬੀਬੀ ਚੀਮਾ ਆਪਣੀ ਖਾਧੀ ਸਹੁੰ ਤੋਂ ਮੁਨਕਰ ਹੋ ਕੇ ਗੈਰ ਕਾਨੂੰਨੀ ਕਮੇਟੀ ਦਾ ਉਪ ਪ੍ਰਧਾਨ ਬਣ ਕੇ ਸਿਆਸੀ ਪੱਤਾ ਖੇਡਿਆ। ੨੦੦੯ ਵਿਚ ਵੀ ਇਸ ਅੰਗਰੇਜੀ ਦੇ ਪੇਪਰ ਵਿਚ ਦੂਜੇ ਉਮੀਦਵਾਰਾਂ ਉਤੇ ਭ੍ਰਿਸ਼ਟ ਅਤੇ ਸਿੱਖ ਵਿਰੋਧੀ ਦਾ ਇਲਜਾਮ ਲਗਾਇਆ ਸੀ। ਚੌਧਰ ਲਈ ਇਹ ਬੀਬੀ ਕਿਸ ਸਮੇਂ ਵੀ ਵੀਚਾਰੀ ਬਣ ਕੇ ਅਥਰੂ ਕੇਰ ਸਕਦੀ ਹੈ।

ਇਥੇ ਗੁਰਚਰਨ ਸਿੰਘ ਮਾਨ ਵਲੋਂ ਚੌਧਰ ਲਈ ਤਰਲੋ ਮੱਛੀ ਹੋ ਕੇ ਕੀਤੇ ਕਾਰਨਾਮਿਆਂ ਬਾਰੇ ਦੱਸਣਾ ਵੀ ਜਰੂਰੀ ਹੈ। ਇਹ ਅੰਦਾਜਾ ਨਹੀਂ ਲਗਾਇਆ ਜਾ ਸਕਦਾ ਕਿ ਇਹ ਲੋਕ ਚੌਧਰ ਲਈ ਗੁਰੂਘਰ ਦੇ ਖਿਲਾਫ ਫਰੀਮੌਂਟ ਸਿਟੀ ਵਿਚ ਸ਼ਿਕਾਇਤ ਕਰ ਸਕਦੇ ਹਨ ਅਤੇ ਗੁਰੂਘਰ ਵਿਚ ਪੁਲਿਸ ਬੁਲਾਈ। ਗੁਰਚਰਨ ਸਿੰਘ ਮਾਨ ਵਲੋਂ ਨਕਲੀ ਕੈਸ਼ੀਅਰ ਦਾ ਅਹੁਦਾ ਲੈ ਕੇ ਕਿਸ ਤਰਾਂ ਪ੍ਰੇਸ਼ਾਨ ਕੀਤਾ ਗਿਆ ਅਤੇ ਕੈਲੀਫੋਰਨੀਆ ਦੇ ਕਾਨੂੰਨ ਕਾਇਦੇ ਨਾਲ ਛੇੜਖਾਨੀ ਕੀਤੀ ਗਈ ਅਤੇ ਗੋਲਕ ਦਾ ਪ੍ਰਬੰਧ ਹਥਿਆਉਣ ਲਈ ਹਰਿੰਦਰਪਾਲ ਸਿੰਘ ਨੂੰ ਬਲੈਕ ਮੇਲ ਕਰਨ ਦੇ ਸਿਰ ਤੋੜ ਯਤਨ ਕੀਤੇ ਗਏ। ਉਸ ਦੀਆਂ ਕੀਤੀਆਂ ਹਰਕਤਾਂ ਬਾਰੇ ਸੋਚਣਾ ਵੀ ਅਸੰਭਵ ਹੈ। ਇਸ ਦੀ ਮਿਸਾਲ ਹੇਠਾਂ ਦਿਤੀ ਜਾਂਦੀ ਹੈ। ਗੁਰਦੁਆਰੇ ਦੇ ਅਕਾਊਂਟ ਉਤੇ ਕਬਜੇ ਲਈ ਕਈ ਵਾਰ ਬੈਂਕ ਕੋਲ ਵੀ ਪਹੁੰਚ ਕੀਤੀ ਗਈ ਜਿਸ ਅਨੁਸਾਰ ਇਸ ਉਤੇ ਧੋਖਾਧੜੀ ਦਾ ਕੇਸ ਬਣ ਸਕਦਾ ਸੀ।

ਸਾਡੀ ਇਨਾਂ ਤਾਨਾਸ਼ਾਹੀ ਕਰਨ ਵਾਲਿਆਂ ਨੂੰ ਅਪੀਲ ਹੈ ਕਿ ਤੁਸੀਂ ਆਪਣੇ ਧੱਕ ਅਤੇ ਹਿੱਕ ਦੇ ਜੋਰ ਨਾਲ ਗੁਰੂਘਰ ਦਾ ਬਥੇਰਾ ਨੁਕਸਾਨ ਕਰ ਦਿੱਤਾ ਹੈ। ਲੋਕਾਂ ਨਾਲ ਸੰਵਿਧਾਨ ਅਨੁਸਾਰ ਚਲਣ ਦੇ ਥੋਥੇ ਵਾਅਦੇ ਬੰਦ ਕਰੋ। ਸੰਗਤ ਸਾਹਮਣੇ ਤੁਹਾਡਾ ਅਸਲੀ ਚਿਹਰਾ ਬੇਨਿਕਾਬ ਹੋ ਗਿਆ ਹੈ। ਸੰਗਤ ਨੂੰ ਬੁਧੂ ਬਣਾਉਣਾ ਬੰਦ ਕਰੋ। ਹੁਣ ਬਹੁਤ ਹੋ ਗਿਆ, ਤੁਸੀਂ ਸੰਗਤਾਂ ਨੂੰ ਹੋਰ ਬੁਧੂ ਨਹੀ ਬਣ ਸਕਦੇ। ਤੁਹਾਡੀ ਜੁੰਡਲੀ ਨੇ ਗੁਰੂਘਰ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਗਈਆਂ ਅਤੇ ਗੁਰ ਮਰਿਆਦਾ ਦੀ ਪੈਰ ਪੈਰ ਤੇ ਉਲੰਘਣਾ ਕੀਤੀ ਗਈ। ਸਿਆਣੇ ਕਹਿੰਦੇ ਹਨ ਕਿ ‘ਛੱਜ ਤਾਂ ਬੋਲੇ ਪਰ ਛਾਨਣੀ ਕਿਉਂ ਬੋਲੇ ਅਤੇ ਉਨਾਂ ਢੀਠਾਂ ਵਾਲਾ ਹਾਲ ਹੈ ਜਿਨਾਂ ਬਾਰੇ ਕਿਹਾ ਜਾਂਦਾ ਹੈ ਕਿ ‘ਸ਼ਰਮ ਹਮ ਕੋ ਮਗਰ ਨਹੀਂ ਆਤੀ’। ਇਨਾ ਦੋਹਾਂ ਸ਼ਖਸਾਂ ਦਾ ਪਿਛਲੇ ੨੫-੩੦ ਸਾਲ ਦਾ ਚਿੱਠਾ ਕੱਢ ਕੇ ਵੇਖ ਲਵੋ ਕਿ ਕੂੜ ਵਿਹਾਝਣ ਅਤੇ ਲੋਕਾ ਨੂੰ ਖੋਰਾ ਲਾਉਣ ਤੋਂ ਬਿਨਾ ਇਨਾਂ ਨੇ ਕੋਈ ਚੱਜ ਦਾ ਕੰਮ ਕੀਤਾ ਹੋਵੇ। ਅਜੇਹੇ ਲੋਕ ਜਿਹੜੇ ਕਿ ਇਨਸਾਨੀਅਤ ਤੋਂ ਕੋਹਾਂ ਦੂਰ ਹਨ ਜੋ ਸਵਾ ਨੂੰ ਆਪਣਾ ਧੱਕੇ ਨਾਲ ਰਾਜ ਕਰਨਾ ਸਮਝਦੇ ਹਨ ਉਨਾਂ ਲਈ ਗੁਰਬਾਣੀ ਦਾ ਫੁਰਮਾਨ ਢੁਕਦਾ ਹੈ।

**ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥ ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥ ੧੪੦**

## ਤਿਕੜੀ ਵਲੋਂ ਕੀਤੇ ਹੋਰ ਗੈਰ ਸੰਵਿਧਾਨਕ ਕੰਮ

ਇਨਾਂ ਲੋਕਾਂ ਨੇ ਆਪਣੀ ਖੁਦਗਰਜੀ ਲਈ ਹੋਰ ਹੇਠ ਲਿਖੇ ਕਮੀਨੇ ਕੰਮ ਕੀਤੇ ਗਏ:

ਗੁਰੂਘਰ ਦੀ ਮਨਜੂਰੀ ਮਿਲ ਚੁਕੀ ਬਿਲਡਿੰਗ ਨੂੰ ਕੰਟਰੈਕਟਰ ਨੂੰ ਧਮਕੀ ਦੇ ਕੇ ਰੁਕਵਾਉਣਾ

ਚੋਣਾਂ ਨੂੰ ਮੁਲਤਵੀ ਕਰਾਉਣ ਦੇ ਹਰ ਤਰਾਂ ਦੇ ਝੂਠੇ ਬਹਾਨੇ ਬਣਾਉਣੇ ਜਿਵੇਂ ਕਿ ਚੋਣ ਲਿਸਟਾਂ ਉਤੇ ਇਤਰਾਜ ਕਰਨੇ।

ਗੁਰੂਘਰ ਤੋਂ ਮੁਕਦਮੇ ਦਾ ਖਰਚਾ ਮੰਗਣਾ

ਉਮੀਦਵਾਰਾਂ ਨੂੰ ਸਮਾਂ ਨਾ ਦੇਣਾ।

ਅਖੀਰ ਵਿਚ ਮਾਰਚ ੮ ਨੂੰ ਹੋਣ ਵਾਲੀ ਚੋਣ ਲਈ ਉਮੀਦਵਾਰ ਨੂੰ ਸੰਗਤ ਦੇ ਸਨਮੁਖ ਜਾਣ ਪਹਿਚਾਣ ਕਰਾਉਣ ਲਈ ਦੋ ਮਿੰਟ ਦਾ ਸਮਾਂ ਦੇਣ ਤੋਂ ਨਾਂਹ। ਗੁਰੂ ਘਰ ਦੇ ਇਤਹਾਸ ਵਿਸ ਇਹ ਪਹਿਲੀ ਵਾਰ ਹੈ ਕਿ ਉਮੀਦਵਾਰਾਂ ਨੂੰ ਸਮਾਂ ਨਹੀਂ ਦਿਤਾ ਗਿਆ।

# ਪਾਕਿਸਤਾਨੀ ਸਿੱਖ ਡਾ. ਸਾਗਰਜੀਤ ਸਿੰਘ ਨੂੰ ਦੁਬਈ ’ਚ 10ਵਾਂ ਕੌਮਾਂਤਰੀ ਸਿੱਖ ਪੁਰਸਕਾਰ



**ਦੁਬਈ/ਏ.ਟੀ.ਨਿਊਜ਼:** ਪਾਕਿਸਤਾਨੀ ਮੂਲ ਦੇ ਸਿੱਖ ਨੌਜਵਾਨ ਡਾ. ਸਾਗਰਜੀਤ ਸਿੰਘ ਨੂੰ ਦੁਬਈ ’ਚ 10ਵੇਂ ਕੌਮਾਂਤਰੀ ਸਿੱਖ ਪੁਰਸਕਾਰ ਸਮਾਰੋਹ ਵਿਚ ਸਨਮਾਨਤ ਕੀਤਾ ਗਿਆ। ਇਹ ਪੁਰਸਕਾਰ ਵੱਖ ਵੱਖ ਖੇਤਰਾਂ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਸਿੱਖਾਂ ਨੂੰ ਦਿੱਤਾ ਜਾਂਦਾ ਹੈ ਜਿਸ ਵਿਚ ਏਸ਼ੀਆ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂਰਪ ਅਤੇ ਮੱਧ ਪੂਰਬ ਦੇ ਦੇਸ਼ਾਂ ਤੋਂ ਐਂਟਰੀਆਂ ਆਉਂਦੀਆਂ ਹਨ। ਡਾ .ਸਾਗਰਜਰੀਤ ਸਿਘ ਜੋ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ ਨੇ ਇਹ ਪੁਰਸਕਾਰ ਹਾਸਲ ਕਰਨ ਮਗਰੋਂ ਕਿਹਾ ਕਿ ਇਹ ਅਸਲ ਵਿਚ ਉਨਾਂ ਦਾ ਸਨਮਾਨ ਨਹੀਂ ਸਗੋਂ ਪਾਕਿਸਤਾਨ ਵਿਚ ਵਸਦੇ ਸਾਰੇ ਸਿੱਖਾਂ ਦਾ ਸਨਮਾਨ ਹੈ।

ਡਾ. ਸਾਗਰਜੀਤ ਸਿੰਘ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਲੋਕ ਸਿੱਖਾਂ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਸਾਰੇ ਭਾਈਚਾਰੇ ਰਲ ਮਿਲ ਕੇ ਇਕੱਠੇ ਰਹਿੰਦੇ ਹਨ। ਉਨਾਂ ਦੱਸਿਆ ਕਿ ਪਾਕਿਸਤਾਨੀ ਸਿੱਖ ਮੈਡੀਕਲ, ਵਪਾਰ, ਰਾਜਨੀਤੀ, ਫੌਜ ਅਤੇ ਪੁਲਿਸ ਸਾਰੇ ਖੇਤਰਾਂ ਵਿਚ ਆਪਣਾ ਯੋਗਦਾਨ ਪਾ ਰਹੇ ਹਨ ਅਤੇ ਉਨਾਂ ਨੂੰ ਬਰਾਬਰ ਦੇ ਮੌਕੇ ਮਿਲਦੇ ਹਨ। ਉਹ ਆਪਣੇ ਆਪ ਨੂੰ ਕੌਮ ਦੇ ਦੂਤ ਸਮਝਦੇ ਹਨ।

# ਅਮਰੀਕਾ ਵਿੱਚ ਕਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 9 ਹੋਈ

## ਬਾਹਰੋਂ ਆਉਣ ਵਾਲੇ ਯਾਤਰੀਆਂ ਤੇ ਅੰਸ਼ਕ ਪਾਬੰਦੀ



**ਵਾਸ਼ਿਗਟਨ/ਹੁਸਨ ਲੜੋਆ ਬੰਗਾ** :ਅੱਜ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ 'ਤੇ ਕੁਝ ਪਾਬੰਦੀਆਂ ਦਾ ਐਲਾਨ ਕਰ ਦਿੱਤਾ, ਦੂਸਰੇ ਪਾਸੇ ਅਮਰੀਕਾ ਵਿੱਚ ਕਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 9 ਹੋ ਗਈ ਹੈ। ਉਪ-ਰਾਸ਼ਟਰਪਤੀ ਮਾਈਕ ਪੈਂਸ ਨੇ ਕਿਹਾ ਕਿ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਲਈ ਕੇਂਦਰ ਕੋਰੋਨਾਵਾਇਰਸ ਦੇ ਟੈਸਟ ਕਰਨ 'ਤੇ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ ਹਨ, ਅਤੇ ਉਨਾਂ ਲੋਕਾਂ ਲਈ ਫਾਸਟ ਟ੍ਰੈਕ ਟੈਸਟ ਕਰਨ ਲਈ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਹਨ, ਜਿਨਾਂ ਨੂੰ ਡਰ ਹੈ ਕਿ ਉਨਾਂ ਨੂੰ ਵਾਇਰਸ ਹੈ, ਭਾਵੇਂ ਉਨਾਂ ਤੇ ਹਲਕੇ ਲੱਛਣ ਵੀ ਦਿਸ ਰਹੇ ਹੋਣ। ਇਹ ਸਪੱਸ਼ਟ ਕੀਤਾ ਕਿ ਕਿਸੇ ਵੀ ਅਮਰੀਕੀ ਦਾ ਟੈਸਟ ਕੀਤਾ ਜਾ ਸਕਦਾ ਹੈ, ਡਾਕਟਰ ਦੇ ਆਦੇਸ਼ਾਂ ਦੇ ਅਧੀਨ ਕੋਈ ਪਾਬੰਦੀ ਨਹੀਂ ਹੋਵੇਗੀ। ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਦੇ ਮੁਖੀ, ਡਾ. ਸਟੀਫਨ ਹੈਨ ਨੇ ਕਿਹਾ ਕਿ ਇਸ ਹਫਤੇ ਦੇ ਅੰਤ ਤਕ, ਇਕ ਮਿਲੀਅਨ ਦੇ ਕਰੀਬ ਟੈਸਟ ਕੀਤੇ ਜਾ ਸਕਣਗੇ। ਉਨਾਂ ਕਿਹਾ ਕਿ ਇਕ ਮਿਲੀਅਨ ਟੈਸਟ ਕਿੱਟਾਂ ਉਪਲਬਧ ਸਨ, ਜਨਤਕ ਸਿਹਤ ਪ੍ਰਯੋਗਸ਼ਾਲਾਵਾਂ ਦਾ ਕਹਿਣਾ ਹੈ ਕਿ ਉਹ ਇਕ ਹਫ਼ਤੇ ਦੇ ਅੰਦਰ ਲਗਭਗ ਸਭ ਕੁਝ ਉੱਤੇ ਕੰਟਰੋਲ ਨਹੀਂ ਕਰ ਸਕਣਗੇ, ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਇਕ ਬੁਲਾਰੇ ਨੇ ਅੱਜ ਕਿਹਾ ਕਿ ਇਸ ਸਮੇਂ ਜਨਤਕ ਸਿਹਤ ਲੈਬਜ਼ ਰੋਜ਼ਾਨਾ 15,000 ਲੋਕਾਂ ਦੀ ਜਾਂਚ ਕਰ ਸਕਦੀ ਹੈ। ਵੈਟਰਨਜ਼ ਅਫੇਅਰਜ਼ ਵਿਭਾਗ ਨੇ ਮੰਗਲਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇੱਕ ਕਰੋਨਾ ਵਾਇਰਸ ਦਾ ਟੈਸਟ . ਪਾਲੋ ਆਲਟੋ, ਕੈਲੀਫੋਰਨੀਆ ਦੇ ਇੱਕ ਹਸਪਤਾਲ ਵਿੱਚ ਪਾਇਆ ਗਿਆ ਜੋ ਸਥਾਨਕ ਸਿਹਤ ਵਿਭਾਗ ਲਈ ਚਣੌਤੀ ਹੈ।

# ਵਰਲਡ ਸਿੱਖ ਪਾਰਲੀਮੈਂਟ ਵਲੋਂ ਦਿੱਲੀ ਵਿੱਚ ਘੱਟ ਗਿਣਤੀ ਭਾਰਤੀਆਂ ਉੱਪਰ ਹਮਲੇ ਦੀ ਸਖਤ ਨਿੰਦਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਵਰਲਡ ਸਿੱਖ ਪਾਰਲੀਮੈਂਟ ਨੇ ਦਿੱਲੀ ਵਿੱਚ ਘੱਟ ਗਿਣਤੀ ਭਾਰਤੀ ਮੁਸਲਮਾਨ ਭਾਈਚਾਰੇ ਉੱਪਰ ਵਹਿਸ਼ੀ ਹਿੰਦੂਤਵ ਦੇ ਨਸਲੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰਿਆਂ ਨੇ ਕਿਹਾ ਕਿ ਦਿੱਲੀ ਵਿੱਚ 35 ਸਾਲ ਪਹਿਲਾ 1984 ਵਿੱਚ ਹੋਈ ਸਿੱਖਾਂ ਦੀ ਨਸਲਕੁਸ਼ੀ ਵਾਲਾ ਮਹੌਲ ਪੈਦਾ ਕੀਤਾ ਜਾ ਰਿਹਾ ਹੈ ਅਤੇ ਇਸ ਵਾਰ ਮੁਸਲਮਾਨ ਭਾਈਚਾਰੇ ਦੀ ਨਸਲਕੁਸ਼ੀ ਦੇ ਅਸਾਰ ਨਜ਼ਰ ਆ ਰਹੇ ਹਨ ਅਤੇ ਨਰਿੰਦਰ ਮੋਦੀ 2002 ਦੇ ਗੁਜਰਾਤ ਵਿੱਚ ਹੋਏ ਮੁਸਲਮਾਨ ਭਾਈਚਾਰੇ ਦੀ ਨਸਲਕੁਸ਼ੀ ਨੂੰ ਹੂਬਹੂ ਦੁਹਰਾਅ ਰਿਹਾ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰਿਆਂ ਨੇ ਕਿਹਾ ਯੋਜਨਾਬੱਧ ਤਰੀਕੇ ਨਾਲ ਕੀਤੇ ਮਸਜਦਾਂ ਉੱਪਰ ਹਮਲੇ ਦੀ ਅਤੇ ਉਨਾਂ ਉਪਰ ਹਿੰਦੂਤਵਾ ਦੀ ਜਿੱਤ ਦੇ ਝੰਡੇ ਲਹਿਰਾਉਣ ਦੀ ਘਿਨਾਉਣੀ ਹਰਕਤ ਦੀ ਕਰੜੇ ਸ਼ਬਦਾਂ ਵਿੱਚ ਅਸੀਂ ਨਿੰਦਾ ਕਰਦੇ ਹਨ। ਧਾਰਮਿਕ ਸਥਾਨਾਂ ਦੀ ਬਰਬਾਦੀ ਕਰਨੀ ਇੱਕ ਘ੍ਰਿਣਾਯੋਗ ਕਾਰਾ ਹੈ। ਅਮਰੀਕਨ ਪਰਧਾਨ ਡਾਨਲਡ ਟਰੰਪ ਦੀ ਫੇਰੀ ਦੁਰਾਨ ਵੀ ਉਹੀ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਜੋ ਸਾਲ 2000 ਵਿੱਚ ਬਿੱਲ ਕਲਿੰਟਨ ਦੀ ਫੇਰੀ ਦੁਰਾਨ ਛੱਤੀ ਸਿੰਘਪੁਰਾ, ਕਸ਼ਮੀਰ ਵਿੱਚ 40 ਨਿਹੱਥੇ ਸਿੱਖਾਂ ਦਾ ਕਤਲੇਆਮ ਕਰਕੇ ਕੀਤੇ ਗਏ ਸਨ। ਇਸ ਘਟਨਾ ਬਾਰੇ ਬਿੱਲ ਕਲਿੰਟਨ ਆਪਣੀ ਪੁਸਤਕ 'ਮਾਈ ਲਾਈਫ' ਦੇ ਵਿਚ ਜ਼ਿਕਰ ਕਰ ਚੁੱਕੇ ਹਨ ਕਿ ਮੇਰੀ ਫੇਰੀ ਦੌਰਾਨ ਇਹ ਕਾਰਾ ਭਾਰਤੀ ਏਜੰਸੀਆਂ ਨੇ ਕੀਤਾ ਹੀ ਸੀ।

ਬਾਕੀ ਸਫ਼ਾ 31 'ਤੇ

# ਸਤਪਾਲ ਸਿੰਘ ਮੁਹਾਰ ਰੂਪੋਵਾਲੀ ਨਹੀਂ ਰਹੇ, ਅੰਤਿਮ ਸੰਸਕਾਰ 8 ਮਾਰਚ ਨੂੰ

ਮੋਨਟਾਨਾ : ਸਾਡੇ ਹਰਮਨ ਪਿਆਰੇ ਸਤਪਾਲ ਸਿੰਘ ਮੁਹਾਰ 26 ਫਰਵਰੀ ਨੂ ਤਕਰੀਬਨ ਸ਼ਾਮ 8:15, ਵਜੇ ਗਰੇਟ ਫਾਲਸ, ਮੋਨਟਾਨਾ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ । ਪੀਏਯੂ ਦੇ ਸਾਬਕਾ ਕੋਆਰਡੀਨੇਟਰ ਰਿਸਰਚ ਇੰਜੀਨਿਅਰ ਡਾ. ਚਰਨਜੀਤ ਸਿੰਘ ਪੰਨੂੰ ਨੇ ਸਤਪਾਲ ਸਿੰਘ ਮੁਹਾਰ ਦੀ ਮੌਤ ਬਾਰੇ ਸ਼ੋਕ ਪ੍ਰਗਟ ਕਰਦਿਆਂ ਦੱਸਿਆ ਕਿ ਸ. ਮੁਹਾਰ ਦਾ ਜਨਮ 15 ਸਤੰਬਰ 1936 ਨੂੰ ਪਿੰਡ ਤਲਵੰਡੀ ਭਰਥਵਾਲ ਨੇੜੇ ਅਲੀਵਾਲ, ਜ਼ਿਲਾ ਗੁਰਦਾਸਪੁਰ ਵਿੱਚ ਹੋਇਆ ।ਉਹਨਾਂ ਨੇ ਅਪੱਣੀ ਮੁਢਲੀ ਸਿੱਖੀਆ ਪਿੰਡ ਦੇ ਸਕੂਲ ਵਿਚੋਂ ਹਾਸਲ ਕੀਤੀ । ਸੰਨ 1955 ਵਿੱਚ ਬੀਰਿੰਗ ਕਾਲਜ ਬਟਾਲਾ ਤੋਂ ਪੜ੍ਹਾਈ ਕੀਤੀ । ਉਹ ਬੜੇ ਮਿਹਨਤੀ, ਸਿਰੜੀ, ਠਹਿਰੇ ਸੁਭਾਅ ਵਾਲੇ ਇਨਸਾਨ ਸਨ । ਖੇਤੀ-ਬਾੜੀ ਦੇ ਕੰਮਾਂ ਦੇ ਮਾਹਿਰ, ਖੇਤੀ ਮਸ਼ੀਨਰੀ ਚਲਾਉਣ ਵਿੱਚ ਅਕਸਪਰਟ ਅਤੇ ਇਹਨਾਂ ਕੰਮਾਂ ਵਿੱਚ ਹਰੇਕ ਰਿਸ਼ਤੇਦਾਰ ਦੇ ਮਦੱਦਗਾਰ ਰਹੇ । ਹਮੇਸ਼ਾਂ ਲੋੜਵੰਦਾਂ ਦੀ ਮੱਦਦ ਲਈ ਤਿੱਆਰ, ਸਮਾਜਿਕ ਨਿਆਂ ਦੇ ਹਿਮਾਇਤੀ ਹੋਣ ਕਰਕੇ ਇਹਨਾਂ ਘਰ 30-35 ਸਾਲ ਸਰਪੰਚੀ ਰਹੀ । ਇਸ ਕਰਕੇ ਇਹਨਾਂ ਦੇ ਭਰਾ ਸ. ਹਰਜੀਤ ਸਿੰਘ ਮੁਹਾਰ ਲੰਮੇ ਸਮੇ ਤਕ ਪਿੰਡ ਰੂਪੋਵਾਲੀ ਦੇ ਸਰਪੰਚ ਰਹੇ । ਸੰਨ 1960 ਵਿੱਚ ਉਹਨਾਂ ਦਾ ਵਿਆਹ ਜਗਦੇਵ ਖੁਰਦ ਜ਼ਿਲਾ ਅੰਮ੍ਰਿਤਸਰ ਦੇ ਗਿਲ ਪਰਿਵਾਰ ਦੀ ਧੀ ਗੁਰਸ਼ਰਨ ਕੌਰ ਨਾਲ ਹੋਇਆ । ਵਿਆਹ ਤੋਂ ਛੇਤੀ ਮਗਰੋਂ ਹੀ ਗੁਰਸ਼ਰਨ ਕੌਰ ਦੇ ਵੱਡੇ ਭਰਾ ਡਾ. ਗੁਰਮੁਖ ਸਿੰਘ ਗਿੱਲ ਪੀ ਐਚ ਡੀ ਕਰਨ ਵਾਸਤੇ ਯੂਸੀ ਬਰਕਲੇ ਆ ਗਏ ਸਨ । ਜੋ ਕੀ ਕੁਝ ਸਮਾਂ ਪਹਿਲਾਂ ਯੂ ਐਸ ਡੀ ਏ ਵਿੱਚ ਆਰਥਿਕ ਮਾਹਰ ਵਜੋਂ ਸੇਵਾ ਪੂਰੀ ਕਰਕੇ ਰਿਟਾਇਰ ਹੋਏ ਹਨ ।

ਬਾਕੀ ਸਫ਼ਾ 31 'ਤੇ




# ਸਿੱਖ ਕੌਂਸਲ ਵੱਲੋਂ 14 ਮਾਰਚ ਨੂੰ ਵਿਸ਼ੇਸ਼ ਸੈਮੀਨਾਰ

## ਵੱਖ-ਵੱਖ ਧਰਮਾਂ ਦੇ ਬੁਲਾਰੇ ਸਿੱਖੀ ਬਾਰੇ ਦੇਣਗੇ ਭਾਸ਼ਣ






ਫਰਿਜ਼ਨੋ (ਕੁਲਵੰਤ ਧਾਲੀਆ/ਨੀਟਾ ਮਾਛੀਕੇ): ਸੈਂਟਰਲ ਕੈਲੀਫੋਰਨੀਆ ਦੇ ਸਮੂਹ ਗੁਰੂ ਘਰਾਂ ਦੀ ਸਾਂਝੀ ਕਮੇਟੀ 'ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ' ਵੱਲੋਂ 14 ਮਾਰਚ, ਦਿਨ ਸ਼ਨੀਵਾਰ ਸਵੇਰੇ 10:30 ਤੋਂ ਸ਼ਾਮ 3:30 ਤੱਕ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦੇ 'ਸੈਟਲਾਈਟ ਸਟੂਡੈਂਟ ਯੂਨੀਅਨ ਹਾਲ' **BDHE E San Ramon,** 31 ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜੋ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਨੂੰ ਸਮਰਪਿਤ ਹੋਵੇਗਾ। ਇਸ ਸੈਮੀਨਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਧਾਂਤਾਂ ਬਾਰੇ ਪ੍ਰਮੁੱਖ ਚਾਰ ਫ਼ਿਲਾਸਫ਼ਰ ਆਪਣੀ ਖੋਜ ਦੇ ਅਧਾਰਤ ਵਿਚਾਰ ਪੇਸ਼ ਕਰਨਗੇ। ਇਸ ਸੈਮੀਨਾਰ ਦਾ ਮੰਤਵ ਧਰਮ ਤੋਂ ਦੂਰ ਹੋ ਰਹੇ ਸਾਡੇ ਬੱਚਿਆਂ ਨੂੰ ਧਾਰਮਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣ, ਗ਼ੈਰ ਸਿੱਖ ਵੱਖ-ਵੱਖ ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਨੂੰ ਸਿੱਖ ਇਤਿਹਾਸ ਅਤੇ ਗੁਰਸਿੱਖੀ ਤੋਂ ਜਾਣੂ ਕਰਵਾਉਣਾ ਹੈ। ਇਸ ਕਰਕੇ ਇਹ ਸਾਰਾ ਸੈਮੀਨਾਰ ਅੰਗਰੇਜ਼ੀ ਭਾਸ਼ਾ ਵਿੱਚ ਹੋਵੇਗਾ। ਇਸ ਵਿੱਚ ਪਹੁੰਚ ਰਹੇ ਪ੍ਰਮੁੱਖ ਚਾਰ ਬੁਲਾਰੇ ਡਾ. ਇਕਤਿਆਰ ਚੀਮਾ, ਪ੍ਰੋ. ਬਲਵੰਤ ਸਿੰਘ ਢਿੱਲੋਂ, ਡਾ. ਪ੍ਰਿਆ ਲਾਲ ਗਰਗ ਅਤੇ ਡਾ. ਸ੍ਰੀਮਤੀ ਮਨੀਸਾ ਬੰਗੜ ਹੋਣਗੇ। ਇਸ ਤੋਂ ਇਲਾਵਾ ਹੋਰ ਬੁਲਾਰੇ ਵੀ ਸਿੱਖ ਧਰਮ ਪ੍ਰਤੀ ਜਾਣਕਾਰੀ ਭਰਪੂਰ ਵਿਚਾਰਾਂ ਦੀ ਸਾਂਝ ਪਾਉਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਇਲਾਕੇ ਦੇ ਸਿਟੀ ਕੌਂਸਲ ਮੈਂਬਰ ਕਮੇਟੀਆਂ, ਬਹੁਤ ਸਾਰੇ ਵੱਖ-ਵੱਖ ਧਰਮਾਂ ਦੇ ਅਤੇ ਭਾਈਚਾਰਿਆਂ ਦੇ ਲੋਕ ਹਾਜ਼ਰ ਹੋਣਗੇ। ਜਿਨਾਂ ਨੂੰ ਸਿੱਖ ਧਰਮ ਦੀ ਪਹਿਚਾਣ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਇਆ ਜਾਵੇਗਾ। ਸਮੁੱਚਾ ਪ੍ਰੋਗਰਾਮ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਅਤੇ ਸਿਧਾਂਤਾਂ 'ਤੇ ਅਧਾਰਤ ਹੋਵੇਗਾ। ਇਸ ਸੈਮੀਨਾਰ ਸਬੰਧੀ ਵਧੇਰੇ ਜਾਣਕਾਰੀ ਸੁਖਦੇਵ ਸਿੰਘ ਚੀਮਾ ਨਾਲ ਫ਼ੋਨ ਨੰਬਰ (559) 300-0711 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਵੱਲੋਂ ਸਮੁੱਚੇ ਪੰਜਾਬੀ ਅਤੇ ਅਮਰੀਕਨ ਭਾਈਚਾਰੇ ਨੂੰ ਸੈਮੀਨਾਰ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

# ਐਸਮੇਰਲਡਾ ਸੋਰੀਆ ਆਪਣੀ ਚੋਣ ਮੁਹਿੰਮ ਦੌਰਾਨ ਹੋਈ ਪੰਜਾਬੀ ਭਾਈਚਾਰੇ ਦੇ ਰੂਬਰੂ



ਸੈਲਮਾ : ਕੁਲਵੰਤ ਧਾਲੀਆ/ਨੀਟਾ ਮਾਛੀਕੇ : ਐਸਮੇਰਲਡਾ ਸੋਰੀਆ ਜੋ ਫਰਿਜ਼ਨੋ ਸਿਟੀ ਦੀ ਕੌਂਸਲ ਮੈਂਬਰ ਵੀ ਹੈ ਉਸ ਨੇ ਹਮੇਸ਼ਾ ਸਾਡੇ ਸਮੁੱਚੇ ਭਾਈਚਾਰੇ ਦਾ ਸਮਰਥਨ ਅਤੇ ਵਿਸ਼ਵਾਸ ਪ੍ਰਾਪਤ ਕੀਤਾ ਹੈ। ਉਹ ਆਪਣੇ ਕੰਮਾਂ ਰਾਹੀਂ ਚੰਗੇ ਨਤੀਜੇ ਦਿੰਦੀ ਹੈ। ਉਸ ਨੇ ਸਾਡੇ ਸ਼ਹਿਰ ਦੇ ਉਨਾਂ ਖੇਤਰਾਂ ਵਿੱਚ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਜਿਨਾਂ ਨੂੰ ਲੰਬੇ ਸਮੇਂ ਤੋਂ ਅਣਗੌਲਿਆ ਕੀਤਾ ਗਿਆ ਸੀ। ਉਹ ਹਮੇਸ਼ਾ ਸਾਡੇ ਵਿਦਿਆਰਥੀਆਂ, ਦੋਸਤਾਂ ਅਤੇ ਪਰਿਵਾਰਾਂ ਲਈ ਖੜਦੀ ਹੈ। ਉਹ ਵਾਅਦਾ ਕਰਦੀ ਹੈ ਕਿ ਸਭ ਲਈ ਮੈਡੀਕਲ ਸਹੂਲਤਾਂ, ਸਭ ਬੱਚਿਆਂ ਲਈ ਪਹੁੰਚ ਅੰਦਰ ਅਤੇ ਘੱਟ ਫੀਸਾਂ 'ਤੇ ਪੜਾਈ, ਸਾਫ ਸੁਥਰੀ ਹਵਾ ਅਤੇ ਪਾਣੀ ਤੋਂ ਇਲਾਵਾ ਬੇਲੋੜੇ ਕਾਰਪੋਰੇਟ ਖਰਚਿਆਂ ਨੂੰ ਖਤਮ ਕਰਨ ਵਿੱਚ ਸੈਂਟਰਲ ਵੈਲੀ ਦੀ ਅਵਾਜ਼ ਬਣੇਗੀ। ਇਸ ਤੋਂ ਪਹਿਲਾਂ ਵੀ ਉਹ ਹਮੇਸ਼ਾ ਆਪਣੇ ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਨਾਲ ਖੜੀ ਹੈ। ਉਸ ਨੇ ਫਰਿਜ਼ਨੋ ਸਿਟੀ ਵੱਲੋਂ 1984 ਦੇ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਦਾ ਮਤਾ ਪਾਸ ਕਰਨ ਵਿੱਚ ਮਦਦ ਕੀਤੀ ਸੀ। ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ 'ਸੈਂਟਰਲ ਵੈਲੀ' ਦੇ ਇਲਾਕੇ ਵਿਚ ਵਧੇਰੇ ਰੁਜ਼ਗਾਰ, ਇਲਾਕੇ ਦੀ ਖ਼ੁਸ਼ਹਾਲੀ ਲਈ ਸਰੋਤ ਲਿਆਏਗੀ। ਇਸ ਕਰਕੇ ਸਭ ਨੂੰ ਕਾਂਗਰਸ ਲਈ ਐਸਮੇਰਲਡਾ ਸੋਰੀਆ ਦਾ 3 ਮਾਰਚ 2020, ਦਿਨ ਮੰਗਲਵਾਰ ਨੂੰ ਆਪਣੀ ਵੋਟ ਦੇ ਕੇ ਸਮਰਥਨ ਕਰਨਾ ਚਾਹੀਦਾ ਹੈ।

# ਗੁਰੂ ਰਵਿਦਾਸ ਜੀ ਦਾ 643ਵਾਂ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ

**ਫਰਿਜ਼ਨ/ਕੁਲਵੰਤਧਾਲੀਆ/ਨੀਟਾ ਮਾਛੀਕ:** ਸਮੁੱਚੇ ਭਾਰਤ ਦੀ ਸੰਸਕ੍ਰਿਤੀ ਅੰਦਰ ਮਿਹਨਤੀਆਂ ਦੇ ਮਸੀਹਾਂ ਅਤੇ ਗੁਲਾਮ ਸਾਮਰਾਜ ਵਿਰੁੱਧ ਆਵਾਜ਼ ਉਠਾਉਣ ਵਾਲੇ ਕ੍ਰਾਂਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਚੈਰੀ ਐਵਨਿਊ, ਫਰਿਜ਼ਨੋ ਵਿਖੇ ਮਨਾਇਆ ਗਿਆ। ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ। ਜਿਸ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਅਤੇ ਕੀਰਤਨੀ ਜੱਥੇ ਤੋਂ ਇਲਾਵਾ, ਬੱਚਿਆਂ ਵੱਲੋਂ ਅਮਨਜੋਤ ਸਿੰਘ ਅਤੇ ਇੰਦਰਜੀਤ ਸਿੰਘ ਮਾਛੀਵਾੜੇ ਦੇ ਜੱਥੇ ਤੋਂ ਇਲਾਵਾ ਬਹੁਤ ਸਾਰੇ ਕੀਰਤਨੀ ਜੱਥਿਆਂ ਨੇ ਗੁਰਮਤਿ ਵਿਚਾਰਾਂ ਅਤੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਦੌਰਾਨ ਸਮੁੱਚੇ ਅਮਰੀਕਾ ਤੋਂ ਪਹੁੰਚੇ ਵੱਖ-ਵੱਖ ਗੁਰੂਘਰਾਂ ਦੇ ਪ੍ਰਤੀਨਿਧੀਆਂ ਨੇ ਸਟੇਜ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾਂ ਦੀ ਸਾਂਝ ਪਾਈ। ਗੁਰੂਘਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਬਾਹਰਲੇ ਗੁਰੂਘਰਾਂ ਤੋਂ ਆਏ ਬੁਲਾਰੇ ਅਤੇ ਸਥਾਨਕ ਸੇਵਾਦਾਰਾਂ ਨੂੰ ਧਾਰਮਿਕ ਅਤੇ ਭਾਈਚਾਰਕ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਤਿੰਨੇ ਦਿਨ ਸ਼ਾਮ ਦੇ ਦੀਵਾਨ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ। ਗੁਰੂਘਰ ਵਿੱਚ ਲੱਗੇ ਵੱਖ-ਵੱਖ ਸਟਾਲ ਅਤੇ ਦੁਕਾਨਾਂ ਮੇਲੇ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਇਸ ਸਮੇਂ ਖ਼ੂਨਦਾਨ ਅਤੇ ਮੈਡੀਕਲ ਚੈੱਕਅੱਪ ਕੈਂਪ ਵੀ ਲਾਇਆ ਗਿਆ ਸੀ। ਸਮੁੱਚੇ ਤੌਰ 'ਤੇ ਇਹ ਸਮਾਗਮ ਦੀ ਹਮੇਸ਼ਾ ਵਾਂਗ ਇਹ ਵਿਸ਼ੇਸ਼ ਮਹਾਨਤਾ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਇਸ ਨੂੰ ਬਹੁਤ ਹੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਇਆ ਗਿਆ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬ ਪੁਲਿਸ ਦਾ ਕੰਟਰੋਲ ਅਮਿਤ ਸ਼ਾਹ ਨੂੰ ਸੌਂਪ ਦਿੱਤਾ

ਚੰਡੀਗੜ੍ਹ: ਕਰਤਾਰਪੁਰ ਦੇ ਦਰਸ਼ਨ ਕਰਕੇ ਆਏ ਸਿੱਖ ਸ਼ਰਧਾਲੂਆਂ ਦੀ ਕੇਂਦਰੀ ਖੁਫੀਆ ਏਜੰਸੀ ਆਈ. ਬੀ. ਦੇ ਕਿਸੇ ਛੋਟੇ ਅਫਸਰ ਦੇ ਇਸ਼ਾਰੇ ਉਤੇ ਪੰਜਾਬ ਪੁਲਿਸ ਵੱਲੋਂ ਪੁੱਛ-ਪੜਤਾਲ ਕਰਨ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਸੈਂਬਲੀ ਦੇ ਫਲੋਰ ਉਤੇ ਸਹੀ/ਜਾਇਜ਼ ਠਹਿਰਾਇਆ ਹੈ। ਇਸ ਨਾਲ ਇਹ ਵੀ ਐਲਾਨ ਕੀਤਾ ਹੈ ਕਿ ਭਵਿੱਖ ਵਿਚ ਅਜੇਹਾ ਹੀ ਕੀਤਾ ਜਾਵੇਗਾ, ਜਿਸ ਦਾ ਸਿੱਧਾ ਅਰਥ ਇਹ ਨਿਕਲਦਾ ਹੈ ਕਿ ਪੰਜਾਬ ਦਾ ਪੁਲਿਸ ਬੰਦੋਬਸਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪ ਦਿੱਤਾ ਗਿਆ ਹੈ।

ਕੈਪਟਨ ਵੱਲੋਂ ਲਈ ਅਜੇਹੀ ਸਿੱਖ ਧਰਮ ਵਿਰੋਧੀ ਪੁਜ਼ੀਸ਼ਨ ਸਿੱਖਾਂ ਨੂੰ ਦੋ ਨੰਬਰ ਦੇ ਸ਼ੱਕੀ ਸ਼ਹਿਰੀ ਬਣਾ ਕੇ ਰੱਖਣ ਦੀ ਪ੍ਰਕਿਰਿਆ ਹੈ, ਜਿਸ ਦੀ ਸਿੱਖ ਵਿਚਾਰ ਮੰਚ ਚੰਡੀਗੜ੍ਹ ਭਰਪੂਰ ਨਿਖੇਧੀ ਕਰਦਾ ਹੈ। ਸਿੱਖ ਮੰਚ ਮੁੱਖ ਮੰਤਰੀ ਨੂੰ ਯਾਦ ਦਿਵਾਉਣਾ ਚਾਹੁੰਦਾ ਹੈ ਕਿ ਲਾਅ ਐਂਡ ਆਰਡਰ ਤੇ ਪੁਲਿਸ ਉਤੇ ਸਿਰਫ ਸੂਬੇ ਦੀ ਸਰਕਾਰ ਦਾ ਅਧਿਕਾਰ ਹੈ ਅਤੇ ਅਮਿਤ ਸ਼ਾਹ ਦੀ ਅਗਵਾਈ ਥੱਲੇ ਹਿੰਦੂ ਰਾਸ਼ਟਰਵਾਦ ਦੇ ਏਜੰਡੇ ਉਤੇ ਕੰਮ ਕਰ ਰਹੀ ਆਈ. ਬੀ. ਜਾਸੂਸੀ ਏਜੰਸੀ ਤਾਂ ਹਰ ਸਿੱਖ ਨੂੰ ਮੁਸਲਮਾਨ ਅਤੇ ਪਾਕਿਸਤਾਨ ਵਿਰੋਧੀ ਰੰਗ ਵਿਚ ਰੰਗਣਾ ਚਾਹੁੰਦੀ ਹੈ। ਸਿੱਖ ਅੱਤਵਾਦ ਅਤੇ ਪੰਜਾਬ ਦਾ ਨਾਜ਼ੁਕ ਬਾਰਡਰ ਏਰੀਆ ਹੋਣ ਵਰਗੀਆਂ ਦਲੀਲਬਾਜ਼ੀਆਂ ਨਾਲ ਮੁੱਖ ਮੰਤਰੀ ਸਿੱਖ ਅਕਲੀਅਤ ਨੂੰ ਦੇਸ਼ ਵਿਰੋਧੀ ਤੇ ਵੱਖਵਾਦੀ ਪੇਸ਼ ਕਰਕੇ ਬਹੁਗਿਣਤੀ ਸਮਾਜ ਅੰਦਰ ਉਨਾਂ (ਸਿੱਖ ਭਾਈਚਾਰੇ) ਵਿਰੁੱਧ ਨਫਰਤ ਭਰੀ ਰੱਖਣ ਦਾ ਕਾਰਜ ਕਰ ਰਿਹਾ ਹੈ।

ਹੈਰਤ ਇਸ ਗੱਲ ਦੀ ਹੈ ਕਿ ਪਿਛਲੇ ਹਫਤੇ ਹੀ ਪੰਜਾਬ ਦੇ ਡੀ ਜੀ ਪੀ ਦਿਨਕਰ ਗੁਪਤਾ ਵੱਲੋਂ ਦਿੱਤੇ ਬਿਆਨ ਕਿ "ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਗਿਆ ਸ਼ਰਧਾਲੂ ਬੰਬ ਤਿਆਰ ਕਰਨ ਦਾ ਮਾਹਿਰ ਬਣ ਕੇ ਸ਼ਾਮ ਨੂੰ ਵਾਪਸ ਆ ਸਕਦਾ ਹੈ" ਨੂੰ ਮੁੱਖ ਮੰਤਰੀ ਨੇ ਖੁਦ ਗਲਤ ਪੇਸ਼ਕਾਰੀ ਕਿਹਾ ਸੀ।

ਅਸਲ ਵਿਚ 70 ਸਾਲਾਂ ਪਿਛੋਂ ਸਿੱਖ ਸ਼ਰਧਾਲੂਆਂ ਲਈ ਅੰਤਰਰਾਸ਼ਟਰੀ ਮਜ਼ਬੂਰੀ ਵਸ ਕਰਤਾਰਪੁਰ ਸਾਹਿਬ ਲਾਂਘੇ ਨੂੰ ਭਾਰਤ ਸਰਕਾਰ ਅਤੇ ਉਸ ਦੇ ਇਸ਼ਾਰਿਆਂ ਉਤੇ ਨੱਚਦਾ ਮੁੱਖ ਮੰਤਰੀ ਸਿੱਖ ਅੱਤਵਾਦ ਦਾ ਬਹਾਨਾ ਲਾ ਕੇ ਬੰਦ ਕਰਨਾ ਚਾਹੁੰਦੇ ਹਨ। ਉਨਾਂ ਦੀ ਹਰ ਸੰਭਵ ਕੋਸ਼ਿਸ਼ ਹੈ ਕਿ ਸਿੱਖਾਂ ਨੂੰ ਪੁਲਿਸ ਪੜਤਾਲ ਤੇ ਹੋਰ ਹਥਕੰਡੇ ਵਰਤ ਕੇ ਕਰਤਾਰਪੁਰ ਸਾਹਿਬ ਵਿਚ ਨਤਮਸਤਕ ਹੋਣ ਤੋਂ ਵਰਜਿਆ ਜਾਵੇ ਅਤੇ ਡਰਾਇਆ ਜਾਵੇ। ਇਸ ਤੋਂ ਵੀ ਵੱਧ ਸਿੱਖ ਸ਼ਰਧਾਲੂਆਂ ਨੂੰ ਭੇਟਾ ਸਮੱਗਰੀ ਨਹੀਂ ਲਿਜਾਣ ਦਿੱਤੀ ਜਾਂਦੀ ਅਤੇ ਦਰਸ਼ਨਾਂ ਤੋਂ ਵਾਪਸ ਆਉਂਦਿਆਂ ਦਾ ਪ੍ਰਸ਼ਾਦ ਖੋਜੀ ਕੁੱਤਿਆਂ ਤੋਂ ਸੁੰਘਇਆ ਜਾਂਦਾ ਹੈ। ਜਾਣ-ਬੁੱਝ ਕੇ ਖੜੇ ਕੀਤੇ ਅੜਿੱਕਿਆਂ ਕਰਕੇ ਪਿਛਲੇ ਚਾਰ ਮਹੀਨਿਆਂ ਵਿਚ ਸਿਰਫ 50,000 ਸ਼ਰਧਾਲੂ ਹੀ ਕਰਤਾਰਪੁਰ ਸਾਹਿਬ ਜਾ ਸਕੇ ਹਨ, ਜਦੋਂ ਕਿ ਪੰਜ ਹਜ਼ਾਰ ਸ਼ਰਧਾਲੂਆਂ ਦੇ ਰੋਜ਼ਾਨਾ ਪਹੁੰਚਣ ਦੀ ਇਜ਼ਾਜ਼ਤ ਹੈ।

ਯਾਦ ਰਹੇ, ਕਰਤਾਰਪੁਰ ਸਾਹਿਬ ਸਿੱਖੀ ਦਾ ਧੁਰਾ ਹੈ, ਜਿਥੇ ਉਦਾਸੀਆਂ ਤੋਂ ਬਾਅਦ, ਬਾਬਾ ਨਾਨਕ ਜੀ ਅੰਤਮ 18 ਸਾਲ ਰਹੇ ਅਤੇ ਸੰਗਤ-ਪੰਗਤ ਲੰਗਰ ਰੂਹਾਨੀ ਬਿਨਾ ਉਤੇ ਗੁਰਗੱਦੀ ਦੇਣਾ ਉੱਚ ਪਾਏ ਦੇ ਸੰਤਾਂ ਦੀ ਬਾਣੀ ਇਕੱਠੀ ਕਰਨ, ਖੇਤੀ ਕਰਕੇ ਹੱਥੀਂ ਕਾਰ ਦੀ ਮਹੱਤਤਾ ਨੂੰ ਉਚਿਆਉਣਾ ਅਤੇ ਗੁਰਮੁਖੀ ਲਿਖੀ ਤੇ ਪੰਜਾਬੀ ਬੋਲੀ ਨੂੰ ਉੱਚ ਧਾਰਮਿਕ ਦਰਜਾ ਦੇਣ ਦੇ ਮਹਾਨ ਕਾਰਜ ਕੀਤੇ ਸਨ।

ਇਹ ਸਾਂਝਾ ਬਿਆਨ ਗੁਰਤੇਜ ਸਿੰਘ ਆਈ ਏ ਐਸ, ਪ੍ਰੋ. ਮਨਜੀਤ ਸਿੰਘ, ਰਾਜਿੰਦਰ ਸਿੰਘ ਖਾਲਸਾ ਪੰਚਾਇਤ, ਪੱਤਰਕਾਰ ਕਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ, ਗੁਰਬਚਨ ਸਿੰਘ ਜਲੰਧਰ ਅਤੇ ਨਰਾਇਣ ਸਿੰਘ ਨੇ ਦਿੱਤਾ।

# ਪੰਜਾਬ 'ਚ ਮੈਡੀਕਲ ਕੈਂਪ ਦੌਰਾਨ 5 ਲੱਖ ਡਾਲਰ ਦੀਆਂ ਦਵਾਈਆਂ ਦੀ ਸੇਵਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਅਮਰੀਕਾ ਦੇ ਮਾਹਰ ਡਾਕਟਰ ਪੰਜਾਬ ਦੇ ਡਾਕਟਰਾਂ ਦੇ ਸਹਿਯੋਗ ਨਾਲ ਪੰਜਾਬ ਵਿਚ ਵੱਖ ਵੱਖ ਥਾਵਾਂ 'ਤੇ ਕੈਂਪ ਲਗਾ ਕੇ ਚੈਕਅਪ ਕਰਨਗੇ ਅਤੇ 5 ਲੱਖ ਡਾਲਰ (3 ਕਰੋੜ 50 ਲੱਖ ਰੁਪਏ) ਦੀਆਂ ਦਵਾਈਆਂ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦੇ ਕੇ ਸੇਵਾ ਕਰਨਗੇ। ਪੱਖੋਕੇ ਤੋਂ ਅਮਰੀਕਾ ਵਸੇ ਜਸਵਿੰਦਰ ਸਿੰਘ ਦੇ ਹੋਣਹਾਰ ਪੁੱਤਰ ਡਾ. ਸਵੈਮਾਨ ਸਿੰਘ ਐਮ.ਡੀ. (ਕਾਰਡੀਆਲੋਜੀ) ਨੇ ਦੱਸਿਆ ਕਿ ਪੰਜਾਬ ਵਿਚ 13 ਮਾਰਚ ਤੋਂ 28 ਮਾਰਚ ਤੱਕ 28 ਅਮਰੀਕਨ ਡਾਕਟਰ ਪੰਜਾਬ ਦੇ ਡਾਕਟਰਾਂ ਦੀ ਮਦਦ ਨਾਲ 13 ਮਾਰਚ ਨੂੰ ਚੌਕੀਮਾਨ (ਲੁਧਿਆਣਾ), 14 ਮਾਰਚ ਢੇਸੀਆਂ ਕਾਹਨਾਂ (ਜਲੰਧਰ), 15 ਮਾਰਚ ਨੂੰ ਚੱਠੇ ਸੇਖਵਾਂ (ਸੰਗਰੂਰ), 16 ਮਾਰਚ ਨੂੰ ਕਰਤਾਰਰ (ਜਲੰਧਰ), 17 ਮਾਰਚ ਨੂੰ ਕੋਟਲੀ ਆਰੀਆ (ਆਦਮਪੁਰ) ਅਤੇ 18 ਮਾਰਚ ਅੱਠਾਂ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਖਡੂਰ ਸਾਹਿਬ ਬਾਬਾ ਸੇਵਾ ਸਿੰਘ ਜੀ ਦੀ ਰਹਿਨੁਮਾਈ ਹੇਠ, 19 ਮਾਰਚ ਕੰਗ (ਗੁਰਦਾਸਪੁਰ), 20 ਮਾਰਚ ਸ਼ਿਕਾਰ ਮਸੀਆਂ (ਡੇਰਾ ਬਾਬਾ ਨਾਨਕ) ਤੇ 21 ਮਾਰਚ ਨੂੰ ਸੁਰ ਸਿੰਘ ਸੱਚਖੰਡ ਵਾਸੀ ਬਾਬਾ ਸੋਹਣ ਸਿੰਘ ਜੀ ਦੀ ਬਰਸੀ 'ਤੇ, 22 ਮਾਰਚ ਨੂੰ ਸੁਲਤਾਨਪੁਰ ਲੋਧੀ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਦੇਖ ਰੇਖ ਹੇਠ, 23 ਮਾਰਚ ਪੱਖੋਵਾਲ (ਲੁਧਿਆਣਾ), ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਯਾਦ ਵਿਚ, 24 ਮਾਰਚ ਨੂੰ ਬਧੂਵਾਲ (ਮੋਗਾ), 25 ਮਾਰਚ ਨੂੰ ਤਰਨ ਤਾਰਨ, 26 ਮਾਰਚ ਨੂੰ ਪਲਾਸੌਰ (ਤਰਨ ਤਾਰਨ), 27 ਮਾਰਚ ਨੂੰ ਸਿੱਖਾਂ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੀ ਯਾਦ ਵਿਚ ਸਰਹਾਲੀ (ਤਰਨ ਤਾਰਨ) ਅਤੇ 28 ਮਾਰਚ ਨੂੰ ਕੋਟ (ਤਰਨ ਤਾਰਨ) ਵਿਖੇ ਮੈਡੀਕਲ ਕੈਂਪ ਲਗਾ ਕੇ ਚੈਕਅਪ ਕਰਕੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦੇ ਕੇ ਮੁਫ਼ਤ ਸੇਵਾ ਕਰਨਗੇ। ਡਾ. ਸਵੈਮਾਨ ਸਿੰਘ ਕੋਆਰਡੀਨੇਟਰ ਨੇ ਦੱਸਿਆ ਕਿ ਬੱਚਿਆਂ, ਨੌਜਾਵਲਾਂ



ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਰੀਰਕ ਫਿਟਨਸ ਲਈ ਬੱਚਿਆਂ ਦੇ ਖੇਡ ਕੈਂਪ ਖਡੂਰ ਸਾਹਿਬ 14 ਤੋਂ 18 ਮਾਰਚ ਅਤੇ ਸੁਰ ਸਿੰਘ 19 ਤੋਂ 22 ਮਾਰਚ ਖੇਡਾਂ ਤੇ ਪੰਜਾਬੀ ਵਿਰਸੇ ਨਾਲ ਜੁੜਨ ਲਈ ਸਿੱਖਿਅਤ ਤੇ ਪ੍ਰੇਰਿਤ ਕੀਤਾ ਜਾਵੇਗਾ।

## Classified

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 27 ਸਾਲ, 5'8", ਸੋਹਣਾ-ਸੁਨੱਖਾ, ਨਸ਼ਿਆਂ ਤੋਂ ਰਹਿਤ, ਦੰਦਾਂ ਦਾ ਡਾਕਟਰ (B.D.S. From India) ਵਿਜ਼ਿਟਰ ਵੀਜ਼ੇ ਤੇ ਮਾਤਾ ਪਿਤਾ ਅਤੇ ਭੈਣ ਕੋਲ ਅਮਰੀਕਾ, ਕੈਲੀਫੋਰਨੀਆ ਆਏ ਹੋਏ ਲਈ ਅਮਰੀਕਨ ਸਿਟੀਜ਼ਨ ਪੜੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਦੰਦਾਂ ਦੇ ਹਸਪਤਾਲ ਵਿਚ Asst. Dental Doctor ਦੀ Temp Job ਕਰ ਰਿਹਾ ਹੈ। ਜਾਣਕਾਰੀ ਲਈ 510-648-9988 ਤੇ ਸੰਪਰਕ ਕਰੋ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



Sir Speedy® Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਭਗਤ ਸਿੰਘ ਵੱਲੋਂ ਬੱਬਰ ਅਕਾਲੀ ਸ਼ਹੀਦਾਂ ਨੂੰ ਸ਼ਰਧਾਂਜਲੀ

**- ਗੁਰਦੇਵ ਸਿੰਘ**

ਪੰਜਾਬ ਦੀ ਅੰਗਰੇਜ਼ ਸਰਕਾਰ ਵੱਲੋਂ ਬਰਤਾਨਵੀ ਹਿੰਦੋਸਤਾਨ ਦੀ ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਕਰਨ ਦੇ ਦੋਸ਼ ਵਿਚ 27 ਫਰਵਰੀ 1926 ਦੇ ਦਿਨ ਛੇ ਦੇਸ਼ ਭਗਤ ਬੱਬਰ ਅਕਾਲੀਆਂ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ। ਇਹ ਛੇ ਸੂਰਬੀਰ ਕਿਸ਼ਨ ਸਿੰਘ ਗੜਗੱਜ (ਪਿੰਡ ਵੜਿੰਗ, ਜ਼ਿਲਾ ਜਲੰਧਰ), ਭਾਈ ਸੰਤਾ ਸਿੰਘ (ਪਿੰਡ ਹਰਿਆਉ ਖੁਰਦ, ਜ਼ਿਲਾ ਲੁਧਿਆਣਾ), ਭਾਈ ਨੰਦ ਸਿੰਘ (ਪਿੰਡ ਘੁੜਿਆਲ, ਜ਼ਿਲਾ ਜਲੰਧਰ), ਭਾਈ ਕਰਮ ਸਿੰਘ (ਪਿੰਡ ਮਣਕੋ, ਜ਼ਿਲਾ ਜਲੰਧਰ), ਭਾਈ ਧਰਮ ਸਿੰਘ (ਪਿੰਡ ਹਯਾਤਪੁਰ, ਜ਼ਿਲਾ ਹੁਸ਼ਿਆਰਪੁਰ) ਅਤੇ ਨੌਜਵਾਨ ਦਲੀਪ ਸਿੰਘ ਉਰਫ ਦਲੀਪਾ (ਪਿੰਡ ਧਾਮੀਆਂ ਕਲਾਂ, ਜ਼ਿਲਾ ਹੁਸ਼ਿਆਰਪੁਰ) ਸਨ। ਭਗਤ ਸਿੰਘ ਅਪਰੈਲ 1924 ਵਿਚ ਜੈਤੋ ਮੋਰਚੇ ਵਿਚ ਹਿੱਸਾ ਲੈਣ ਲਈ ਜਾ ਰਹੇ ਲਾਇਲਪੁਰ ਜ਼ਿਲੇ ਦੇ ਅਕਾਲੀ ਸ਼ਹੀਦੀ ਜਥੇ ਦੀ ਸੇਵਾ ਕਰਨ ਦੇ ਦੋਸ਼ ਵਿਚ ਨਿਕਲੇ ਗ੍ਰਿਫ਼ਤਾਰੀ ਵਾਰੰਟਾਂ ਤੋਂ ਬਚਣ ਵਾਸਤੇ ਕਾਨਪੁਰ ਵਿਚ ਰਹਿੰਦਿਆਂ ਅਖਬਾਰ 'ਪਰਤਾਪ' ਵਿਚ ਕੰਮ ਕਰਦੇ ਰਹੇ। ਇਹ ਅਖਬਾਰ ਦੇਸ਼ ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਵੱਲੋਂ ਚਲਾਇਆ ਜਾ ਰਿਹਾ ਸੀ। ਭਗਤ ਸਿੰਘ ਨੇ ਬੱਬਰਾਂ ਨੂੰ ਸ਼ਹੀਦ ਕੀਤੇ ਜਾਣ ਤੋਂ ਦੋ ਹਫਤੇ ਪਿੱਛੋਂ 15 ਮਾਰਚ 1926 ਦੇ 'ਪਰਤਾਪ' ਅਖ਼ਬਾਰ ਵਿਚ, ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ 'ਪੰਜਾਬੀ ਯੁਵਕ' ਦੇ ਨਾਉਂ ਹੇਠ ਇਕ ਲੇਖ ਲਿਖਿਆ। ਉਸ ਲੇਖ ਦੀ ਸੁਰਖੀ ਸੀ, 'ਹੋਲੀ ਦੇ ਦਿਨ ਖ਼ੂਨ ਦੇ ਛਿੱਟੇ: ਬੱਬਰ ਅਕਾਲੀ ਫਾਂਸੀ 'ਤੇ।' ਭਗਤ ਸਿੰਘ ਨੇ ਆਪਣਾ ਲੇਖ ਇਉਂ ਸ਼ੁਰੂ ਕੀਤਾ, 'ਹੋਲੀ (27 ਫਰਵਰੀ) ਵਾਲੇ ਦਿਨ ਜਦ ਅਸੀਂ ਖੇਡਣ ਮੱਲਣ ਵਿਚ ਰੁੱਝੇ ਹੋਏ ਸਾਂ, ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇਕ ਕੋਨੇ ਵਿਚ ਇਹ ਜ਼ਬਰਦਸਤ ਕਾਂਡ ਵਾਪਰਿਆ। ਸੁਣੋਗੇ ਤਾਂ ਡਰ ਜਾਓਗੇ, ਕੰਬ ਉਠੋਗੇ। ਲਾਹੌਰ ਸੈਂਟਰਲ ਜੇਲ ਵਿਚ ਉਸ ਦਿਨ ਠੀਕ ਛੇ ਬੱਬਰ ਅਕਾਲੀ ਫਾਂਸੀ 'ਤੇ ਲਟਕਾ ਦਿੱਤੇ ਗਏ।' ਭਗਤ ਸਿੰਘ ਨੇ ਅੱਗੇ ਲਿਖਿਆ, 'ਹੋਲੀ ਵਾਲੇ ਦਿਨ ਗਮ ਵਿਚ ਡੁੱਬੇ ਲੋਕਾਂ ਦਾ ਇਕੱਠ ਉਨਾਂ ਬਹਾਦਰਾਂ ਦੀਆਂ ਦੇਹਾਂ ਨੂੰ ਸ਼ਮਸ਼ਾਨ ਵੱਲ ਲਈ ਜਾ ਰਿਹਾ ਹੈ। ਚੁੱਪਚਾਪ ਉਨਾਂ ਦੀ ਅੰਤਮ ਕਿਰਿਆ ਹੋ ਗਈ।'

ਇਸ ਦੁੱਖਦਾਈ ਘਟਨਾ ਤੋਂ ਬੇਖਬਰ ਲਾਹੌਰ ਵਾਸੀ ਹੋਲੀ ਦੀਆਂ ਰੰਗ ਰਲੀਆਂ ਮਨਾਉਣ ਵਿਚ ਮਸ਼ਰੂਫ ਸਨ। ਇਕ ਪਾਸੇ ਏਡੀ ਵੱਡੀ ਕੁਰਬਾਨੀ ਅਤੇ ਦੂਜੇ ਪਾਸੇ ਉਸ ਕੁਰਬਾਨੀ ਤੋਂ ਬੇਖਬਰੀ। ਇਹ ਵੇਖਦਿਆਂ ਭਗਤ ਸਿੰਘ ਨੂੰ ਅਫਸੋਸ ਹੋਇਆ, ਜਿਸ ਦਾ ਪ੍ਰਗਟਾਵਾ ਉਸ ਨੇ ਇਹ ਸ਼ਬਦ ਲਿਖ ਕੇ ਕੀਤਾ, 'ਸ਼ਹਿਰ ਵਿਚ ਉਹ ਹੀ ਚਹਿਲ ਪਹਿਲ ਸੀ। ਆਉਣ ਜਾਣ ਵਾਲਿਆਂ 'ਤੇ ਉਵੇਂ ਹੀ ਰੰਗ ਸੁੱਟਿਆ ਜਾ ਰਿਹਾ ਸੀ, ਕੇਹੀ ਵੱਡੀ ਲਾਪਰਵਾਹੀ ਸੀ।'



ਭਗਤ ਸਿੰਘ ਬੱਬਰ ਸ਼ਹੀਦਾਂ ਦੀ ਨਿੱਡਰਤਾ ਤੇ ਉਨਾਂ ਦੀ ਕੁਰਬਾਨੀ ਤੋਂ ਪ੍ਰਭਾਵਿਤ ਸੀ। ਇਸ ਲਈ ਉਸ ਨੇ ਇਨਾਂ ਸ਼ਹੀਦਾਂ ਦੀ ਬਹਾਦਰੀ ਅੱਗੇ ਨਤਮਸਤਕ ਹੁੰਦਿਆਂ ਲਿਖਿਆ, 'ਉਹ ਅਨਿਆਂ ਨਾ ਸਹਾਰ ਸਕੇ, ਦੇਸ਼ ਦੀ ਢਹਿੰਦੀ ਕਲਾ ਨਾ ਵੇਖ ਸਕੇ। ਨਿਰਬਲਾਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਉਨਾਂ ਲਈ ਅਸਹਿ ਹੋ ਗਏ, ਆਮ ਜਨਤਾ ਦੀ ਲੁੱਟ ਖਸੁੱਟ ਉਨਾਂ ਤੋਂ ਸਹਾਰੀ ਨਾ ਗਈ। ਉਨਾਂ ਨੇ ਲਲਕਾਰਿਆ ਤੇ ਕੁੱਦ ਪਏ ਕਰਮ ਖੇਤਰ ਵਿਚ। ਉਹ ਸਜੀਵ ਸਨ, ਉਹ ਸੁਹਿਰਦ ਸਨ। ਕਰਮ ਖੇਤਰ ਵਿਚ ਜੂਝਣ ਵਾਲੇ - ਧੰਨ ਹੈਂ ਤੂੰ !!'

ਬੱਬਰ ਅਕਾਲੀ ਲਹਿਰ ਅੰਗਰੇਜ਼ ਹਾਕਮਾਂ ਦੁਆਰਾ ਸ਼ਾਂਤਮਈ ਅਤੇ ਨਿਹੱਥੇ ਰਹਿ ਕੇ ਗੁਰਦੁਆਰਿਆਂ ਦਾ ਪ੍ਰਬੰਧ ਦੁਰਾਚਾਰੀ ਮਹੰਤਾਂ ਦੇ ਹੱਥੋਂ ਲੈ ਕੇ ਸਿੱਖ ਸੰਗਤ ਦੇ ਪ੍ਰਤੀਨਿੱਧਾਂ ਦੇ ਹੱਥ ਲਿਆਉਣ ਵਾਸਤੇ ਅੰਦੋਲਨ ਕਰ ਰਹੇ ਅਕਾਲੀਆਂ ਉੱਤੇ ਢਾਹੇ ਜਾ ਰਹੇ ਜ਼ਬਰ ਅਤੇ ਜ਼ੁਲਮ ਦੇ ਪ੍ਰਤੀਕ੍ਰਮ ਵਜੋਂ ਹੋਂਦ ਵਿਚ ਆਈ ਸੀ। ਬੱਬਰ ਅਕਾਲੀ ਲਹਿਰ ਸ਼ੁਰੂ ਕਰਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਸਕੱਤਰ ਅੰਗਰੇਜ਼ੀ ਸੈਨਾ ਵਿਚੋਂ ਸੇਵਾ ਮੁਕਤ ਹਵਾਲਦਾਰ ਕਿਸ਼ਨ ਸਿੰਘ ਗੜਗੱਜ ਦਾ ਮਹੱਤਵਪੂਰਨ ਯੋਗਦਾਨ ਸੀ। ਸੋ ਇਸ ਲਹਿਰ ਦਾ ਪਿਛੋਕੜ ਦੱਸਦਿਆਂ ਭਗਤ ਸਿੰਘ ਨੇ ਲਿਖਿਆ, ਨਾਫ਼ੁਰਮਾਨੀ ਲਹਿਰ ਪੂਰੇ ਜੋਬਨ ਉੱਤੇ ਸੀ। ਪੰਜਾਬ ਕਿਸੇ ਨਾਲੋਂ ਪਿਛੇ ਨਹੀਂ ਰਿਹਾ। ਪੰਜਾਬ ਵਿਚ ਸਿੱਖ ਉੱਠੇ, ਘੂਕ ਨੀਂਦਰ ਤੋਂ ਉੱਠੇ ਅਤੇ ਉੱਠੇ ਵੀ ਪੂਰੇ ਜ਼ੋਰਾਂ ਨਾਲ। ਅਕਾਲੀ ਲਹਿਰ ਸ਼ੁਰੂ ਹੋਈ, ਸ਼ਹੀਦੀਆਂ ਦੀ ਝੜੀ ਲੱਗ ਗਈ।'. ਚਾਰੇ ਪਾਸੇ ਗ੍ਰਿਫ਼ਤਾਰੀਆਂ ਦਾ ਦੌਰ ਸੀ, ਕਿਸ਼ਨ ਸਿੰਘ ਦੇ ਨਾਂ ਵਰੰਟ ਨਿਕਲੇ ਪਰ ਉਨਾਂ ਗ੍ਰਿਫ਼ਤਾਰ ਹੋਣਾ ਨਾ ਮੰਨਿਆ। ਪੁਲੀਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਫਿਰ ਵੀ ਬਚਦੇ ਰਹੇ। ਉਨਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਇਕ ਕਰਾਂਤੀ ਦਲ ਸੀ। ਨਿਹੱਥਿਆਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਇਸ ਕਰਾਂਤੀਪੂਰਨ ਲਹਿਰ ਦੇ ਨਾਲ ਨਾਲ ਉਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ। ਕਿਸ਼ਨ ਸਿੰਘ ਕਹਿੰਦੇ ਸਨ ਕਿ ਆਪਣੀ ਹਿਫਾਜ਼ਤ ਲਈ ਸਾਨੂੰ ਹਥਿਆਰਬੰਦ ਜ਼ਰੂਰ ਹੋਣਾ ਚਾਹੀਦਾ ਹੈ। ਬੱਬਰ ਅਕਾਲੀਆਂ ਨੇ ਆਪਣਾ ਕੰਮ ਖ਼ੂਬ ਜ਼ੋਰ ਨਾਲ ਸ਼ੁਰੂ ਕਰ ਦਿੱਤਾ। ਕਿੰਨੇ ਹੀ ਸਰਕਾਰ ਦੇ ਪਿੱਠੂ ਮਾਰ ਦਿੱਤੇ।' ਬੱਬਰਾਂ ਨੂੰ ਫੜਨ ਲਈ ਸਰਕਾਰ ਵੱਲੋਂ ਕੀਤੀਆਂ ਪੇਸ਼ਬੰਦੀਆਂ ਬਾਰੇ ਭਗਤ ਸਿੰਘ ਨੇ ਦੱਸਿਆ ਹੈ, 'ਇਨਾਂ ਨੂੰ ਫੜਨ ਲਈ ਖਾਸ ਤੌਰ 'ਤੇ ਪੁਲੀਸ ਤਾਇਨਾਤ ਕੀਤੀ ਗਈ ਸੀ। ਗ੍ਰਿਫ਼ਤਾਰੀਆਂ ਦੀ ਭਰਮਾਰ ਸੀ। ਪਿੰਡ ਪਿੰਡ ਪੁਲੀਸ ਤਾਜੀਰੀ ਚੌਕੀਆਂ ਬਿਠਾਈਆਂ ਜਾਣ ਲੱਗੀਆਂ। ਹੌਲੇ ਹੌਲੇ ਬੱਬਰਾਂ ਦਾ ਜ਼ੋਰ ਘਟਣ ਲੱਗਾ। ਹੁਣ ਤੱਕ ਤਾਂ ਜਿਵੇਂ ਇਨਾਂ ਦਾ ਰਾਜ ਸੀ। ਜਿਥੇ ਜਾਂਦੇ ਕੁੱਝ ਲੋਕ ਖੁਸ਼ੀ ਤੇ ਚਾਅ ਨਾਲ, ਕੁੱਝ ਡਰ ਤੇ ਸਹਿਮ ਨਾਲ ਇਨਾਂ ਦੀ ਆਉ ਭਗਤ ਕਰਦੇ। ਸਰਕਾਰ ਦੇ ਪਿੱਠੂ ਇਕ ਦਮ ਡਰੇ ਬੈਠੇ ਸਨ। ਸੂਰਜ ਚੜਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਉਨਾਂ ਨੂੰ ਘਰ ਤੋਂ ਨਿਕਲਣ ਦਾ ਹੌਸਲਾ ਹੀ ਨਹੀਂ ਸੀ ਪੈਂਦਾ। ਪਰ ਹੌਲੀ ਹੌਲੀ ਉਨਾਂ ਦਾ ਜ਼ੋਰ ਖਤਮ ਹੋ ਗਿਆ, ਸੈਂਕੜੇ ਫੜੇ ਗਏ ਤੇ ਮੁਕੱਦਮੇ ਸ਼ੁਰੂ ਹੋਏ।' ਭਗਤ ਸਿੰਘ ਨੇ ਬੱਬਰ ਅਕਾਲੀਆਂ ਦੇ ਕਾਰਜ ਖੇਤਰ ਦਾ ਬਿਆਨ ਕਰਦਿਆਂ ਇਸ ਤੱਥ ਵੱਲ ਵੀ ਸੰਕੇਤ ਕੀਤਾ ਕਿ ਇਸ ਨਵੀਂ ਲਹਿਰ ਲਈ ਭੂਮੀ ਗਦਰ ਲਹਿਰ ਨੇ ਤਿਆਰ ਕੀਤੀ ਸੀ। ਭਗਤ ਸਿੰਘ ਦੇ ਸ਼ਬਦਾਂ ਵਿਚ 'ਦੁਆਬਾ ਪਹਿਲਾਂ ਹੀ ਭਾਰਤ ਦੇ ਸਿਆਸੀ ਨਕਸ਼ੇ ਵਿਚ ਪ੍ਰਸਿੱਧ ਹੈ। 1915 ਦੇ ਸ਼ਹੀਦਾਂ ਵਿਚ ਵੀ ਜ਼ਿਆਦਾ ਤਰ ਇਨਾਂ ਹੀ ਜ਼ਿਲਿਆਂ ਦੇ ਲੋਕ ਸਨ। ਹੁਣ ਫਿਰ ਇਥੋਂ ਹੀ ਸਰਗਰਮੀਆਂ ਹੋਈਆਂ। ਪੁਲੀਸ ਮਹਿਕਮੇ ਨੇ ਸਾਰੀ ਤਾਕਤ ਝੋਕ ਦਿੱਤੀ ਪਰ ਕੁੱਝ ਨਾ ਬਣਿਆ।' ਆਪਣੇ ਇਸ ਲੇਖ ਵਿਚ ਭਗਤ ਸਿੰਘ ਨੇ ਇਨਾਂ ਛੇ ਸ਼ਹੀਦਾਂ ਤੋਂ ਬਿਨਾਂ ਬੱਬਰ ਲਹਿਰ ਦੌਰਾਨ ਪਿੰਡ ਬੰਬੇਲੀ ਵਿਚ ਪੁਲੀਸ ਨਾਲ ਹੋਏ ਮੁਕਾਬਲੇ ਵਿਚ ਸ਼ਹੀਦ ਹੋਏ ਬੱਬਰ ਕਰਮ ਸਿੰਘ, ਧੰਨਾ ਸਿੰਘ ਅਤੇ ਉਦੇ ਸਿੰਘ; ਪਿੰਡ ਮੰਨਣਹਾਣਾ ਵਿਚ ਬੱਬਰ ਧੰਨਾ ਸਿੰਘ ਬਹਿਬਲਪੁਰ, ਪਿੰਡ ਮੁੰਡੇਰ ਦੇ ਸ਼ਹੀਦ ਬੱਬਰ ਬੰਤਾ ਸਿੰਘ ਦਾ ਸੰਖੇਪ ਜ਼ਿਕਰ ਵੀ ਕੀਤਾ ਹੈ। ਭਗਤ ਸਿੰਘ ਰਚਿਤ ਇਹ ਲੇਖ ਬੱਬਰ ਅਕਾਲੀ ਸ਼ਹੀਦਾਂ ਪ੍ਰਤੀ ਸ਼ਰਧਾਂਜਲੀ ਹੋਣ ਦੇ ਨਾਲ ਨਾਲ ਉਸ ਦੀ ਆਪਣੀ ਸ਼ਖਸੀਅਤ ਉੱਪਰ ਪਏ ਬੱਬਰ ਅਕਾਲੀ ਲਹਿਰ ਦੇ ਪ੍ਰਭਾਵ ਦਾ ਪ੍ਰਤੱਖ ਪ੍ਰਮਾਣ ਵੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖ ਸ਼ਹਾਦਤਾਂ ਸਿੱਖ ਸੰਘਰਸ਼ ਦਾ ਪ੍ਰਤੀਕ



- ਡਾ. ਸੁਖਦਿਆਲ ਸਿੰਘ
ਮੋਬਾਈਲ: 98158-80539

ਸ਼ਹੀਦੀ ਜਾਂ ਸ਼ਹਾਦਤ ਜੈਸੇ ਕਾਰਨਾਮੇ ਸਿਰਫ਼ ਉਸ ਸਮੇਂ ਹੀ ਸਾਹਮਣੇ ਆਉਂਦੇ ਹਨ ਜਦੋਂ ਕ੍ਰਾਂਤੀਕਾਰੀ ਵਿਚਾਰਧਾਰਾ ਪੈਦਾ ਹੁੰਦੀ ਹੈ। ਸ਼ਹੀਦੀ ਅਤੇ ਕ੍ਰਾਂਤੀ (ਇਨਕਲਾਬ) ਦਾ ਆਪਸ ਵਿੱਚ ਗੂੜਾ ਸਬੰਧ ਹੈ। ਇਨਕਲਾਬੀ ਵਿਚਾਰਧਾਰਾ ਲੋਕਾਂ ਵਿੱਚ ਨਵੀਂ ਰੂਹ ਫੂਕਦੀ ਹੈ; ਨਵੀਂ ਰੂਹ ਵਿੱਚੋਂ ਬਗਾਵਤ ਪਨਪਦੀ ਹੈ; ਬਗਾਵਤ ਵਿੱਚੋਂ ਸਮੇਂ ਦੀ ਹਕੂਮਤ ਦਾ ਜਬਰ ਤੇ ਜ਼ੁਲਮ ਸਾਹਮਣੇ ਆਉਂਦਾ ਹੈ ਅਤੇ ਇਸ ਦਾ ਮੁਕਾਬਲਾ ਕਰਨ ਲਈ ਸ਼ਹੀਦੀਆਂ ਦੇਣੀਆਂ ਪੈਂਦੀਆਂ ਹਨ। ਵਿਸ਼ਵ ਵਿੱਚ ਜਦੋਂ ਅਤੇ ਜਿੱਥੇ ਵੀ ਇਨਕਲਾਬੀ ਵਿਚਾਰਧਾਰਾ ਪਨਪੀ ਹੈ ਉੱਥੇ ਹੀ ਸ਼ਹੀਦ ਪੈਦਾ ਹੋਏ ਹਨ ਅਤੇ ਉੱਥੋਂ ਹੀ ਇਨਾਂ ਸ਼ਬਦਾਂ ਦੀ ਉਤਪਤੀ ਹੋਈ ਹੈ। ਇਹ ਗੱਲ ਵੱਖਰੀ ਹੈ ਕਿ ਹਰ ਬੋਲੀ ਅਤੇ ਸੱਭਿਆਚਾਰ ਦੇ ਆਪਣੇ ਸ਼ਬਦ ਹੁੰਦੇ ਹਨ ਅਤੇ ਆਪਣੀ ਹੀ ਵਿਆਖਿਆ। ਇਸ ਤਰਾਂ ਸ਼ਹਾਦਤ ਅਤੇ ਇਨਕਲਾਬੀ ਵਿਚਾਰਧਾਰਾ ਦਾ ਇੱਕ-ਦੂਜੀ ਨਾਲ ਅਟੁੱਟ ਸਬੰਧ ਹੈ।

ਜਿੱਥੋਂ ਤਕ ਸ਼ਹੀਦ ਜਾਂ ਸ਼ਹਾਦਤ ਵਰਗੇ ਸ਼ਬਦਾਂ ਦਾ ਕਿਸੇ ਵਿਸ਼ੇਸ਼ ਬੋਲੀ ਨਾਲ ਸਬੰਧ ਹੋਣ ਦੀ ਗੱਲ ਹੈ, ਜਿਸ ਸ਼ਬਦ ਨੂੰ ਕਿਸੇ ਕੌਮ ਦਾ ਅਨਪੜ ਵਿਅਕਤੀ ਵੀ ਸਮਝ ਅਤੇ ਬੋਲ ਸਕੇ ਉਹ ਸ਼ਬਦ ਉਸੇ ਕੌਮ ਦੀ ਬੋਲੀ ਦਾ ਮੰਨਿਆ ਜਾਂਦਾ ਹੈ। ਇਹ ਤਾਂ ਵਿਦਵਾਨ ਲੋਕਾਂ ਦਾ ਕੰਮ ਹੈ ਕਿ ਉਹ ਵਿਦੇਸ਼ੀ ਬੋਲੀਆਂ ਦੇ ਕਿੰਨੇ ਕੁ ਸ਼ਬਦ ਲੈ ਕੇ ਆਪਣੀਆਂ ਲਿਖਤਾਂ ਵਿੱਚ ਵਰਤਦੇ ਹਨ ਪਰ ਅਨਪੜ ਲੋਕਾਂ ਨੇ ਤਾਂ ਸਿਰਫ਼ ਉਹੀ ਸ਼ਬਦ ਬੋਲਣਾ ਅਤੇ ਸਮਝਣਾ ਹੈ ਜਿਹੜਾ ਉਨਾਂ ਨੇ ਆਪਣੀ ਮਾਂ ਅਤੇ ਆਪਣੇ ਵੱਡੇ-ਵਡੇਰਿਆਂ ਪਾਸੋਂ ਸੁਣਿਆ ਹੁੰਦਾ ਹੈ। ਇਸ ਤਰਾਂ ਅਨਪੜ ਲੋਕਾਂ ਦਾ ਕਿਸੇ ਦੀ ਲਿਖਤ ਨਾਲ ਕੋਈ ਸਬੰਧ ਨਹੀਂ ਹੁੰਦਾ। ਅੱਜ ਪੰਜਾਬੀ ਭਾਈਚਾਰੇ ਵਿੱਚ ਹਰ ਵਿਅਕਤੀ ਸ਼ਹੀਦ ਅਤੇ ਸ਼ਹਾਦਤ ਦੇ ਅਰਥ ਵੀ ਸਮਝਦਾ ਹੈ ਅਤੇ ਇਨਾਂ ਸ਼ਬਦਾਂ ਨੂੰ ਬੜੀ ਆਸਾਨੀ ਨਾਲ ਬੋਲਦਾ ਵੀ ਹੈ। ਅੱਜ ਜਿਸ ਭਾਵ ਵਿੱਚ ਸਿੱਖ ਧਰਮ ਅਨੁਸਾਰ ਸ਼ਹੀਦ ਅਤੇ ਸ਼ਹਾਦਤ ਦੀ ਵਿਆਖਿਆ ਕੀਤੀ ਜਾਂਦੀ ਹੈ ਉਸ ਮੁਤਾਬਕ ਇਹ ਸਾਰੀ ਦੀ ਸਾਰੀ ਵਿਆਖਿਆ ਸਿੱਖ ਧਰਮ ਦੀ ਆਪਣੀ ਹੈ। ਸਿੱਖ ਧਰਮ ਅਤੇ ਪੰਜਾਬੀ ਇੱਕ-ਦੂਜੇ ਦੀਆਂ ਸਹਾਇਕ ਧਾਰਾਵਾਂ ਹਨ। ਪੰਜਾਬੀ ਬੋਲੀ ਨੇ ਪੰਜਾਬ ਨੂੰ ਵਿਸ਼ੇਸ਼ ਪਛਾਣ ਪ੍ਰਦਾਨ ਕੀਤੀ ਹੈ ਅਤੇ ਸਿੱਖ ਧਰਮ ਨੇ ਪੰਜਾਬੀ ਬੋਲੀ ਨੂੰ ਇਨਕਲਾਬੀ ਰੂਪ ਬਖ਼ਸ਼ਿਆ ਹੈ। ਇਸ ਤਰਾਂ ਇਨਾਂ ਦੋਵਾਂ ਤਾਕਤਾਂ- ਸਿੱਖ ਵਿਚਾਰਧਾਰਾ ਅਤੇ ਪੰਜਾਬੀ ਬੋਲੀ ਨੇ ਪੰਜਾਬੀਆਂ ਨੂੰ ਜਬਰ-ਜ਼ੁਲਮ ਖ਼ਿਲਾਫ਼ ਲੜਨ ਲਈ ਖੜਾ ਕੀਤਾ ਹੈ। ਇਸੇ ਇਨਕਲਾਬੀ ਕਾਰਵਾਈ ਅਤੇ ਵਿਚਾਰਧਾਰਾ ਵਿੱਚੋਂ ਸ਼ਹੀਦ ਅਤੇ ਸ਼ਹਾਦਤ ਜੈਸੇ ਸ਼ਬਦ ਉਤਪੰਨ ਹੋਏ ਹਨ। ਇਨਕਲਾਬੀ ਲਹਿਰ ਦੀ ਵਿਸ਼ੇਸ਼ਤਾ ਹੁੰਦੀ ਹੈ ਕਿ ਉਹ ਆਪਣੇ ਪੈਰੋਕਾਰ ਨੂੰ ਜੀਵਨ ਅਤੇ ਮੌਤ ਦਾ ਗਿਆਨ ਕਰਵਾ ਕੇ ਚਲਦੀ ਹੈ। ਜੀਵਨ ਅਤੇ ਮੌਤ ਦਾ ਗਿਆਨ ਕਰਵਾਏ ਬਗੈਰ ਨਾ ਹੀ ਸੰਘਰਸ਼ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸੰਘਰਸ਼ ਲਈ ਜਾਨ ਵਾਰੀ ਜਾ ਸਕਦੀ ਹੈ। ਅਸਲ ਵਿੱਚ ਜੀਵਨ ਦਾ ਦੂਜਾ ਨਾਂ ਹੀ ਸੰਘਰਸ਼ ਹੈ। ਸੰਘਰਸ਼ ਤੋਂ ਬਿਨਾਂ ਜੀਵਨ ਜੀਵਿਆ ਹੀ ਨਹੀਂ ਜਾ ਸਕਦਾ। ਮਨੁੱਖ ਲਈ ਆਪਣੇ ਰੁਜ਼ਗਾਰ ਵਾਸਤੇ ਦਸਾਂ ਨਹੁੰਆਂ ਦੀ ਕਿਰਤ ਕਰਨੀ ਹੀ ਸਭ ਤੋਂ ਵੱਡਾ ਸੰਘਰਸ਼ ਹੈ ਕਿਉਂਕਿ ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲੇ ਨੂੰ ਹੀ ਜੀਵਨ ਜਿਉਣ ਦੀਆਂ ਚੁਣੌਤੀਆਂ ਨਾਲ ਮੱਥਾ ਲਾਉਣਾ ਪੈਂਦਾ ਹੈ। ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲੇ ਮਿਹਨਤਕਸ਼ ਨੂੰ ਹੀ ਆਪਣੇ ਸਮਾਜਿਕ ਅਧਿਕਾਰਾਂ ਅਤੇ ਫ਼ਰਜ਼ਾਂ ਦਾ ਗਿਆਨ ਹੁੰਦਾ ਹੈ। ਮਿਹਨਤ ਹੀ ਸੰਘਰਸ਼ ਹੈ। ਬਿਨਾਂ ਮਿਹਨਤ ਤੋਂ ਆਏ ਪੈਸੇ ਨੂੰ ਸਿੱਖ ਧਰਮ ਨੇ 'ਪਾਪਾਂ ਦੀ ਕਮਾਈ' ਅਤੇ ਆਧੁਨਿਕ ਬੋਲੀ ਨੇ ਇਸ ਨੂੰ ਕਾਲਾ ਧਨ **(Black Money)** ਕਿਹਾ ਹੈ। ਸਮਾਜ ਲਈ ਮਾੜਾ ਸਰਮਾਏਦਾਰ ਉਹ ਨਹੀਂ ਹੈ ਜਿਸ ਦਾ ਧਨ, ਚਿੱਟੇ ਧਨ **(White Money)** ਦੇ ਰੂਪ ਵਿੱਚ ਕਮਾਇਆ ਹੁੰਦਾ ਹੈ ਸਗੋਂ ਮਾੜਾ ਸਰਮਾਏਦਾਰ ਉਹ ਹੈ ਜਿਸ ਦਾ ਧਨ 'ਕਾਲੇ ਧਨ' ਦੇ ਰੂਪ ਵਿੱਚ ਇਕੱਠਾ ਕੀਤਾ ਗਿਆ ਹੁੰਦਾ ਹੈ। ਅੱਜ ਇਨਾਂ ਦੋ ਤਾਕਤਾਂ ਵਿੱਚ ਸੰਘਰਸ਼ ਹੈ। ਸਿੱਖ ਧਰਮ ਨੇ ਆਪਣੀ ਸ਼ਬਦਾਵਲੀ ਵਿੱਚ ਗੁਰਮੁਖ ਅਤੇ ਮਨਮੁਖ ਦੇ ਰੂਪ 'ਚ ਦੋ ਵਿਰੋਧੀ ਤਾਕਤਾਂ ਨੂੰ ਦਰਸਾਇਆ ਹੈ। ਬੇਸ਼ੱਕ ਅੱਜ ਦੇ ਰਾਜਨੀਤਕ ਸਿਧਾਂਤਾਂ ਨੇ ਇਸ ਸੰਘਰਸ਼ ਨੂੰ ਵੱਖ-ਵੱਖ ਸ਼ਬਦਾਵਲੀ ਦਿੱਤੀ ਹੈ ਅਤੇ ਵੱਖ-ਵੱਖ ਸਿਧਾਂਤਾਂ ਅਤੇ ਸ਼ਬਦਾਵਲੀ ਤਹਿਤ ਹੀ ਇਹ ਸੰਘਰਸ਼ ਸਾਹਮਣੇ ਆਏ ਹਨ ਪਰ ਸਿੱਖ ਧਰਮ ਦੀ ਜੀਵਨ-ਸੰਘਰਸ਼ ਦੇ ਸਮੁੱਚੇ ਨਜ਼ਰੀਏ ਬਾਰੇ ਆਪਣੀ ਵਿਲੱਖਣ ਅਤੇ ਨਿਵੇਕਲੀ ਪਹੁੰਚ ਹੈ। ਇਸ ਲਈ ਸਿੱਖ ਧਰਮ ਦੇ ਬਾਨੀਆਂ ਨੇ ਮਨੁੱਖ ਦੇ ਸਮੁੱਚੇ ਜੀਵਨ ਸੰਘਰਸ਼ ਨੂੰ ਇਨਾਂ ਤਿੰਨ ਉਦੇਸ਼ਾਂ ਦੁਆਲੇ ਕੇਂਦਰਤ ਕੀਤਾ ਹੈ: ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ। ਦਸਾਂ ਨਹੁੰਆਂ ਦੀ ਕਮਾਈ (ਕਿਰਤ) ਕਰਨੀ ਹੈ; ਇਸ ਕਿਰਤ ਕਮਾਈ ਨੂੰ ਆਪਸੀ ਭਾਈਚਾਰੇ ਵਿੱਚ ਵੰਡ ਕੇ ਛਕਣਾ ਹੈ; ਅਤੇ ਇਸ ਤਰਾਂ ਆਪਣੀ ਭੁੱਖ ਨੂੰ ਦੂਰ ਕਰਕੇ ਫਿਰ ਪੂਰੀ ਸੰਤੁਸ਼ਟੀ ਨਾਲ ਵਾਹਿਗੁਰੂ ਦਾ ਨਾਮ ਜਪਣਾ ਹੈ। ਸਿੱਖ ਧਰਮ ਦਾ ਸਮੁੱਚਾ ਸੰਘਰਸ਼ ਅਤੇ ਇਤਿਹਾਸ ਇਸੇ ਸਿਧਾਂਤ ਦੁਆਲੇ ਘੁੰਮਦਾ ਹੈ। ਸਿੱਖ ਸੰਘਰਸ਼ ਜਦੋਂ ਤਕ ਇਸ ਸਿਧਾਂਤ ਦੁਆਲੇ ਕੇਂਦਰਿਤ ਰਿਹਾ ਹੈ ਇਸ ਨੂੰ ਸਫ਼ਲਤਾਵਾਂ ਹੀ ਮਿਲੀਆਂ ਹਨ। ਸਿੱਖ ਸ਼ਹਾਦਤਾਂ ਇਸੇ ਸੰਘਰਸ਼ ਦੀ ਪੈਦਾਵਾਰ ਹਨ।



ਇਸ ਤਰਾਂ ਦੇ ਸੰਘਰਸ਼ ਦੀ ਤਿਆਰੀ ਲਈ ਹੀ ਗੁਰੂ ਨਾਨਕ ਸਾਹਿਬ ਨੇ ਹੋਕਾ ਦਿੱਤਾ ਸੀ ਕਿ ਜੇ ਤੈਨੂੰ ਇਸ ਤਰਾਂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣੇ ਸਿਰ ਨੂੰ ਵਾਰ ਦੇਣ ਦੇ ਅਹਿਸਾਸ ਨਾਲ ਮੇਰੇ ਪਾਸ ਆ ਕਿਉਂਕਿ ਜਦੋਂ ਤੂੰ ਇੱਕ ਵਾਰ ਇਸ ਮਾਰਗ 'ਤੇ ਤੁਰਨ ਦੀ ਸ਼ੁਰੂਆਤ ਕਰ ਦਿੱਤੀ ਤਾਂ ਫਿਰ ਮਰਿਆ ਤਾਂ ਜਾ ਸਕਦਾ ਹੈ ਪਰ ਪਿੱਛੇ ਨਹੀਂ ਮੁੜਿਆ ਜਾ ਸਕਦਾ। ਗੁਰੂ ਨਾਨਕ ਸਾਹਿਬ ਦੇ ਇਸ ਸੰਘਰਸ਼ ਦੇ ਮਾਰਗ 'ਤੇ ਤੁਰਨ ਵਾਲੇ ਪੈਰੋਕਾਰ ਇੰਨੇ ਦ੍ਰਿੜ ਇਰਾਦੇ ਵਾਲੇ ਸਨ ਕਿ ਉਹ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਦੇ ਰਾਹ ਵਿੱਚ ਮਰ ਤਾਂ ਸਕਦੇ ਸਨ ਪਰ ਆਪਣੇ ਸੰਘਰਸ਼ ਨੂੰ ਨਹੀਂ ਛੱਡ ਸਕਦੇ। ਮਿਹਨਤਕਸ਼ ਲੋਕਾਂ ਦੇ ਸੰਘਰਸ਼ ਦੀ ਹਰ ਸਮੇਂ ਹੀ ਪਰਖ ਹੁੰਦੀ ਰਹਿੰਦੀ ਹੈ ਕਿਉਂਕਿ ਲੋਟੂ-ਤਾਕਤਾਂ ਬਹੁਤ ਤਾਕਤਵਰ ਹੁੰਦੀਆਂ ਹਨ। ਅਸਲ ਪਰਖ ਉਸ ਸਮੇਂ ਹੀ ਹੁੰਦੀ ਹੈ ਜਦੋਂ ਸੰਘਰਸ਼ ਕਰਨ ਵਾਲੇ ਨੂੰ ਜ਼ਿੰਦਗੀ ਅਤੇ ਮੌਤ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪੈਂਦਾ ਹੈ। ਸਿੱਖ ਸੰਘਰਸ਼ ਲਈ ਇਹ ਪਹਿਲਾ ਮੌਕਾ 1606 ਵਿੱਚ ਆਇਆ ਜਦੋਂ ਇਸ ਦੀ ਸਮੁੱਚੀ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਗਿਆ ਸੀ। ਇਹ ਸੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ।

ਸਮੇਂ ਦਾ ਬਾਦਸ਼ਾਹ ਜਹਾਂਗੀਰ ਸੀ। ਜਹਾਂਗੀਰ ਵੱਲੋਂ ਗੁਰੂ ਅਰਜਨ ਨੂੰ ਜਾਂ ਤਾਂ ਇਸਲਾਮ ਕਬੂਲ ਕਰਨ ਬਾਰੇ ਕਿਹਾ ਗਿਆ ਤੇ ਜਾਂ ਫਿਰ ਮੌਤ। ਇਹ ਪਹਿਲਾ ਮੌਕਾ ਸੀ ਜਦੋਂ ਸਿੱਖ ਕੌਮ ਨੇ ਆਪਣੇ ਅਕੀਦੇ ਅਤੇ ਸੱਚ ਦੇ ਮਾਰਗ ਦੀ ਰਾਖੀ ਲਈ ਸ਼ਹਾਦਤ ਦੇਣੀ ਸੀ। ਗੁਰੂ ਨਾਨਕ ਨੇ ਹੋਕਾ ਦਿੱਤਾ ਸੀ ਕਿ ਇਸ ਸੱਚ ਦੇ ਮਾਰਗ 'ਤੇ ਚਲਦਿਆਂ ਸਿਰ ਤਾਂ ਦਿੱਤਾ ਜਾ ਸਕਦਾ ਹੈ ਪਰ ਪਿੱਠ ਨਹੀਂ ਦਿੱਤੀ ਜਾ ਸਕਦੀ। ਇਸ ਹੋਕੇ ਦੀ ਪਵਿੱਤਰਤਾ ਅਤੇ ਪ੍ਰਮਾਣਕਤਾ ਨੂੰ ਦਰਸਾਉਣ ਦੀ ਪੰਜਵੇਂ ਪਾਤਸ਼ਾਹ ਦੀ ਜ਼ਿੰਮੇਵਾਰੀ ਸੀ। ਇਹ ਸਮਾਂ ਜੇਠ ਸੁਦੀ ਚੌਥ ਸੰਮਤ 1663 ਬਿਕਰਮੀ ਮੁਤਾਬਕ 30 ਮਈ 1606 ਦਾ ਸੀ। ਇਸ ਕਰਕੇ ਗੁਰੂ ਅਰਜਨ ਸਾਹਿਬ ਨੇ ਆਪਾ ਵਾਰਨ ਦਾ ਫ਼ੈਸਲਾ ਕੀਤਾ। ਇਹ ਸਿੱਖ ਇਤਿਹਾਸ ਦੀ ਪਹਿਲੀ ਸ਼ਹਾਦਤ ਸੀ। ਆਪਣੇ ਅਕੀਦੇ ਦੀ ਰਾਖੀ ਲਈ ਕੋਈ ਸਿੱਖ ਕੁਰਬਾਨ ਹੋਵੇ, ਇਸ ਤੋਂ ਪਹਿਲਾਂ ਸਿੱਖਾਂ ਨੂੰ ਗੁਰੂ ਨੇ ਆਪ ਹੀ ਕੁਰਬਾਨ ਹੋ ਕੇ ਦਿਖਾਇਆ।

ਕੁਦਰਤੀ ਗੱਲ ਹੈ ਕਿ ਸ਼ਹਾਦਤ ਐਵੇਂ ਨਹੀਂ ਜਾਂਦੀ। ਸ਼ਹਾਦਤ ਦਾ ਪ੍ਰਭਾਵ ਬਹੁਤ ਜ਼ਿਆਦਾ ਪੈਂਦਾ ਹੈ। ਗੁਰੂ ਅਰਜਨ ਸਾਹਿਬ ਨੇ ਆਪਣਾ ਖ਼ੂਨ ਦੇ ਕੇ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿੱਚ ਐਸੇ ਸੂਰਮੇ ਖੜੇ ਕਰ ਦਿੱਤੇ ਸਨ ਜਿਨਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਆਪਣੇ ਹੱਥਾਂ ਵਿੱਚ ਤਲਵਾਰਾਂ ਚੁੱਕ ਕੇ ਉਸੇ ਹਕੂਮਤ ਨੂੰ ਵੰਗਾਰਿਆ ਜਿਸ ਨੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕੀਤਾ ਸੀ। ਸਿੱਖ ਇਤਿਹਾਸ ਦੇ ਖੋਜਾਰਥੀਆਂ ਨੂੰ ਪਤਾ ਹੈ ਕਿ ਪੰਜਾਬ ਵਿੱਚ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਲੋਕਾਂ ਦਾ ਸਿੱਖ ਧਰਮ ਵਿੱਚ ਪ੍ਰਵੇਸ਼ ਬੇਮਿਸਾਲ ਸੀ। ਗੁਰੂ ਤੇਗ ਬਹਾਦਰ ਜੀ ਨੇ ਤਾਂ ਪੰਜਾਬ ਦੇ ਮਾਲਵੇ ਅਤੇ ਬਾਂਗਰ ਦੇ ਇਲਾਕੇ ਵਿੱਚ ਇੱਕ ਤਰਾਂ ਨਾਲ ਇਨਕਲਾਬ ਹੀ ਲਿਆਂਦਾ ਸੀ। ਪੰਜਾਬ ਦੇ ਗੁਆਂਢੀ ਸੂਬੇ ਕਸ਼ਮੀਰ ਵਿੱਚ ਵੀ ਸਿੱਖ ਧਰਮ ਦੇ ਪੈਰੋਕਾਰ ਧੜਾਧੜ ਬਣ ਰਹੇ ਸਨ। ਹਕੂਮਤ ਦੀ ਸੋਚ ਸੀ ਕਿ ਗੁਰੂ ਨੂੰ ਮਾਰ ਦਿਓ ਤੇ ਲਹਿਰ ਨੂੰ ਦਬਾਅ ਦਿਓ ਪਰ ਇਹ ਸੋਚ ਪੁੱਠੀ ਪੈ ਗਈ ਸੀ। ਇਸ ਦਾ ਸਿੱਟਾ ਬਹੁਤ ਵੱਡੇ ਸੰਕਟ ਦੇ ਰੂਪ ਵਿੱਚ ਨਿਕਲਿਆ। ਔਰੰਗਜ਼ੇਬ ਨੇ ਇਸ ਸਭ ਕੁਝ ਨੂੰ ਸਹਿਣ ਨਹੀਂ ਕੀਤਾ। ਪੰਜਾਬ, ਇਸਲਾਮ ਦੇ ਝੰਡੇ ਹੇਠ ਨਹੀਂ ਆ ਰਿਹਾ ਸੀ। ਕਸ਼ਮੀਰ ਵੀ ਇਸਲਾਮ ਦੇ ਝੰਡੇ ਹੇਠੋਂ ਨਿਕਲਦਾ ਜਾ ਰਿਹਾ ਸੀ। ਔਰੰਗਜ਼ੇਬ ਇਸ ਦਾ ਜ਼ਿੰਮੇਵਾਰ ਗੁਰੂ ਤੇਗ ਬਹਾਦਰ ਜੀ ਦੀ ਸਿੱਖ ਲਹਿਰ ਨੂੰ ਮੰਨ ਰਿਹਾ ਸੀ। ਇਸ ਲਹਿਰ ਦਾ ਸਿਰ ਭੰਨਣ ਲਈ ਉਸ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰੂ ਅਰਜਨ ਦੇਵ ਜੀ ਵਾਂਗ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਵੀ ਦੋ ਬਦਲ ਰੱਖੇ ਗਏ: ਇਸਲਾਮ ਜਾਂ ਮੌਤ ਵਿੱਚੋਂ ਕੋਈ ਇੱਕ ਕਬੂਲ ਕਰੋ। ਗੁਰੂ ਤੇਗ ਬਹਾਦਰ ਜੀ ਨੇ ਵੀ ਗੁਰੂ ਅਰਜਨ ਸਾਹਿਬ ਵਾਂਗ ਮੌਤ ਕਬੂਲ ਕੀਤੀ ਅਤੇ ਆਪਣੇ ਅਕੀਦੇ ਦੀ ਰਾਖੀ ਲਈ ਆਪਣੀ ਅਤੇ ਸ਼ਰਧਾਲੂ ਸਿੱਖਾਂ ਦੀ ਸ਼ਹਾਦਤ ਦਿੱਤੀ। ਇਸ ਸ਼ਹਾਦਤ ਦਾ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਾਲੋਂ ਫ਼ਰਕ ਇਹ ਸੀ ਕਿ ਇਸ ਸਮੇਂ ਹਕੂਮਤ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਆਦਿ ਸਿੱਖਾਂ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ ਪਰ ਕਿਸੇ ਵੀ ਸਿੱਖ ਨੇ ਆਪਣੇ ਅਕੀਦੇ ਤੋਂ ਮੂੰਹ ਨਹੀਂ ਮੋੜਿਆ। ਉਹ ਆਪਣੇ ਗੁਰੂ ਦੇ ਸਨਮੁੱਖ ਰਹਿੰਦੇ ਹੋਏ ਸ਼ਹੀਦੀਆਂ ਪਾ ਗਏ ਸਨ। ਇਹ ਸਾਕਾ ਮੱਘਰ ਸੁਦੀ ਪੰਚਮੀ ਸੰਮਤ 1732 ਬਿਕਰਮੀ ਭਾਵ ਨਵੰਬਰ 1675 ਨੂੰ ਹੋਇਆ ਸੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਸਿੱਖ ਲਹਿਰ ਨੂੰ ਇੱਕ ਨਵਾਂ ਮੋੜ ਦੇਣ ਵਾਲੀ ਸਾਬਤ ਹੋਈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇੱਕ ਵਿਸਾਖ ਸੰਮਤ 1756 ਨੂੰ ਖ਼ਾਲਸੇ ਦੀ ਸਾਜਨਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਹੀ ਸਿੱਟਾ ਸੀ। ਸਿੱਖ ਲਹਿਰ ਦੇ ਸੰਘਰਸ਼ ਦਾ ਇਤਿਹਾਸ ਘੋਖਣ ਉੱਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਸਮੇਂ ਤਕ ਸਿੱਖ ਲਹਿਰ ਦਾ ਸਮੁੱਚਾ ਸੰਘਰਸ਼ ਬਿਲਕੁਲ ਸ਼ਾਂਤਮਈ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਵਾਲਾ ਸੀ। ਇਸ ਮਗਰੋਂ ਸਿੱਖ ਸੰਘਰਸ਼ ਨੂੰ ਹਥਿਆਰਬੰਦ ਸੰਘਰਸ਼ ਦਾ ਰੂਪ ਦੇਣ ਲਈ ਸਮੇਂ ਦੀ ਹਕੂਮਤ ਹੀ ਪੂਰੀ ਤਰਾਂ ਜ਼ਿੰਮੇਵਾਰ ਹੈ। ਇਨਕਲਾਬੀ ਲਹਿਰਾਂ ਹਰ ਸੰਕਟ ਤੋਂ ਪ੍ਰੇਰਨਾ ਲੈਂਦੀਆਂ ਹਨ। ਇਸ ਲਈ ਹਰ ਸੰਕਟ ਹਰ ਇਨਕਲਾਬੀ ਲਹਿਰ ਦੇ ਸਰੂਪ ਨੂੰ ਪ੍ਰਚੰਡ ਕਰ ਦਿੰਦਾ ਹੈ। ਸਮਝਦਾਰ ਹੁਕਮਰਾਨ ਲੋਕਾਂ ਦੇ ਰੋਹ ਨੂੰ ਭਾਂਪ ਕੇ ਮੌਕਾ ਸੰਭਾਲਣ ਦੀ ਕੋਸ਼ਿਸ਼ ਕਰਦੇ ਹਨ ਪਰ ਮੂਰਖ ਅਤੇ ਹੈਂਕੜਬਾਜ਼ ਹੁਕਮਰਾਨ ਲੋਕ-ਰੋਹ ਨੂੰ ਆਪਣੀ ਤਾਕਤ ਨਾਲ ਦਬਾਉਣ ਦੀ ਕੋਸ਼ਿਸ਼ ਕਰਦੇ ਹਨ। ਇਉਂ ਉਹ ਲੋਕ-ਰੋਹ ਨੂੰ ਹੋਰ ਪ੍ਰਚੰਡ ਕਰ ਦਿੰਦੇ ਹਨ। ਸਿੱਖ ਲਹਿਰ ਲੋਕਾਂ ਦੀ ਲਹਿਰ ਸੀ। ਇਹ ਅਕਬਰ ਜੈਸੇ ਬਾਦਸ਼ਾਹਾਂ ਦੀ ਹੀ ਸਮਝ-ਸੂਝ ਸੀ ਕਿ ਉਨਾਂ ਨੇ ਗੁਰੂ ਸਾਹਿਬਾਨ ਦੀ ਸਿੱਖ ਲਹਿਰ (ਲੋਕ ਲਹਿਰ) ਨੂੰ ਸਮਝ ਲਿਆ ਸੀ। ਇਹੀ ਕਾਰਨ ਸਨ ਕਿ ਗੁਰੂ ਨਾਨਕ ਦੀ ਇਨਕਲਾਬੀ ਵਿਚਾਰਧਾਰਾ ਲੋਕਾਂ ਨੂੰ ਸ਼ਾਂਤੀ ਦੇ ਮਾਰਗ 'ਤੇ ਹੀ ਚਲਾ ਕੇ ਲੋਕਾਂ ਅਤੇ ਹਕੂਮਤ ਦਾ ਸੁਮੇਲ ਰੱਖਦੀ ਆ ਰਹੀ ਸੀ। ਦੂਜੇ ਪਾਸੇ ਜਹਾਂਗੀਰ ਅਤੇ ਔਰੰਗਜ਼ੇਬ ਜਿਹੇ ਹੈਂਕੜਬਾਜ਼ ਬਾਦਸ਼ਾਹਾਂ ਨੇ ਸਿੱਖ ਲਹਿਰ ਦੇ ਸ਼ਾਂਤਮਈ ਪ੍ਰਚਾਰ ਨੂੰ ਵੀ ਆਪਣੇ ਲਈ ਖ਼ਤਰਾ ਸਮਝ ਲਿਆ ਸੀ ਤਾਂ ਇਹ ਲਹਿਰ ਸੱਚਮੁੱਚ ਹੀ ਉਨਾਂ ਲਈ ਖ਼ਤਰਾ ਬਣ ਗਈ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਵਿਚਾਰ ਉਪਜਿਆ ਅਤੇ ਇਹ ਮਹਾਨ ਤਖ਼ਤ ਬਾਦਸ਼ਾਹੀ ਤਖ਼ਤਾਂ ਦੇ ਮੁਕਾਬਲੇ ਲੋਕ-ਸ਼ਕਤੀ ਦਾ ਪ੍ਰਤੀਕ ਬਣ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿੱਚੋਂ ਖ਼ਾਲਸੇ ਦੀ ਸਾਜਨਾ ਦਾ ਵਿਚਾਰ ਉਪਜਿਆ ਜਿਸ ਨੇ ਮੁਗਲਾਂ ਦੇ ਸਾਮਰਾਜੀ ਤਖ਼ਤ ਦੇ ਮੁਕਾਬਲੇ 'ਤੇ ਲੋਕ-ਸ਼ਕਤੀ ਦੇ ਪ੍ਰਤੀਕ ਅਕਾਲ ਤਖ਼ਤ ਸਾਹਿਬ ਨੂੰ ਆਪਣਾ ਕੇਂਦਰ ਮੰਨ ਕੇ ਸੰਘਰਸ਼ ਛੇੜਿਆ ਸੀ। ਇਸ ਤਰਾਂ ਸ਼ਹਾਦਤਾਂ ਦਿੰਦਾ ਹੋਇਆ ਸਿੱਖ ਸੰਘਰਸ਼ ਸ਼ਾਂਤਮਈ ਰਸਤੇ ਤੋਂ ਹਥਿਆਰਬੰਦ ਮਾਰਗ ਅਪਣਾਉਂਦਿਆਂ ਖ਼ਾਲਸੇ ਦੀ ਅਗਵਾਈ ਹੇਠ ਹਥਿਆਰਬੰਦ ਇਨਕਲਾਬ ਦਾ ਰੂਪ ਧਾਰ ਗਿਆ ਸੀ। ਖ਼ਾਲਸੇ ਦੇ ਹਥਿਆਰਬੰਦ ਇਨਕਲਾਬ ਤੋਂ ਹਕੂਮਤ ਐਸੀ ਥਿੜਕ ਗਈ ਸੀ ਕਿ ਘੱਟੋ-ਘੱਟ ਪੰਜਾਬ ਵਿੱਚ ਮੁਗ਼ਲ ਸਾਮਰਾਜ ਦੇ ਪੈਰ ਉੱਖੜ ਗਏ ਸਨ। ਇਹ ਖ਼ਾਲਸਾ ਇਨਕਲਾਬ ਹੀ ਸੀ ਜਦੋਂ 1710 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿੱਚੋਂ ਮੁਗ਼ਲ ਸਾਮਰਾਜ ਤਖ਼ਤ ਪਲਟਾ ਕਰਕੇ ਇੱਥੇ ਹਿੰਦੁਸਤਾਨੀ ਲੋਕਾਂ ਦਾ ਆਪਣਾ ਰਾਜ ਸਥਾਪਤ ਕਰ ਲਿਆ ਗਿਆ ਸੀ। ਇਹ ਗੁਰੂ ਨਾਨਕ ਸਾਹਿਬ ਦੀ ਲਹਿਰ ਦੀ ਪਹਿਲੀ ਰਾਜਨੀਤਕ ਪ੍ਰਾਪਤੀ ਸੀ। ਇਸ ਨਾਲ ਸਿੱਖ ਸ਼ਹਾਦਤਾਂ ਦਾ ਸਰੂਪ ਵੀ ਬਦਲ ਗਿਆ ਸੀ।

ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਨਿਰੋਲ ਸ਼ਾਂਤਮਈ ਲਹਿਰ ਦੀਆਂ ਸ਼ਹਾਦਤਾਂ ਸਨ। ਇਸ ਤੋਂ ਬਾਅਦ ਸੂਰਬੀਰ ਸਿੱਖਾਂ ਨੇ ਨਾ ਸਿਰਫ਼ ਹਥਿਆਰ ਚੁੱਕੇ ਸਗੋਂ ਲੜਾਈ ਦੇ ਖੇਤਰ ਵਿੱਚ ਵੀ ਹੈਰਾਨੀਜਨਕ ਕਾਰਨਾਮੇ ਕੀਤੇ ਸਨ। ਜਿਵੇਂ ਚਮਕੌਰ ਸਾਹਿਬ ਦੀ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਪੁੱਤਰਾਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਬੇਸ਼ੁਮਾਰ ਮੁਗ਼ਲ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ। ਗੁਰੂ ਜੀ ਦੇ ਦੋ ਛੋਟੇ ਪੁੱਤਰਾਂ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਨੇ ਗ੍ਰਿਫ਼ਤਾਰ ਕਰ ਲਿਆ ਸੀ। ਇਨਾਂ ਨਾਲ ਇਨਾਂ ਦੀ ਦਾਦੀ ਮਾਤਾ ਗੁਜਰੀ ਜੀ ਵੀ ਸਨ। ਦੋਵਾਂ ਛੋਟੇ ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲਣ ਲਈ ਕਿਹਾ ਗਿਆ ਪਰ ਦੋਵਾਂ ਨੇ ਹੀ ਇਨਕਾਰ ਕਰ ਦਿੱਤਾ। ਸਿੱਟੇ ਵਜੋਂ ਉਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹਾਦਤ ਬੜੀ ਹੀ ਬੇਮਿਸਾਲ ਸੀ। ਦੋ ਮਾਸੂਮ ਬੱਚਿਆਂ ਨੂੰ ਇਉਂ ਸ਼ਹੀਦ ਕਰ ਦਿੱਤਾ ਗਿਆ ਸੀ ਜਿਵੇਂ ਉਹ ਬਹੁਤ ਵੱਡੇ ਦੋਸ਼ੀ ਹੋਣ।

ਲੋਕਤੰਤਰ ਵਿੱਚ ਅਦਾਲਤਾਂ ਨਾਬਾਲਗ ਬੱਚਿਆਂ ਨੂੰ ਦੋਸ਼ੀ ਹੋਣ 'ਤੇ ਵੀ ਮੌਤ ਦੀ ਸਜ਼ਾ ਨਹੀਂ ਦਿੰਦੀਆਂ ਪਰ ਇੱਥੇ ਤਾਂ ਮੁਗ਼ਲ ਹਕੂਮਤ ਨੇ ਸਭ ਅਸੂਲਾਂ ਨੂੰ ਛਿੱਕੇ ਟੰਗ ਦਿੱਤਾ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਹੀ ਮਾਤਾ ਗੁਜਰੀ ਜੀ ਦੀ ਸ਼ਹਾਦਤ ਜੁੜੀ ਹੋਈ ਹੈ। ਕਿਹਾ ਜਾਂਦਾ ਹੈ ਕਿ ਜਦੋਂ ਮਾਤਾ ਜੀ ਨੇ ਆਪਣੇ ਮਾਸੂਮ ਪੋਤਿਆਂ ਦੀਆਂ ਸ਼ਹਾਦਤਾਂ ਬਾਰੇ ਸੁਣਿਆ ਤਾਂ ਉਨਾਂ ਨੇ ਬੁਰਜ ਦੀ ਛੱਤ ਉਪਰੋਂ ਡਿੱਗ ਕੇ ਆਪਣੇ ਸੁਆਸ ਤਿਆਗ ਦਿੱਤੇ ਸਨ। ਇਹ ਗੱਲਾਂ ਠੀਕ ਨਹੀਂ ਹਨ। ਇਹ ਗੱਲਾਂ ਮੁਗ਼ਲ ਹਕੂਮਤ ਦੀਆਂ ਫੈਲਾਈਆਂ ਹੋਈਆਂ ਸਨ। ਇਸ ਤਰਾਂ ਦੀਆਂ ਗੱਲਾਂ ਫੈਲਾ ਕੇ ਉਹ ਮਾਤਾ ਗੁਜਰੀ ਜੀ ਦੀ ਮੌਤ ਦੀ ਜ਼ਿੰਮੇਵਾਰੀ ਆਪਣੇ ਸਿਰੋਂ ਲਾਹੁਣਾ ਚਾਹੁੰਦੀ ਸੀ। ਮਾਤਾ ਜੀ ਅਤੇ ਬੱਚੇ ਠੰਢੇ ਬੁਰਜ ਵਿੱਚ ਕੈਦ ਸਨ। ਕੈਦੀ ਨੂੰ ਤਾਂ ਕੈਦ ਕੋਠੜੀ ਵਿੱਚੋਂ ਬਾਹਰ ਨਿਕਲਣ ਦੀ ਵੀ ਇਜਾਜ਼ਤ ਨਹੀਂ ਹੁੰਦੀ। ਸਰਹਿੰਦ ਦਾ ਠੰਢਾ ਬੁਰਜ ਉਸ ਵਿਸ਼ਾਲ ਕਿਲੇ ਦਾ ਹਿੱਸਾ ਸੀ ਜਿਸ ਦਾ ਘੇਰਾ ਬਹੁਤ ਵਿਸ਼ਾਲ ਸੀ ਅਤੇ ਬੁਰਜਾਂ ਦੀ ਉਚਾਈ ਵੀ ਬਹੁਤ ਸੀ। ਐਸੇ ਵਿਸ਼ਾਲ ਕਿਲੇ ਵਿਚਲੀਆਂ ਪੌੜੀਆਂ ਰਾਹੀਂ ਮਾਤਾ ਜੀ ਕੈਦ ਕੋਠੜੀ ਵਿੱਚੋਂ ਨਿਕਲ ਕੇ ਕਿਵੇਂ ਬੁਰਜ ਦੀ ਛੱਤ ਉਪਰ ਚਲੇ ਜਾਣਗੇ ? ਕਿਲੇ ਦੀਆਂ ਛੱਤਾਂ ਉਪਰ ਵੀ ਬਹੁਤ ਉੱਚੇ-ਉੱਚੇ ਜੰਗਲੇ ਹੁੰਦੇ ਸਨ। ਇਹ ਜੰਗਲੇ ਜੰਗੀ ਨੀਤੀ ਨੂੰ ਸਾਹਮਣੇ ਰੱਖ ਕੇ ਬਣਾਏ ਜਾਂਦੇ ਸਨ। ਇਨਾਂ ਉੱਪਰ ਚੜ ਕੇ ਮਾਤਾ ਜੀ ਲਈ ਉਪਰੋਂ ਛਾਲ ਮਾਰਨਾ ਉੱਕਾ ਹੀ ਅਸੰਭਵ ਸੀ। ਇਹ ਗੱਲ ਸਾਰੀ ਹੀ ਗਲਤ ਹੈ। ਮਾਤਾ ਗੁਜਰੀ ਜੀ ਐਸੇ ਦ੍ਰਿੜ ਇਰਾਦੇ ਵਾਲੇ ਸਨ ਕਿ ਉਨਾਂ ਨੇ ਕੈਦ ਵਿੱਚ ਵੀ ਆਪਣੇ ਮਾਸੂਮ ਪੋਤਿਆਂ ਨੂੰ ਡੋਲਣ ਨਹੀਂ ਦਿੱਤਾ। ਉਹ ਉਨਾਂ ਨੂੰ ਹਰ ਸਮੇਂ ਇਹੋ ਸਿੱਖਿਆ ਦਿੰਦੇ ਸਨ, ਬੱਚਿਓ, ਤੁਸੀਂ ਆਪਣੇ ਧਰਮ ਦੀ ਰਾਖੀ ਕਰਕੇ ਹੀ ਆਪਣੇ ਦਾਦੇ ਅਤੇ ਪਿਤਾ ਦਾ ਨਾਂ ਰੋਸ਼ਨ ਕਰਨਾ ਹੈ। ਜੇਕਰ ਮੌਤ ਤੋਂ ਡਰ ਕੇ ਦੁਸ਼ਮਣ ਦੀ ਈਨ ਮੰਨ ਜਾਉਗੇ ਤਾਂ ਤੁਹਾਡੇ ਦਾਦਾ ਜੀ ਅਤੇ ਪਿਤਾ ਜੀ ਦਾ ਨਾਂ ਦਾਗੀ ਹੋ ਜਾਵੇਗਾ।' ਇਹ ਮਾਤਾ ਜੀ ਦੀ ਦ੍ਰਿੜਤਾ ਅਤੇ ਦਲੇਰੀ ਦਾ ਹੀ ਸਿੱਟਾ ਸੀ ਕਿ ਛੋਟੇ ਬੱਚਿਆਂ ਨੇ ਦੁਸ਼ਮਣ ਦੀ ਈਨ ਨਹੀਂ ਮੰਨੀ।

ਬਾਕੀ ਸਫ਼ਾ 32 'ਤੇ

# ਗੋਕਲਪੁਰੀ ਦੇ ਹਿੰਦੂਆਂ ਨੂੰ ਮਸਜਿਦ ਤੇ ਮੁਸਲਮਾਨਾਂ ਦੇ ਘਰ ਫੂਕੇ ਜਾਣ ਦਾ ਅਫਸੋਸ ਨਹੀਂ

**- ਸਾਗਰ**

**ਕਾਰਵਾ ਮੀਡੀਆ ਸਰਵਿਸ**

ਉੱਤਰ ਪੂਰਬੀ ਦਿੱਲੀ ਦੀ ਗੋਲਕਪੁਰੀ ਦੀ ਇਕ ਮਸਜਿਦ ਦੀ ਮਿਨਾਰ 'ਤੇ ਜੈ ਸ੍ਰੀ ਰਾਮ ਨਾਮ ਦਾ ਝੰਡਾ ਲਹਿਰਾ ਰਿਹਾ ਸੀ। ਮਸਜਿਦ ਤੋੜੀ ਜਾ ਚੁੱਕੀ ਸੀ ਤੇ ਉਸ ਦੀਆਂ ਝੁਲਸੀਆਂ ਦੀਵਾਰਾਂ ਹੁਣ ਵੀ ਖੜੀਆਂ ਸਨ। ਮਸਜਿਦ ਕੰਪਲੈਕਸ ਵਿਚ ਪਹਿਰਾ ਦੇ ਰਹੇ ਦਿੱਲੀ ਪੁਲੀਸ ਦੇ ਇੱਕ ਸੰਤਰੀ ਤੇ ਕੇਂਦਰੀ ਰਿਜ਼ਰਵ ਪੁਲੀਸ ਦਸਤੇ ਦੇ ਦੋ ਸਿਪਾਹੀਆਂ ਨੇ ਮਸਜਿਦ ਨੂੰ ਸੰਵੇਦਨਸ਼ੀਲ ਦੱਸਦਿਆਂ ਮੈਨੂੰ ਮਸਜਿਦ ਦੀ ਤਸਵੀਰ ਲੈਣ ਤੋਂ ਰੋਕਿਆ। 23 ਫਰਵਰੀ ਦੌਰਾਨ ਉੱਤਰੀ ਪੂਰਬੀ ਦਿੱਲੀ ਵਿਚ ਹਿੰਸਾ ਵਿਚ ਮਸਜਿਦ ਦੇ ਇਲਾਵਾ ਇਸ ਖੇਤਰ ਦੇ ਮੁਸਲਮਾਨਾਂ ਦੀਆਂ ਘੱਟ ਤੋਂ ਘੱਟ ਇਕ ਦਰਜਨ ਦੁਕਾਨਾਂ ਤੇ ਘਰਾਂ ਨੂੰ ਗੋਕਲਪੁਰੀ ਤੇ ਗੁਆਂਢੀ ਗੰਗਾ ਵਿਹਾਰ ਇਲਾਕੇ ਵਿਚ ਫੂਕ ਦਿੱਤਾ ਗਿਆ। ਇਸ ਤੋਂ ਸਪੱਸ਼ਟ ਸੀ ਕਿ ਨਿਸ਼ਾਨਾ ਮੁਸਲਮਾਨਾਂ ਦੇ ਘਰਾਂ ਨੂੰ ਬਣਾਇਆ ਗਿਆ। ਘਰਾਂ ਦੇ ਦਰਵਾਜ਼ੇ ਬੰਦ ਸਨ ਤੇ ਕੁਝ ਸੜੇ ਹੋਏ ਘਰਾਂ ਦੇ ਦਰਵਾਜ਼ੇ ਟੁੱਟੇ ਭੱਜੇ ਸਨ। ਹੁਣ ਇਨਾਂ ਘਰਾਂ ਵਿਚ ਕੋਈ ਨਹੀਂ ਸੀ ਰਹਿੰਦਾ। ਇੱਥੋਂ ਦੇ ਕੁਝ ਲੋਕਾਂ ਨੇ ਦੱਸਿਆ ਕਿ ਇੱਥੋਂ ਦੇ ਮੁਸਲਮਾਨ ਆਪਣਾ ਘਰ ਛੱਡ ਕੇ ਚਲੇ ਗਏ ਹਨ। ਮੈਂ ਇਨਾਂ ਘਟਨਾਵਾਂ ਨੂੰ ਘੋਖਣ ਲਈ ਦਿੱਲੀ ਵਿਚ ਗੋਕਲਪੁਰੀ ਤੇ ਗੰਗਾ ਵਿਹਾਰ ਦੇ ਇਲਾਕਿਆਂ ਵਿਚ ਘੁੰਮਿਆ ਤੇ ਲੋਕਾਂ ਨਾਲ ਗੱਲ ਕੀਤੀ। ਇਨਾਂ ਇਲਾਕਿਆਂ ਵਿਚ ਧਾਰਾ 144 ਲੱਗੀ ਸੀ ਤੇ ਕੁਝ ਥਾਵਾਂ 'ਤੇ ਕਰਫਿਊ ਲੱਗਾ ਸੀ। ਸੜਕ 'ਤੇ ਬਹੁਤ ਘੱਟ ਲੋਕ ਨਜ਼ਰ ਆ ਰਹੇ ਸਨ। ਉੱਥੇ ਸਿੱਖ ਭਾਈਚਾਰੇ ਦੇ ਲੋਕ ਹੀ ਸਨ, ਜਿਨਾਂ ਨੂੰ ਮੁਸਲਮਾਨ ਭਾਈਚਾਰੇ ਨਾਲ ਹਮਦਰਦੀ ਸੀ। ਦਲਿਤ ਭਾਈਚਾਰਾ, ਜਾਟਵ ਨਿਵਾਸੀ ਮੁਸਲਮਾਨਾਂ ਦੇ ਬਾਰੇ ਵਿਚ ਚਿੰਤਤ ਹੋਣ ਦੀ ਬਜਾਏ ਆਪਣੀ ਜ਼ਿੰਦਗੀ ਤੇ ਸੰਪਤੀ ਦੇ ਬਾਰੇ ਜ਼ਿਆਦਾ ਚਿੰਤਤ ਦਿਖਾਈ ਦਿੱਤੇ। ਇਨਾਂ ਵਿਚ ਕੁਝ ਲੋਕਾਂ ਨੇ ਆਪਣੀ ਪਛਾਣ ਹਿੰਦੂ ਦੇ ਰੂਪ ਵਿਚ ਹੀ ਦਿੱਤੀ ਤੇ ਉੱਚ ਜਾਤੀ ਦੇ ਆਪਣੇ ਭਰਾਵਾਂ ਦੇ ਨਾਲ ਸਾਂਝ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉੱਚ ਜਾਤੀ ਦੇ ਲੋਕਾਂ ਦੇ ਵਿਚ ਮੁਸਲਮਾਨ ਭਾਈਚਾਰੇ ਪ੍ਰਤੀ ਨਫ਼ਰਤ ਦੇਖੀ ਗਈ। ਉੱਚ ਜਾਤੀ ਦੇ ਹਿੰਦੂਆਂ ਨੇ ਮੁਸਲਮਾਨ ਭਾਈਚਾਰੇ ਪ੍ਰਤੀ ਆਪਣੀ ਨਫ਼ਰਤ ਨੂੰ ਸਹੀ ਠਹਿਰਾਉਣ ਦੇ ਲਈ ਮੁਸਲਮਾਨਾਂ ਨੂੰ ਦੋਸ਼ੀ ਠਹਿਰਾਇਆ। ਉਨਾਂ ਦੇ ਇਹ ਸਾਰੇ ਤਰਕ ਅਜਿਹੇ ਨਰੇਟਿਵ 'ਤੇ ਆਧਾਰਿਤ ਸਨ ਜੋ ਭਗਵਿਆਂ ਨੇ ਘੜੇ ਸਨ। ਇਸ ਬਾਰੇ ਉਨਾਂ ਨੂੰ ਕੋਈ ਨਿੱਜੀ ਅਨੁਭਵ ਨਹੀਂ ਸੀ। ਬਹੁਤੇ ਤਾਂ ਇਹ ਕਹਿੰਦੇ ਸਨ ਕਿ ਉਨਾਂ ਨੇ ਇੰਟਰਨੈਟ ਤੇ ਦੇਖਿਆ ਜਾਂ ਕਿਸੇ ਤੋਂ ਸੁਣਿਆਂ। ਉਨਾਂ ਦੇ ਬਹੁਤੇ ਦਾਅਵੇ ਝੂਠ ਦੇ ਆਧਾਰਿਤ 'ਤੇ ਸਨ। ਉਹ ਤਰਕ ਦੇ ਰਹੇ ਸਨ ਕਿ ਮੁਸਲਮਾਨਾਂ ਨੇ ਉਨਾਂ ਦੀ ਧਰਤੀ 'ਤੇ ਗਲਤ ਢੰਗ ਨਾਲ ਕਬਜ਼ਾ ਕਰ ਦਿੱਤਾ ਹੈ ਤੇ ਉਨਾਂ ਨੂੰ ਭਾਰਤ ਵਿਚੋਂ ਬਾਹਰ ਕੱਢਣ ਦੀ ਲੋੜ ਹੈ। ਉੱਚ ਜਾਤੀ ਦੇ ਲੋਕਾਂ ਨੇ ਕਿਹਾ ਕਿ ਉਹ ਭਾਜਪਾ ਨਾਲ ਸਹਿਮਤ ਹਨ ਤੇ ਦਿੱਲੀ ਪੁਲੀਸ ਉਨਾਂ ਦੀ ਰੱਖਿਅਕ ਹੈ। ਗੋਕਲਪੁਰੀ ਦਿੱਲੀ ਹਿੰਦੂ



ਬਹੁ ਗਿਣਤੀ ਵਾਲਾ ਇਲਾਕਾ ਹੈ, ਜੋ ਵਿਧਾਨ ਸਭਾ ਖੇਤਰ ਦੇ ਅਧੀਨ ਆਉਂਦਾ ਹੈ, ਇਹ ਰਾਖਵੀ ਸੀਟ ਹੈ। ਇੱਥੋਂ ਆਮ ਆਦਮੀ ਪਾਰਟੀ ਦੇ ਸੁਰਿੰਦਰ ਕੁਮਾਰ ਐਮ ਐਲ ਏ ਹਨ। 2011 ਦੀ ਮਰਦਮੁਸ਼ਮਾਰੀ ਦੇ ਅਨੁਸਾਰ ਗੋਕਲਪੁਰ ਵਿਚ 77% ਹਿੰਦੂ ਅਬਾਦੀ ਤੇ 20% ਮੁਸਲਿਮ ਅਬਾਦੀ ਵਸਦੀ ਹੈ। ਇੱਥੇ ਗੁੱਜਰ ਸਮਾਜ ਦੇ ਕੁਝ ਸਿੱਖ, ਜਾਟਵ, ਰਾਜਪੂਤ ਭਾਈਚਾਰੇ ਦੇ ਲੋਕ ਰਹਿੰਦੇ ਹਨ।

ਮਸਜਿਦ ਤੋਂ ਥੋੜੀ ਦੂਰ ਤੇ ਇਕ ਸ਼ਿਵ ਮੰਦਰ ਹੈ। ਮੰਦਰ ਦੇ ਕੋਲ ਕੁਝ ਲੋਕ ਇਕੱਠੇ ਹੋਏ ਸਨ, ਜੋ ਹਿੰਦੂ ਭਾਈਚਾਰੇ ਨਾਲ ਸੰਬੰਧਿਤ ਸਨ। ਉਨਾਂ ਦਾ ਕਹਿਣਾ ਸੀ ਕਿ ਹਿੰਦੂ ਭਾਈਚਾਰੇ ਦਾ ਪ੍ਰਤੀਕਰਮ ਹੈ, ਇਸੇ ਕਰਕੇ ਮੁਸਲਮਾਨਾਂ ਦੀਆਂ ਦੁਕਾਨਾਂ ਤੇ ਘਰ ਸੜ ਗਏ ਤੇ ਮੁਸਲਮਾਨਾਂ ਨੂੰ ਇਥੋਂ ਉਜੜਨਾ ਪੈ ਗਿਆ। ਉੱਥੇ ਮੰਗੂ ਸਿੰਘ ਜੋ ਆਪਣੇ ਆਪ ਨੂੰ ਬ੍ਰਾਹਮਣ ਦੱਸਦਾ ਸੀ, ਨੇ ਦੱਸਿਆ ਕਿ ਧਰਮਪੁਰਾ ਵਿਚ ਲਗਭਗ ਪੰਜ ਕਿਲੋਮੀਟਰ ਦੂਰ ਹਿੰਦੂ ਬਹੁਗਿਣਤੀ ਵਾਲੇ ਮੁਹੱਲਾ ਵਿਚ ਇਥੋਂ ਦੇ ਮੁਸਲਮਾਨਾਂ ਨੇ ਇਕ ਹਿੰਦੂ ਪਿਤਾ ਤੇ ਉਸ ਦੇ ਬੇਟੇ ਦੀ ਹੱਤਿਆ ਕਰ ਦਿੱਤੀ ਤੇ ਉਸ ਦੀ ਬੇਟੀ ਨੂੰ ਨੰਗਾ ਕਰਕੇ ਫੂਕ ਦਿੱਤਾ। ਉਸ ਦਿਨ ਦੌਰਾਨ ਗੋਕਲਪੁਰੀ ਆਉਣ ਤੋਂ ਪਹਿਲਾਂ ਧਰਮਪੁਰਾ ਗਿਆ ਸੀ ਤੇ ਇੱਥੇ ਰਹਿਣ ਵਾਲੇ ਲੋਕਾਂ ਨਾਲ ਗੱਲਬਾਤ ਵੀ ਕੀਤੀ ਸੀ। ਉਸ ਨੇ ਜਿਸ ਤਰਾਂ ਦੀ ਹਿੰਸਾ ਦਾ ਦਾਅਵਾ ਕੀਤਾ, ਇਸ ਤਰਾਂ ਦਾ ਮੈਨੂੰ ਕੋਈ ਸੰਕੇਤ ਨਹੀਂ ਮਿਲਿਆ। ਧਰਮਪੁਰਾ ਵਿਚ ਬਹੁਤ ਘੱਟ ਮੁਸਲਮਾਨਾਂ ਦੇ ਘਰ ਸਨ। ਇੱਥੋਂ ਦੇ ਖੇਤਰ ਵਿਚ ਹਿੰਦੂ ਲੋਕਾਂ ਨੇ ਆਪਣੇ ਘਰਾਂ ਦੇ ਸਾਹਮਣੇ ਦਰਵਾਜ਼ਿਆਂ 'ਤੇ ਭਗਵੇਂ ਝੰਡੇ ਲਗਾਏ ਹੋਏ ਸਨ। ਉਨਾਂ ਗਲੀਆਂ ਵਿਚ ਕੋਈ ਪੱਥਰ ਦਿਖਾਈ ਨਹੀਂ ਦੇ ਰਿਹਾ ਸੀ। ਨਾ ਕਿਸੇ ਘਰ ਨੂੰ ਹਾਨੀ ਪਹੁੰਚਾਈ ਗਈ ਸੀ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਕਲੋਨੀ ਵਿਚ ਕੋਈ ਹਿੰਸਾ ਨਹੀਂ ਹੋਈ। ਮੰਦਰ ਦੇ ਬ੍ਰਾਹਮਣ ਪੁਜਾਰੀ ਕੁੰਜ ਬਿਹਾਰੀ ਨੇ ਦੱਸਿਆ ਕਿ ਇਕ ਹਿੰਦੂ ਐਸ ਐਸ ਪੀ ਪ੍ਰਵੇਸ਼ ਵਰਮਾ ਦੀ ਮੁਸਲਮਾਨਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਜਦ ਮੈਂ ਇਸ ਦੀ ਜਾਂਚ ਕੀਤੀ ਤਾਂ ਅਜਿਹੀ ਕੋਈ ਖਬਰ ਨਹੀਂ ਸੀ। ਉਨਾਂ ਨੇ ਦਾਅਵਾ ਕੀਤਾ ਕਿ ਉਸਮਾਨਪੁਰ ਵਿਚ ਇਕ ਬ੍ਰਾਹਮਣ ਪੁਜਾਰੀ ਦੀ ਮੁਸਲਮਾਨਾਂ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਹੈ ਤੇ ਸ਼ਿਵ ਵਿਹਾਰ ਵਿਚ ਇਕ ਪੁਜਾਰੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਹੈ। ਇਹ ਦੋਨੋਂ ਹੀ ਇਲਾਕੇ ਉੱਤਰ ਪੂਰਬੀ ਦਿੱਲੀ ਵਿਚ ਆਉਂਦੇ ਹਨ। ਮੈਂ ਸੁਤੰਤਰ ਰੂਪ ਵਿਚ ਇਨਾਂ ਹੱਤਿਆਵਾਂ ਦੀ ਪੁਸ਼ਟੀ ਨਹੀਂ ਕਰ ਸਕਿਆ, ਪਰ ਫਿਰ ਵੀ ਮੈਨੂੰ ਇਨਾਂ ਬਾਰੇ ਕੋਈ ਰਿਪੋਰਟ ਨਹੀਂ ਮਿਲੀ। ਪੁਜਾਰੀ ਕੁੰਜ ਬਿਹਾਰੀ ਕਹਿਣ ਲੱਗਾ ਕਿ ਮੁਗਲਾਂ ਨੇ ਭਾਰਤ 'ਤੇ ਰਾਜ ਕੀਤਾ ਤੇ ਹਿੰਦੂਆਂ ਨੂੰ 422 ਸਾਲ ਤੱਕ ਗੁਲਾਮ ਰੱਖਿਆ ਤੇ ਜ਼ੁਲਮ ਕੀਤੇ। ਪਰ ਮੈਂ ਉਨਾਂ ਨਾਲ ਤਰਕ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉੱਥੇ ਬੈਠੇ ਬ੍ਰਾਹਮਣ ਰਾਜ ਕਿਸ਼ੋਰ ਅਸਵਥੀ ਪੁਜਾਰੀ ਨਾਲ ਸਹਿਮਤ ਸਨ। ਉਨਾਂ ਦੀ ਦਲੀਲ ਸੀ ਗੋਕਲਪੁਰੀ ਵਿਚ ਮੁਸਲਮਾਨਾਂ ਦੇ ਨਾਲ ਜੋ ਹੋਇਆ, ਉਹ ਉਨਾਂ ਦੀ ਕਰਨੀ ਦਾ ਫਲ ਹੈ, ਪਰ ਮੈਂ ਉਨਾਂ ਦੇ ਤਰਕਾਂ 'ਤੇ ਕੋਈ ਸੁਆਲ ਨਹੀਂ ਉਠਾਇਆ।

ਬਿਹਾਰੀ ਨੇ ਦੱਸਿਆ 24 ਫਰਵਰੀ ਨੂੰ ਹਿੰਦੂ ਭੀੜ ਜੈ ਸ੍ਰੀ ਰਾਮ ਦੇ ਨਾਅਰੇ ਲਗਾਉਂਦੀ ਹੋਈ ਗੰਗਾ ਵਿਹਾਰ ਵਲੋਂ ਗੋਕਲਪੁਰੀ ਵਿਚ ਜਾ ਵੜੀ, ਉਹ ਸਾਰੇ ਬਾਹਰੀ ਲੋਕ ਸਨ। ਇਕ ਮੁਸਲਮਾਨ ਨੇ ਉਨਾਂ ਉੱਪਰ ਕੱਚ ਦੀਆਂ ਬੋਤਲ ਸੁੱਟੀ। ਇਸ ਨਾਲ ਭੀੜ ਵਿਗੜ ਗਈ ਤੇ ਉਨਾਂ ਨੇ ਦਰਜਨਾਂ ਘਰ ਤੇ ਦੁਕਾਨਾਂ ਨੂੰ ਫੂਕ ਦਿੱਤਾ। ਇਹ ਤਾਂ ਪ੍ਰਤੀਕਰਮ ਸੀ। ਉਹ ਕਹਿ ਰਹੇ ਸਨ ਕਿ ਮੁਸਲਮਾਨਾਂ ਨਾਲ ਇਹੀ ਵਾਪਰਨਾ ਚਾਹੀਦਾ ਸੀ। ਅਰਿੰਦਮ ਨੇ ਵੀ ਕਿਹਾ ਕਿ ਚਾਂਦਬਾਗ ਵਿਚ ਮੁਸਲਮਾਨ ਹਿੰਦੂਆਂ ਨੂੰ ਮਾਰ ਰਹੇ ਸਨ। ਹਿੰਸਾ ਸ਼ੁਰੂ ਹੋਣ ਦੇ ਬਾਅਦ 30 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਸੀ। ਹਿੰਸਾ ਵਿਚ ਮਾਰੇ ਗਏ ਦਿੱਲੀ ਪੁਲੀਸ ਦੇ ਹੈਡ ਕਾਂਸਟੇਬਲ ਰਤਨ ਲਾਲ ਪਿਛਲੇ ਕੁਝ ਸਾਲਾਂ ਤੋਂ ਗੋਕਲਪੁਰੀ ਵਿਚ ਤੈਨਾਤ ਸਨ ਤੇ ਇੰਟੈਲੀਜੈਸੀ ਅੰਕਿਤ ਸ਼ਰਮਾ ਚਾਂਦ ਬਾਗ ਵਿਚ ਇਕ ਨਾਲੇ ਵਿਚ ਸਾੜੇ ਗਏ। ਇਹ ਲੋਕ ਮੁਸਲਮਾਨਾਂ ਤੋਂ ਇਸ ਲਈ ਵੀ ਨਰਾਜ਼ ਸਨ ਕਿ ਉਨਾਂ ਨੇ ਆਮ ਆਦਮੀ ਪਾਰਟੀ ਨੂੰ ਪੰਜ ਸਾਲਾਂ ਲਈ ਉਨਾਂ ਦੇ ਸਿਰ 'ਤੇ ਬਿਠਾ ਦਿੱਤਾ ਹੈ। ਉਨਾਂ ਦਾ ਕਹਿਣਾ ਸੀ ਕਿ ਕਪਿਲ ਮਿਸ਼ਰਾ ਨੇ ਕੀ ਗਲਤ ਕਿਹਾ ਕਿ ਦੇਸ ਕੇ ਗੱਦਾਰੋ ਗੋਲੀ ਮਾਰੋ ਸਾਲੋ ਕੋ। ਕਪਿਲ ਸ਼ਰਮਾ ਤਾਂ ਇੱਥੇ ਸ਼ਾਹੀਨ ਬਾਗ ਨਹੀਂ ਸਨ ਬਣਨ ਦੇਣਾ ਚਾਹੁੰਦੇ। ਉਨਾਂ ਨੇ ਦੋ ਮਹੀਨੇ ਸਾਡੀ ਘੇਰਾਬੰਦੀ ਕਰ ਰੱਖੀ ਹੈ। ਉੱਥੇ ਹੀ ਇਕ ਸਿੱਖ ਮਨਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ 1984 ਵਿਚ ਦਿੱਲੀ ਵਿਚ ਸਿੱਖ ਵਿਰੋਧੀ ਹਿੰਸਾ ਦੇਖੀ ਸੀ ਤੇ ਉਹ ਕਦੀ ਵੀ ਰਾਸ਼ਟਰੀ ਰਾਜਧਾਨੀ ਵਿਚ ਅਜਿਹੀਆਂ ਚੀਜ਼ਾਂ ਨਹੀਂ ਦੇਖਣਾ ਚਾਹੁੰਦੇ। ਉਨਾਂ ਨੇ ਕਿਹਾ ਕਿ ਨਵੰਬਰ 84 ਸਿੱਖ ਕਤਲੇਆਮ ਤੇ ਹੁਣ ਹੋਈ ਹਿੰਸਾ ਵਿਚ ਬਹੁਤ ਵੱਡਾ ਫਰਕ ਹੈ। ਸਿੱਖ ਆਰਗੇਨਾਈਜ਼ ਨਹੀਂ ਸਨ, ਪਰ ਮੁਸਲਮਾਨ ਆਰਗੇਨਾਈਜ਼ ਸਨ, ਇਸ ਕਾਰਨ ਮੁਸਲਮਾਨਾਂ ਦਾ ਜਾਨੀ-ਮਾਲੀ ਨੁਕਸਾਨ ਘੱਟ ਹੋਇਆ ਹੈ। ਇਸ ਦੇ ਮੁਕਾਬਲੇ ਸਿੱਖਾਂ ਦਾ ਨੁਕਸਾਨ ਬਹੁਤ ਹੋਇਆ ਸੀ।

---

# ਰਾਸ਼ਟਰੀ ਵਿਗਿਆਨ ਦਿਵਸ

**- ਗੋਬਿੰਦਰ ਸਿੰਘ ਢੀਂਡਸਾ**

ਲੋਕਾਂ ਨੂੰ ਵਿਗਿਆਨ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਅਤੇ ਵਿਦਿਆਰਥੀਆਂ ਨੂੰ ਵਿਗਿਆਨ ਦੇ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ ਅਤੇ ਪਹਿਲੀ ਵਾਰ 28 ਫਰਵਰੀ 1987 ਨੂੰ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ। ਸਾਲ 2020 ਦਾ ਰਾਸ਼ਟਰੀ ਵਿਗਿਆਨ ਦਿਵਸ ਦਾ ਵਿਸ਼ਾ 'ਵਿਗਿਆਨ ਵਿੱਚ ਔਰਤਾਂ' ਹੈ।

ਪ੍ਰੋ. ਚੰਦਰ ਸ਼ੇਖਰ ਵੇਂਕਟਰਮਨ ਰਮਨ ਨੇ 20 ਫਰਵਰੀ 1928 ਨੂੰ ਉੱਚਕੋਟੀ ਵਿਗਿਆਨਿਕ ਖੋਜ ਕੀਤੀ ਜੋ ਕਿ 'ਰਮਨ ਪ੍ਰਭਾਵ' ਦੇ ਨਾਂ ਨਾਲ ਪ੍ਰਸਿੱਧ ਹੈ। ਉਨਾਂ ਨੂੰ ਇਸ ਖੋਜ ਕਰਕੇ ਹੀ ਭੌਤਿਕੀ ਦੇ ਖੇਤਰ ਵਿੱਚ ਸਾਲ 1930 ਦਾ ਨੋਬਲ ਪੁਰਸਕਾਰ ਦਿੱਤਾ ਗਿਆ ਜੋ ਕਿ ਭੌਤਿਕੀ ਦੇ ਖੇਤਰ ਵਿੱਚ ਅਜਿਹਾ ਕਰਨ ਵਾਲੇ ਏਸ਼ੀਆ ਦੇ ਪਹਿਲੇ ਵਿਅਕਤੀ ਸਨ।

ਪਿਤਾ ਚੰਦਰਸੇਖਰ ਅਈਅਰ ਜੋ ਕਿ ਭੌਤਿਕੀ ਅਤੇ ਗਣਿਤ ਦੇ ਵਿਦਵਾਨ ਸੀ ਦੇ ਘਰ ਮਾਂ ਪਾਰਬਤੀ ਅੰਮਲ ਦੀ ਕੁੱਖੋ ਸੀ.ਵੀ. ਰਮਨ ਦਾ ਜਨਮ 7 ਨਵੰਬਰ 1888 ਨੂੰ ਤਾਮਿਲਨਾਡੂ ਦੇ ਤਿਰੂਚਿਰਾਪੱਲੀ ਵਿੱਚ ਹੋਇਆ। ਸੀ.ਵੀ. ਰਮਨ ਪੜਣ ਵਿੱਚ ਬਹੁਤ ਹੁਸ਼ਿਆਰ ਸੀ, ਉਹਨਾਂ ਨੇ 11 ਵਰਿਆਂ ਦੀ ਉਮਰ ਵਿੱਚ ਦਸਵੀਂ ਅਤੇ 13 ਸਾਲ ਦੀ ਉਮਰ ਵਿੱਚ ਇੰਟਰਮੀਡੀਅਟ ਇਮਤਿਹਾਨ ਪਾਸ ਕਰ ਲਏ ਸੀ। 6 ਮਈ 1907 ਨੂੰ ਤ੍ਰਿਲੋਕਸੁੰਦਰੀ ਨਾਲ ਵਿਵਾਹਿਕ ਜੀਵਨ ਵਿੱਚ ਬੱਝੇ।

1917 ਵਿੱਚ ਲੰਦਨ ਵਿੱਚ ਬ੍ਰਿਟਿਸ਼ ਰਾਸ਼ਟਰਮੰਡਲ ਦੇ ਵਿਸ਼ਵ ਵਿਦਿਆਲਿਆਂ ਦਾ ਸੰਮੇਲਨ ਸੀ। ਰਮਨ ਨੇ ਉਸ ਸੰਮੇਲਨ ਵਿੱਚ ਕੱਲਕੱਤਾ ਵਿਸ਼ਵ ਵਿਦਿਆਲਾ ਦੀ ਅਗਵਾਈ ਕੀਤੀ। ਇਹ ਰਮਨ ਦੀ ਪਹਿਲੀ ਵਿਦੇਸ਼ ਯਾਤਰਾ ਸੀ। ਇਸ ਵਿਦੇਸ਼ ਯਾਤਰਾ ਦੇ ਸਮੇਂ ਉਹਨਾਂ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਘਟਨਾ ਘਟੀ। ਪਾਣੀ ਦੇ ਜਹਾਜ਼ ਤੋਂ ਉਹਨਾਂ ਨੇ ਭੂ ਮੱਧ ਸਾਗਰ ਦੇ ਗਹਿਰੇ ਨੀਲੇ ਪਾਣੀ ਨੂੰ ਵੇਖਿਆ ਅਤੇ ਇਸ ਨੀਲੇ ਪਾਣੀ ਨੂੰ ਦੇਖ ਕੇ ਰਮਨ ਦੇ ਮਨ ਵਿੱਚ ਇੱਕ ਵਿਚਾਰ ਆਇਆ ਕਿ ਇਹ ਨੀਲਾ ਰੰਗ ਪਾਣੀ ਦਾ ਹੈ ਜਾਂ ਨੀਲੇ ਆਸਮਾਨ ਦਾ ਸਿਰਫ਼ ਪਰਾਵਰਤਨ ਹੈ। ਬਾਅਦ ਵਿੱਚ ਰਮਨ ਨੇ ਇਸ ਘਟਨਾ ਨੂੰ ਆਪਣੀ ਖੋਜ ਦੁਆਰਾ ਸਮਝਾਇਆ ਕਿ ਇਹ ਨੀਲਾ ਰੰਗ ਨਾ ਪਾਣੀ ਦਾ ਹੈ, ਨਾ ਹੀ ਆਸਮਾਨ ਦਾ। ਇਹ ਨੀਲਾ ਰੰਗ ਤਾਂ ਪਾਣੀ ਅਤੇ ਹਵਾ ਦੇ ਕਣਾਂ ਦੁਆਰਾ ਰੌਸ਼ਨੀ ਦੇ ਖਿੰਡਾਉਣ ਤੋਂ ਪੈਦਾ ਹੁੰਦਾ ਹੈ। ਕਿਉਂਕਿ ਖਿੰਡਾਉਣ ਦੀ ਘਟਨਾ ਵਿੱਚ ਸੂਰਜ ਦੇ ਪ੍ਰਕਾਸ਼ ਦੇ ਸਾਰੇ ਰੰਗ ਅਵਸ਼ੋਸ਼ਿਤ ਕਰ ਊਰਜਾ ਵਿੱਚ ਬਦਲ ਜਾਂਦੇ ਹਨ, ਪਰੰਤੂ ਨੀਲੇ ਪ੍ਰਕਾਸ਼ ਨੂੰ ਵਾਪਿਸ ਪਰਾਵਰਤਿਤ ਕਰ ਦਿੱਤਾ ਜਾਂਦਾ ਹੈ। ਸੱਤ ਸਾਲ ਦੀ ਸਖ਼ਤ ਮਿਹਤਨ ਤੋਂ ਬਾਅਦ ਰਮਨ ਨੇ ਇਸ ਭੇਦ ਦੇ ਕਾਰਨਾਂ ਨੂੰ ਖੋਜਿਆ ਸੀ, ਇਹ ਖੋਜ ਰਮਨ ਪ੍ਰਭਾਵ ਦੇ ਨਾਮ ਨਾਲ ਪੂਰੇ ਸੰਸਾਰ ਵਿੱਚ ਪ੍ਰਸਿੱਧ ਹੈ।

ਸਾਲ 1952 ਵਿੱਚ ਸੀ.ਵੀ. ਰਮਨ ਨੂੰ ਭਾਰਤ ਦੇ ਉਪ ਰਾਸ਼ਟਰਪਤੀ ਪਦ ਨਾਲ ਚੁਣੇ ਜਾਣ ਦਾ ਪ੍ਰਸਤਾਵ ਆਇਆ ਅਤੇ ਉਹਨਾਂ ਨੂੰ ਬਿਨਾਂ ਕਿਸੇ ਵਾਦ-ਵਿਵਾਦ ਦੇ ਪੂਰਨ ਸਮੱਰਥਨ ਵੀ ਮਿਲ ਰਿਹਾ ਸੀ ਪਰੰਤੂ ਸੀ.ਵੀ. ਰਮਨ ਨੂੰ ਰਾਜਨੀਤੀ ਵਿੱਚ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਸੀ ਅਤੇ ਉਹਨਾਂ ਨੇ ਇਸ ਗੌਰਵਮਈ ਪਦ ਤੇ ਬਿਰਾਜਮਾਨ ਹੋਣ ਨੂੰ ਸਨਮਾਨਪੂਰਕਵਕ ਮਨਾ ਕਰ ਦਿੱਤਾ।

ਡਾ. ਰਮਨ ਨੂੰ ਭਾਰਤ ਸਰਕਾਰ ਨੇ 1954 ਵਿੱਚ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ 'ਭਾਰਤ ਰਤਨ' ਦਿੱਤਾ ਅਤੇ ਸੋਵੀਅਤ ਰੂਸ ਨੇ ਉਹਨਾਂ ਨੂੰ 1957 ਵਿੱਚ 'ਲੇਨਿਨ ਪੁਰਸਕਾਰ' ਨਾਲ ਸਨਮਾਨਿਤ ਕੀਤਾ।

21 ਨਵੰਬਰ 1970 ਨੂੰ 82 ਵਰਿਆਂ ਦੀ ਉਮਰ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਡਾ. ਰਮਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

---

**ਮਿੰਨੀ ਕਹਾਣੀ**

# ਅਡਜਸਟਮੈਂਟ

**-ਮੇਜਰ ਸਿੰਘ ਨਾਭਾ**

ਮਾਸਟਰ ਜੋਗਿੰਦਰ ਸਿੰਘ ਦਾ ਪਿੰਡ ਸਕੂਲ ਤੋਂ ਨੇੜੇ ਹੀ ਸੀ। ਉਹ ਹਮੇਸ਼ਾ ਸਮੇਂ ਤੋਂ ਪਹਿਲਾਂ ਆਪਣੇ ਸਕੂਟਰ 'ਤੇ ਸਕੂਲ ਜਾਂਦਾ। ਕਈ ਅਧਿਆਪਕ 50-60 ਕਿਲੋਮੀਟਰ ਸਫ਼ਰ ਤੈਅ ਕਰ ਕੇ ਬੱਸ ਰਾਹੀਂ ਆਉਂਦੇ। ਗਰਮੀਆਂ ਦੇ ਦਿਨਾਂ ਵਿਚ ਸਕੂਲਾਂ ਦਾ ਸਮਾਂ ਬਦਲਣ ਕਾਰਨ ਉਨਾਂ ਨੂੰ ਪਹਿਲੀ ਬੱਸ ਹੀ ਆਉਣਾ ਪੈਂਦਾ। ਬੱਸ ਲੇਟ ਹੋ ਜਾਣ ਕਾਰਨ ਕਈ ਵਾਰ ਉਹ ਲੇਟ ਹੋ ਜਾਂਦੇ। ਮੁੱਖ ਅਧਿਆਪਕ ਉਨਾਂ ਦੀ ਮਜ਼ਬੂਰੀ ਸਮਝਦਾ ਸੀ ਤੇ ਉਨਾਂ ਨੂੰ ਅਡਜੈਸਟ ਕਰ ਲੈਂਦਾ। ਅਧਿਆਪਕ ਵੀ ਆਪਣਾ ਸਕੂਲੀ ਸਮਾਂ ਇਮਾਨਦਾਰੀ ਨਾਲ ਪੀਰੀਅਡ ਲਗਾ ਕੇ ਪੂਰਾ ਕਰਦੇ।

ਮਾਸਟਰ ਜੋਗਿੰਦਰ ਸਿੰਘ ਲੇਟ ਆਉਣ ਵਾਲੇ ਅਧਿਆਪਕਾਂ ਪ੍ਰਤੀ ਖਿਝਦਾ ਸੀ। ਕਿਸੇ ਕਾਰਨ ਮੁੱਖ ਅਧਿਆਪਕ ਨੂੰ ਲੰਬੀ ਛੁੱਟੀ 'ਤੇ ਜਾਣਾ ਪੈ ਗਿਆ। ਸੀਨੀਅਰ ਅਧਿਆਪਕ ਹੋਣ ਕਾਰਨ ਜੋਗਿੰਦਰ ਸਿੰਘ ਸਕੂਲ ਦੇ ਇੰਚਾਰਜ ਬਣ ਗਏ। ਜਿਹੜਾ ਵੀ ਅਧਿਆਪਕ ਪੰਜ ਮਿੰਟ ਲੇਟ ਹੁੰਦਾ, ਉਹ ਉਸ ਦੀ ਛੁੱਟੀ ਭਰ ਦਿੰਦਾ। ਉਹ ਆਪਣੇ ਆਪ ਨੂੰ ਆਦਰਸ਼ ਅਧਿਆਪਕ ਸਮਝਦਾ ਸੀ। ਅਧਿਆਪਕ ਬੜੇ ਔਖੇ ਸੀ। ਮੁੱਖ ਅਧਿਆਪਕ ਦੇ ਆਉਣ 'ਤੇ ਅਧਿਆਪਕਾਂ ਨੇ ਸੁੱਖ ਦਾ ਸਾਹ ਲਿਆ।

ਇਕ ਦਿਨ ਜੋਗਿੰਦਰ ਸਿੰਘ ਦੀ ਰੀੜ ਦੀ ਹੱਡੀ ਦਾ ਮਣਕਾ ਹਿੱਲ ਗਿਆ। ਡਾਕਟਰ ਨੇ ਮੰਜੇ 'ਤੇ ਲੇਟਣ ਲਈ ਕਹਿ ਦਿੱਤਾ। ਉਸ ਦੀਆਂ ਬਹੁਤੀਆਂ ਛੁੱਟੀਆਂ ਐਵੇਂ ਲੰਘ ਗਈਆਂ। ਡਾਕਟਰ ਨੇ ਸਕੂਟਰ ਚਲਾਉਣਾ ਮਨਾ ਕਰ ਦਿੱਤਾ। ਹੁਣ ਜੋਗਿੰਦਰ ਸਿੰਘ ਨੂੰ ਸਕੂਲ 'ਚ ਕਦੀ-ਕਦੀ ਲੇਟ ਆਉਣ ਵਾਲੇ ਅਧਿਆਪਕਾਂ ਨਾਲ ਹੀ ਆਉਣਾ ਪੈਂਦਾ ਸੀ। ਇਹ ਉਸ ਦੀ ਮਜ਼ਬੂਰੀ ਹੋ ਗਈ ਸੀ। ਹੁਣ ਜਦੋਂ ਕਈ ਵਾਰ ਬੱਸ ਲੇਟ ਹੋ ਜਾਂਦੀ ਤਾਂ ਚੁੱਪ ਕਰਕੇ ਜੋਗਿੰਦਰ ਸਿੰਘ ਵੀ ਉਨਾਂ ਅਧਿਆਪਕਾਂ ਨਾਲ ਹਾਜ਼ਰੀ ਲਾ ਲੈਂਦਾ। ਹੁਣ ਉਹ ਦੂਰੋਂ ਆਉਣ ਵਾਲੇ ਅਧਿਆਪਕਾਂ ਦੀ ਮਜ਼ਬੂਰੀ ਨੂੰ ਆਪਣੇ ਅੰਦਰੋਂ ਸਮਝ ਚੁੱਕਾ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES

4 ਮਾਰਚ 2020 2020 ਤੋਂ 10 ਮਾਰਚ 2020

## ਵਿਸ਼ਵ ਸ਼ਾਂਤੀ ਦੇ ਦੂਤ

ਦਿੱਲੀ ਵਿਚ ਹੋਈ ਤਾਜ਼ਾ ਹਿੰਸਾ ਦਿੱਲੀ ਸਿੱਖ ਕਤਲੇਆਮ ਨਵੰਬਰ 84 ਤੋਂ ਵੱਖਰੀ ਨਹੀਂ ਹੈ। ਉਤਰ-ਪੂਰਬੀ ਦਿੱਲੀ ਦੇ ਦਰਜਨ ਦੇ ਕਰੀਬ ਖੇਤਰਾਂ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭਾਰਤ ਫੇਰੀ ਵਾਲੇ ਦੋ ਦਿਨ 24 ਅਤੇ 25 ਫਰਵਰੀ ਨੂੰ ਵੱਡੇ ਪੱਧਰ ’ਤੇ ਹੋਈ ਸਾੜਫੂਕ, ਲੁੱਟ ਤੇ ਕਤਲਾਂ ਦਾ ਸਿਲਸਿਲਾ ਬਿਲਕੁੱਲ ਨਵੰਬਰ ’84 ਵਾਲੇ ਨਮੂਨੇ ’ਤੇ ਹੋਇਆ ਹੈ। ਅੱਗੇ ਸ਼ੋਸ਼ਲ ਮੀਡੀਆ ਨਹੀਂ ਸੀ, ਪਰ ਹੁਣ ਮੌਜੂਦ ਹੈ, ਜਿਸ ਕਰਕੇ ਘਟਨਾਵਾਂ ਦਾ ਸੱਚ ਸਾਹਮਣੇ ਆਇਆ ਹੈ। ਸ਼ੋਸ਼ਲ ਮੀਡੀਏ ਵਿਚ ਆਈਆਂ ਫਿਲਮਾਂ ਨੇ ਦਰਸਾ ਦਿੱਤਾ ਕਿ ਇਹ ਹਿੰਸਾ ਪੁਲੀਸ ਦੀ ਅਗਵਾਈ ਵਿਚ ਹੋਈ ਅਤੇ ਪੁਲੀਸ ਵੀ ਕਈ ਥਾਂ ’ਤੇ ਹਿੰਸਾ ਵਿਚ ਸ਼ਾਮਲ ਸੀ। ਬੜੇ ਦਿਨਾਂ ਤੋਂ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਖਿਲਾਫ਼ ਭਾਜਪਾ ਆਗੂਆਂ ਵਲੋਂ ਅੱਗ ਉਗਲੀ ਜਾ ਰਹੀ ਸੀ, ‘ਦੇਸ ਕੇ ਗਦਾਰੋ ਕੋ ਗੋਲੀ ਮਾਰੋ ਸਾਲੋ ਕੋ’। ਮੁਸਲਮਾਨਾਂ ਤੇ ਉਨਾਂ ਦੇ ਹਮਾਇਤੀਆਂ ਨੂੰ ਦੇਸ਼ ਵਿਰੋਧੀ ਹੋਣ ਦੇ ਫਤਵਿਆਂ ਨਾਲ ਨਿਵਾਜਿਆ ਜਾ ਰਿਹਾ ਸੀ।

24 ਫਰਵਰੀ ਦੀ ਦੁਪਹਿਰ ਨੂੰ ਕੇਜਰੀਵਾਲ ਸਰਕਾਰ ਵਿਚ ਮੰਤਰੀ ਰਹੇ ਤੇ ਹੁਣ ਭਾਜਪਾ ਦੇ ਆਗੂ ਬਣੇ ਕਪਿਲ ਮਿਸ਼ਰਾ ਨੇ ਯਮੁਨਾਪਾਰ ਦੇ ਭਜਨਪੁਰ ਚੌਕ ਵਿਚ ਨਾਗਰਿਕਤਾ ਕਾਨੂੰਨ ਖਿਲਾਫ਼ ਧਰਨਾ ਦੇ ਰਹੀਆਂ ਔਰਤਾਂ ਦੇ ਖਿਲਾਫ਼ ਵੱਡੇ ਪੁਲਿਸ ਅਫਸਰਾਂ ਦੀ ਹਾਜ਼ਰੀ ਵਿਚ ਭੜਕਾਹਟ ਭਰੀ ਤੇ ਅਪਮਾਨਜਨਕ ਸ਼ਬਦਾਵਲੀ ਵਰਤੀ ਕਿ ਸੜਕਾਂ ਖਾਲੀ ਕਰ ਦਿਓ, ਨਹੀਂ ਤਾਂ ਟਰੰਪ ਦੇ ਜਾਣ ਤੋਂ ਬਾਅਦ ਅਸੀਂ ਖਾਲੀ ਕਰਵਾ ਲਵਾਂਗੇ। ਇਸ ਧਮਕੀ ਭਰੇ ਬਿਆਨ ਤੋਂ ਕੁਝ ਘੰਟਿਆਂ ਬਾਅਦ ਇਹ ਹਿੰਸਾ ਭੜਕ ਗਈ। ਭੀੜ ਕੋਲ ਖਤਰਨਾਕ ਹਥਿਆਰ, ਬੰਦੂਕਾਂ, ਪੈਟਰੋਲ ਬੰਬ ਤੇ ਹੋਰ ਮਾਰੂ ਅਸਲਾ ਸੀ। ਉੱਤਰ-ਪੂਰਬੀ ਦਿੱਲੀ ਵਿਚ ਪੈਂਦੇ ਸ਼ਿਵ ਵਿਹਾਰ, ਭਜਨਪੁਰਾ, ਚਾਂਦਬਾਗ, ਜਾਫਰਾਬਾਦ, ਖਜੂਰੀ, ਮੌਜਪੁਰ, ਕਰਦਮਪੁਰੀ, ਮੁਸਤਫਾਬਾਦ, ਬਰਿਜਪੁਰੀ, ਗੋਕਲਪੁਰੀ, ਸੀਲਮਪੁਰ, ਕਬੀਰ ਨਗਰ ਆਦਿ ਪੈਂਦੇ ਖੇਤਰਾਂ ਵਿਚ 50 ਤੋਂ ਵੱਧ ਲੋਕ ਜਾਨ ਤੋਂ ਹੱਥ ਧੋ ਬੈਠੇ ਹਨ, 700 ਤੋਂ ਵੱਧ ਜ਼ਖ਼ਮੀ ਹੋਏ ਹਨ। ਸਾਰੇ ਹੀ ਮੁਹੱਲਿਆਂ ਵਿਚ ਹੋ-ਹੱਲਾ ਮਚਾਉਂਦੇ ਗੁੰਡਿਆਂ ਦੇ ਮੂੰਹ-ਸਿਰ ਹੈਲਮਟਾਂ ਨਾਲ ਢਕੇ ਹੋਣ ਦੀ ਗੱਲ ਸ਼ੋਸ਼ਲ ਮੀਡੀਆ ਰਾਹੀਂ ਸਾਹਮਣੇ ਆਈ ਹੈ। ਸਭ ਦੇ ਨਾਅਰੇ ਜੈ ਸ੍ਰੀ ਰਾਮ ਸਨ ਤੇ ਕਹਿ ਰਹੇ ਸਨ ਕਿ ਮੁਲੋ ਕੋ ਸਬਕ ਸਿਖਾਓ। ਦੱਸਿਆ ਜਾਂਦਾ ਹੈ ਕਿ ਭਗਵੇਂ ਗੁੰਡਿਆਂ ਨੇ ਰਸਤਿਆਂ ਵਿਚ ਰੋਕ ਕੇ ਖਾਸ ਕਰ ਮੁਸਲਮਾਨ ਨੌਜਵਾਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ।

ਗੁਰੂ ਤੇਗ ਬਹਾਦਰ ਹਸਪਤਾਲ ਦਿਲਸ਼ਾਦ ਗਾਰਡਨ ਵਿਚ ਆਈਆਂ ਲਾਸ਼ਾਂ ਸੰਭਾਲਣ ਤੇ ਸਸਕਾਰ ਕਰਾਉਣ ਵਿਚ ਸ਼ਾਮਿਲ ਸਮਾਜ ਸੇਵੀ ਸੰਸਥਾ ਦੇ ਮੁਖੀ ਸਾਬਕਾ ਵਿਧਾਇਕ ਆਗੂ ਸ: ਜਤਿੰਦਰ ਸਿੰਘ ਸ਼ੰਟੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਗੋਲੀਆਂ ਮਿੱਥ ਕੇ ਮਾਰੀਆਂ ਗਈਆਂ ਤੇ ਮਰਨ ਵਾਲੇ ਸਾਰੇ ਨੌਜਵਾਨ ਸਨ ਤੇ ਗੋਲੀਆਂ ਉਨਾਂ ਦੇ ਮੱਥੇ, ਮੂੰਹ ਜਾਂ ਛਾਤੀ ਵਿਚ ਲੱਗੀਆਂ।

ਮੁਸਲਮਾਨ ਭਾਈਚਾਰੇ ਦੇ ਲੋਕਾਂ ਦੀਆਂ ਦੁਕਾਨਾਂ ਚੁਣ ਕੇ ਸਾੜੀਆਂ ਤੇ ਲੁੱਟੀਆਂ। ਸ਼ਿਵ ਵਿਹਾਰ ਵਿਚ ਮੀਲ ਲੰਬੀ ਪਟੀ ਵਿਚ ਸੜੇ ਵਾਹਨ ਖੜੇ ਹਨ। ਚਾਰ ਮਸਜਿਦਾਂ ਤੇ ਦੋ ਮਦਰੱਸਿਆਂ ਨੂੰ ਅੱਗ ਲੱਗੀ। ਇਹ ਵੀ ਵਰਨਣਯੋਗ ਗੱਲ ਹੈ ਕਿ ਸਾਰੇ ਖੇਤਰ ਵਿਚ ਕਈ ਦਰਜਨ ਹਿੰਦੂ ਧਾਰਮਿਕ ਅਸਥਾਨ ਹਨ ਪਰ ਕਿਸੇ ਨੂੰ ਵੀ ਨੁਕਸਾਨ ਨਹੀਂ ਪੁੱਜਾ। ਨਵੰਬਰ ’84 ਵਿਚ ਜਿਸ ਤਰਾਂ ਹਿੰਸਾ ਪੀੜਤ ਸ਼ਹਿਰਾਂ ਤੋਂ ਵੱਡੀ ਗਿਣਤੀ ਸਿੱਖ ਹਿਜਰਤ ਕਰਕੇ ਪੰਜਾਬ ਚਲੇ ਗਏ ਸਨ, ਲਗਪਗ ਉਸੇ ਤਰਾਂ ਪ੍ਰਭਾਵਿਤ ਖੇਤਰਾਂ ਦੇ ਮੁਸਲਮਾਨ ਘਰਾਂ ਨੂੰ ਤਾਲੇ ਲਗਾ ਕੇ ਉੱਤਰ ਪ੍ਰਦੇਸ਼ ਤੇ ਪੰਜਾਬ ਵਲ ਜਾਣੇ ਸ਼ੁਰੂ ਹੋ ਗਏ ਹਨ।

ਪੂਰਬੀ ਦਿੱਲੀ ਵਿੱਚ ਭੜਕੀ ਫਿਰਕੂ ਹਿੰਸਾ ਵਿੱਚ ਘੱਟੋ-ਘੱਟ 40 ਜਾਨਾਂ ਗਈਆਂ ਹਨ ਤੇ ਸੈਂਕੜੇ ਲੋਕ ਜ਼ਖਮੀ ਹੋ ਗਏ। ਜਦੋਂ ਇੱਕ ਦੂਜੇ ਦੀ ਖ਼ੂਨ ਦੀ ਪਿਆਸੀ ਭੀੜ ਭੜਕੀ ਹੋਈ ਸੀ ਤਾਂ ਸਿੱਖਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਜਾਤ-ਧਰਮ ਤੋਂ ਉੱਪਰ ਉੱਠ ਕੇ ਲੋਕਾਂ ਦੀ ਮਦਦ ਕੀਤੀ। ਬਹੁਤ ਸਾਰੀਆਂ ਗੁਰਦੁਆਰਾ ਕਮੇਟੀਆਂ ਵਲੋਂ ਪ੍ਰਭਾਵਿਤ ਖੇਤਰਾਂ ਵਿਚ ਸਵੇਰੇ-ਸ਼ਾਮ ਲੰਗਰ ਵਰਤਾਇਆ ਗਿਆ।

ਖਾਲਸਾ ਏਡ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤ ਲੋਕਾਂ ਦੀ ਸਾਰ ਲੈਣ ਲਈ ਪੂਰੀ ਤਰਾਂ ਸਰਗਰਮ ਹੈ। ਉਜੜੇ ਲੋਕਾਂ ਦੇ ਰਹਿਣ ਦੇ ਇੰਤਜ਼ਾਮ, ਲੰਗਰ ਦਾ ਇੰਤਜ਼ਾਮ, ਮੈਡੀਕਲ ਸਹੂਲਤਾਂ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਦੀ ਥਾਂ ਖਾਲਸਾ ਜੀ ਰਾਹਤ ਕਾਰਜ ਵਿਚ ਸਰਗਰਮ ਹਨ।

53 ਸਾਲ ਦੇ ਭਾਈ ਮੋਹਿੰਦਰ ਸਿੰਘ ਆਪਣੇ ਪੁੱਤਰ ਇੰਦਰਜੀਤ ਸਿੰਘ ਨੇ 50 ਮੁਸਲਮਾਨਾਂ ਨੂੰ ਸੁਰੱਖਿਅਤ ਥਾਂ ’ਤੇ ਪਹੁੰਚਾ ਕੇ ਤੇ ਉਨਾਂ ਦੀ ਜਾਨਾਂ ਬਚਾ ਕੇ ਅਮਨ ਦੂਤ ਦੀ ਭੂਮਿਕਾ ਨਿਭਾਈ ਹੈ ਤੇ ਸੁਨੇਹਾ ਦਿੱਤਾ ਕਿ ਸਿੱਖ ਵਾਹਿਗੁਰੂ ਦੇ ਮੈਸੇਂਜਰ ਹਨ, ਜੋ ਜ਼ੁਲਮ ਦੇ ਵਿਰੁਧ ਹਨ ਤੇ ਭੀੜਾਂ ਪੈਣ ’ਤੇ ਪੀੜਤਾਂ ਦੇ ਹੱਕ ਵਿਚ ਖੜਦੇ ਹਨ।

ਮੋਹਿੰਦਰ ਸਿੰਘ ਨੇ ਆਪਣੇ ਬੇਟੇ ਦੀ ਮਦਦ ਨਾਲ ਆਪਣੇ ਦੁਪਹੀਆਂ ਵਾਹਨਾਂ ਉੱਤੇ ਗੋਕੁਲਪੁਰੀ ਬਾਜ਼ਾਰ ਤੋਂ ਮੁਸਲਮਾਨ ਪਰਿਵਾਰਾਂ ਨੂੰ ਕਰਦਮਪੁਰੀ ਤੱਕ ਪਹੁੰਚਾਇਆ।

ਮੁਹੰਮਦ ਹਮਜਾ ਉਸ ਵੇਲੇ ਉਸੇ ਮਸਜਿਦ ਵਿੱਚ ਸੀ, ਜੋ ਤੋੜੀ ਭੰਨੀ ਗਈ। ਉਨਾਂ ਨੇ ਦੱਸਿਆ, “ਇੱਕਦਮ ਭਗਦੜ ਮਚੀ ਤੇ ਜੈ ਸ੍ਰੀਰਾਮ ਦੇ ਨਾਅਰਿਆਂ ਦੀ ਆਵਾਜ਼ ਆਉਣ ਲੱਗੀ। ਅਸੀਂ ਸਭ ਤੋਂ ਪਹਿਲਾਂ ਭੱਜ ਕੇ ਮਸਜਿਦ ਦੇ ਦਰਵਾਜੇ ਬੰਦ ਕੀਤੇ। ਉਸੇ ਵੇਲੇ ਮਸਜਿਦ ’ਤੇ ਲਾਠੀਆਂ ਡੰਡਿਆਂ ਨਾਲ ਹਮਲਾ ਹੋ ਗਿਆ ਸੀ।”

“ਮਸਜਿਦ ਵਿੱਚ ਚੀਕ-ਪੁਕਾਰ ਸੁਣਾਈ ਦੇ ਰਹੀ ਸੀ। ਥੋੜੀ ਦੇਰ ਲਈ ਭੀੜ ਉੱਥੋਂ ਹਟੀ ਤੇ ਅੱਗੇ ਚਲੀ ਗਈ। ਸਾਡੇ ਸਾਹਮਣੇ ਸਰਦਾਰ ਜੀ (ਮੋਹਿੰਦਰ ਸਿੰਘ) ਰਹਿੰਦੇ ਹਨ, ਉਹ ਆਏ ਤੇ ਕਹਿੰਦੇ ਕਿ ਡਰੋ ਨਾ, ਅਸੀਂ ਤੁਹਾਡੇ ਨਾਲ ਹਾਂ।”

ਮੁਹੰਮਦ ਹਮਜ਼ਾ ਕਹਿੰਦੇ ਹਨ ਕਿ ਮੋਹਿੰਦਰ ਸਿੰਘ ਨੇ ਮੇਰੇ ਪਰਿਵਾਰ ਤੇ ਕਈ ਲੋਕਾਂ ਨੂੰ ਆਪਣੇ ਘਰ ਵਿੱਚ ਪਨਾਹ ਦਿੱਤੀ। ਸਭ ਤੋਂ ਪਹਿਲਾਂ ਤਾਂ ਉਨਾਂ ਨੇ ਮੇਰੇ ਪੱਗ ਬੰਨੀ। ਮੈਂ ਬਹੁਤ ਡਰਿਆ ਹੋਇਆ ਸੀ। ਉਹ ਪਹਿਲਾਂ ਤਾਂ ਮੇਰੇ ਪਰਿਵਾਰ ਨੂੰ ਛੱਡ ਕੇ ਆਏ ਸੀ। ਫਿਰ ਮੈਨੂੰ।”

ਮੈਂ ਹੌਂਸਲੇ ਵਿਚ ਆ ਗਿਆ ਤੇ ਮੈਂ ਸਭ ਨੂੰ ਕਿਹਾ ਕਿ ਸਾਨੂੰ ਹੁਣ ਘਬਰਾਉਣ ਦੀ ਲੋੜ ਨਹੀਂ ਸਾਨੂੰ ਸਰਦਾਰ ਜੀ ਬਚਾਉਣਗੇ।”

ਸਿਰਫ ਭਾਰਤੀ ਮੀਡੀਏ ਵਿਚ ਹੀ ਨਹੀਂ, ਵਿਦੇਸ਼ੀ ਮੀਡਿਆ ਵਿੱਚ ਵੀ ਭਾਈ ਮੋਹਿੰਦਰ ਸਿੰਘ ਦੀ ਪ੍ਰਸ਼ੰਸ਼ਾ ਹੋ ਰਹੀ ਹੈ। ਮੋਹਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਦਾ ਪੁੱਤਰ ਜਿੱਥੇ ਬੁਲੇਟ ਵਲੋਂ ਲੋਕਾਂ ਨੂੰ ਸੁਰੱਖਿਅਤ ਜਗਾ ਉੱਤੇ ਅਪੜਾ ਰਿਹਾ ਸੀ ਤੇ ਉਹ ਐਕਟਿਵਾ ਦੇ ਜ਼ਰੀਏ ਇਹ ਕੰਮ ਕਰ ਰਹੇ ਸਨ। ਲੋਕਾਂ ਨੂੰ ਬਚਾਉਣ ਲਈ ਉਨਾਂ ਨੇ ਗੋਕੁਲਪੁਰੀ ਵਿਚ ਕਰਦਮਪੁਰੀ ਦੇ ਵਿੱਚ ਇੱਕ ਘੰਟੇ ਵਿੱਚ 20 ਚੱਕਰ ਲਗਾਏ।

ਇਥੋਂ ਦੇ ਮੁਸਲਮਾਨ ਲੋਕ ਡਰੇ-ਸਹਿਮੇ ਹੋਏ ਹਨ ਪਰ ਇਹ ਇਸ ਗੱਲ ਤੋਂ ਰਾਹਤ ਮਹਿਸੂਸ ਕਰਦੇ ਹਨ ਕਿ ਮਹਿੰਦਰ ਸਿੰਘ ਤੇ ਇੰਦਰਜੀਤ ਸਿੰਘ ਵਰਗੇ ਲੋਕਾਂ ਦੀ ਵਜ੍ਹਾ ਨਾਲ ਇਨਸਾਨੀਅਤ ਅਜੇ ਜ਼ਿੰਦਾ ਹੈ।

**ਪ੍ਰੋ. ਬਲਵਿੰਦਰਪਾਲ ਸਿੰਘ**

# ਮੰਕੀ ਮੈਨ ਦੇ ਦੌਰ ਵਿਚ ਪਹੁੰਚ ਗਈ ਦਿੱਲੀ, ਖਰਗੋਸ਼ ਬਣ ਕੇ ਛਾਲਾਂ ਮਾਰਦੀ ਰਹੀ





**- ਰਵੀਸ਼ ਕੁਮਾਰ**

2001 ਵਿਚ ਇਸੇ ਤਰਾਂ ਮੰਕੀ ਮੈਨ ਦੇ ਦੌਰ ਵਿਚ ਦਿੱਲੀ ਰਾਤਾਂ ਨੂੰ ਜਾਗਣ ਲੱਗੀ ਸੀ। ਦਿੱਲੀ ਬਿਮਾਰ ਹੈ। ਵਾਰ-ਵਾਰ ਬਿਸਤਰੇ ਤੋਂ ਉੱਠ ਉੱਠ ਕੇ ਦੇਖਣ ਲੱਗੀ ਹੈ ਕਿ ਨਰਸ ਆਈ ਹੈ ਕਿ ਨਹੀਂ। ਡਾਕਟਰ ਸਾਹਿਬ ਕਦ ਆਉਣਗੇ, ਹਰ ਸਕਿੰਟ ਲੱਗਦਾ ਹੈ ਈਸੀਜੀ ਡਰਾਪ ਕਰ ਰਿਹਾ ਹੈ। ਬਿਮਾਰ ਦੀ ਦੇਖਭਾਲ ਕਰਨ ਵਾਲੇ ਬਰਾਂਡੇ ਵਿਚ ਟਹਿਲ ਰਹੇ ਹਨ। ਸ਼ਾਮ ਹੁੰਦੇ ਹੀ ਧੜਾਧੜ ਫੋਨ ਆਉਣ ਲੱਗ ਜਾਂਦੇ ਹਨ। ਮੈਸੇਜ ਦੇ ਆਉਣ ਦੀ ਰਫ਼ਤਾਰ ਵੱਧਦੀ ਜਾ ਰਹੀ ਹੈ, ਮੁਹੱਲਿਆ ਦੇ ਨਾਮ ਜੁੜਨ ਲੱਗੇ ਹਨ। ਸਰਿਤਾ ਵਿਹਾਰ, ਮਦਨਪੁਰ ਖਾਦਰ ਤੋਂ ਲੈ ਕੇ ਰੋਹਿਨੀ, ਦੁਆਰਕਾ ਤੋਂ ਮੈਸੇਜ ਆਉਣ ਲੱਗ ਜਾਂਦੇ ਹਨ। 2001 ਵਿਚ ਇਸੇ ਤਰਾਂ ਮੰਕੀ ਮੈਨ ਦੇ ਦੌਰ ਵਿਚ ਦਿੱਲੀ ਰਾਤਾਂ ਦੌਰਾਨ ਜਾਗਣ ਲੱਗ ਪਈ ਸੀ। ਲੋਕ ਤਰਾਂ ਤਰਾਂ ਦੀ ਕਲਪਨਾ ਕਰਨ ਲਗ ਪਏ ਸਨ। ਕਿਸੇ ਗਲੀ ਤੋਂ ਅਚਾਨਕ ਕੋਈ ਚੀਖਦਾ ਹੋਇਆ ਆਉਂਦਾ ਸੀ ਕਿ ਉਸ ਨੇ ਮੰਕੀ ਮੈਨ ਦੇਖਿਆ ਹੈ। ਕੋਈ ਛੱਤ ਦੀਆਂ ਪਉੜੀਆਂ ਤੋਂ ਡਿੱਗ ਜਾਂਦਾ ਸੀ, ਸੱਟ ਲੱਗ ਜਾਂਦੀ ਸੀ। ਇਸ ਵਾਰ ਤਾਂ ਸੱਚਮੁੱਚ ਮੰਕੀ ਮੈਨ ਆ ਗਿਆ ਹੈ। ਹਿੰਸਾ ਦੀ ਭਾਸ਼ਾ ਬਰਦਾਸ਼ਤ ਕਰਨ ਦੀ ਅਪਰਾਧ ਰੁਚੀ ਦਿੱਲੀ ਵਾਲਿਆਂ ਨੂੰ ਮੰਕੀ ਮੈਨ ਦੇ ਦੌਰ ਵਿਚ ਲੈ ਗਈ। ਕੋਈ ਹੋਸ਼ ਵਿਚ ਨਹੀਂ ਸੀ। ਅੱਧੀ ਰਾਤ ਸੁਣ ਕੇ ਪੂਰੀ ਕਹਾਣੀ ਬਣਾ ਰਿਹਾ ਸੀ। ਕਿਸੇ ਨੇ ਕਿਹਾ ਕਿ ਖੁਦ ਨਹੀਂ ਦੇਖਿਆ, ਬੱਸ ਸੁਣਿਆ ਹੈ, ਇਸ ਤੋਂ ਬਾਅਦ ਮੈਸੇਜ ਅੱਗੇ ਵਧਾ ਦਿੱਤਾ। ਜਿਸ ਤੋਂ ਵੀ ਪੁੱਛਿਆ ਕਿਸੇ ਕੋਲ ਜੁਆਬ ਨਹੀਂ ਸੀ। ਏਨਾ ਵੀ ਹੋਸ਼ ਨਹੀਂ ਸੀ ਕਿ ਜੇਕਰ ਕੁਝ ਸੁਣਿਆ ਹੈ ਤਾਂ ਪਹਿਲਾਂ ਚੈਕ ਕਰੋ, ਪੁਲੀਸ ਨਾਲ ਗੱਲ ਕਰੋ। ਕਿਸੇ ਨੇ ਕਿਹਾ ਦੁਕਾਨਾਂ ਬੰਦ ਹੋ ਰਹੀਆਂ ਹਨ। ਇੱਥੇ ਪੁਲੀਸ ਆ ਗਈ ਹੈ। ਇੱਥੇ ਦੰਗੇ ਹੋ ਰਹੇ ਹਨ। ਬਗੈਰ ਚੈਕ ਕੀਤੇ, ਬਗੈਰ ਪੂਰੀ ਜਾਣਕਾਰੀ ਲਏ ਇੱਥੋਂ ਦੇ ਨਾਗਰਿਕ ਦੂਸਰੇ ਨਾਗਰਿਕਾਂ ਨੂੰ ਸਿਰਦਰਦੀ ਦਿੰਦੇ ਰਹੇ ਤੇ ਪੁਲੀਸ ਨੂੰ ਪਾਗਲ ਕਰਦੇ ਰਹੇ। ਜਨਵਰੀ ਤੋਂ ਦਿੱਲੀ ਇਹੀ ਤਾਂ ਕਰ ਰਹੀ ਹੈ। ਅੱਧੀ ਅਧੂਰੀਆਂ ਗੱਲਾਂ ਨਾਲ ਨਾਅਰੇ ਲਗਾਉਣ ਲੱਗ ਜਾਂਦੀ ਹੈ। ਅੱਜ ਵੀ ਇਸ ਦੀਆਂ ਸੜਕਾਂ ’ਤੇ ਗੋਲੀ ਮਾਰੋ ਦੇ ਨਾਅਰੇ ਲੱਗ ਰਹੇ ਹਨ। ਗੋਲੀਆਂ ਚੱਲ ਰਹੀਆਂ ਹਨ। ਚੋਣ ਦੇ ਬਾਅਦ ਵੀ ਹਿੰਸਾ ਤੇ ਅਫਵਾਹਾਂ ਦਾ ਤਾਪਮਾਨ ਘੱਟ ਨਹੀਂ ਹੋਇਆ, ਉਤਰੀ ਪੂਰਬੀ ਦਿੱਲੀ ਤਾਂ ਜਲ ਸੜ ਹੀ ਗਈ। ਦਿੱਲੀ ਨੂੰ ਪਹਿਲਾਂ ਹੀ ਸੋਚਣਾ ਚਾਹੀਦਾ ਸੀ ਕਿ ਹਿੰਸਾ ਦੀ ਅਫਵਾਹ ਇਸ ਸ਼ਹਿਰ ਵਿਚ ਵੜੇਗੀ ਤਾਂ ਗੱਲ ਗੱਲ ’ਤੇ ਰਾਤਾਂ ਦੀ ਨੀਂਦ ਉਡੇਗੀ। ਦਿੱਲੀ ਨੇ ਦੋ ਮਹੀਨੇ ਤੋਂ ਚੁੱਪ ਰਹਿ ਕੇ ਹਿੰਸਾ ਦੀ ਭਾਸ਼ਾ ਨੂੰ ਸੁਣਿਆ ਹੈ, ਮਨਜ਼ੂਰੀ ਦਿੱਤੀ ਹੈ, ਮਾਨਤਾ ਦਿੱਤੀ ਹੈ। ਹੁਣ ਉਹ ਆਪਣੀ ਹੀ ਦਿੱਤੀ ਹੋਈ ਮਾਨਤਾ ਤੋਂ ਘਬਰਾਉਣ ਲੱਗੀ ਹੈ।

ਦਿੱਲੀ ਹੁਣ ਦਿੱਲੀ ਨਹੀਂ ਰਹੀ, ਰਾਜਧਾਨੀ ਹੋਣ ਦੀ ਆਪਣਾ ਮਾਣ ਸੀ ਦਿੱਲੀ ਵਾਲਿਆਂ ਕੋਲ ਸੀ, ਉਹ ਮਾਣ ਮਿੱਟੀ ਵਿਚ ਰੁਲ ਗਿਆ ਹੈ। ਉੱਤਰ ਪੂਰਬੀ ਦਿੱਲੀ ਦੇ ਦੰਗਿਆਂ ਦਾ ਹਾਲ ਦੇਖ ਕੇ ਕਿਸ ਨੂੰ ਵਿਸ਼ਵਾਸ ਹੋਵੇਗਾ ਕਿ ਪੁਲੀਸ ਆਵੇਗੀ, ਹਿੰਸਾ ਰੁਕ ਜਾਵੇਗੀ। ਦੁਕਾਨਾਂ ਨਹੀਂ ਫੂਕੀਆਂ ਜਾਣਗੀਆਂ। ਰਾਜਧਾਨੀ ਹੋਣ ਦਾ ਅਕਸ ਖਤਮ ਹੋ ਕੇ ਰਹਿ ਗਿਆ ਹੈ। ਪਰ ਇਸ ਵਾਰ ਪੁਲੀਸ ਨੇ ਸਾਵਧਾਨੀ ਦਿਖਾਈ ਤੁਰੰਤ ਹੀ ਮੁਹੱਲਿਆਂ ਦੇ ਨਾਮ ਤੋਂ ਅਫਵਾਹਾਂ ਦਾ ਖੰਡਨ ਕਰਨਾ ਸ਼ੁਰੂ ਕਰ ਦਿੱਤਾ। ਵਿਸ਼ਵਾਸ ਬਹਾਲ ਹੋਇਆ। ਦਿੱਲੀ ਵਿਚ ਸ਼ਾਂਤੀ ਮਾਰਚ ਵਿਚ ਗੋਲੀ ਮਾਰਨ ਦੇ ਨਾਅਰੇ ਲੱਗਣ ਲੱਗ ਪਏ। ਹੁਣ ਅਜਿਹੇ ਸ਼ਹਿਰ ਵਿਚ ਲੋਕ ਸ਼ਾਮ ਦੇ ਵਕਤ ਖਰਗੋਸ਼ ਨਹੀਂ ਹੋਣਗੇ ਤਾਂ ਕਿੱਥੋਂ ਦੇ ਹੋਣਗੇ ? ਇੱਥੋਂ ਹੀ ਉਹ ਉਛਲਣਗੇ। ਹਰ ਖੜਕੇ ਤੇ ਲੱਗੇਗਾ ਕਿ ਸ਼ੇਰ ਆ ਗਿਆ ਹੈ। ਹਰ ਕੋਈ ਬਿਨਾਂ ਦੇਖੇ ਬਿਨਾਂ ਜਾਚੇ ਮੈਸੇਜ ਕਰਦਾ ਜਾ ਰਿਹਾ ਹੈ, ਮੈਸੇਜ ਆ ਰਿਹਾ ਹੈ ਤਾਂ ਫਾਰਵਰਡ ਕਰ ਰਿਹਾ ਹੈ। ਕੋਈ ਕਿਸੇ ਤੋਂ ਪੁੱਛ ਨਹੀਂ ਰਿਹਾ ਕਿ ਸਹੀ ਸਹੀ ਦੱਸੋ। ਕਿੱਥੇ ਦੇਖਿਆ, ਕਿੱਧਰ ਦੇਖਿਆ, ਕਿਸ ਤੋਂ ਸੁਣਿਆ ਕੋਈ ਤਸਵੀਰ ਹੈ, ਪੁਲੀਸ ਨਾਲ ਗੱਲ ਹੋਈ ਹੈ। ਬੱਸ ਮੈਸੇਜ ਲਿਖੋ ਤੇ ਫਾਰਵਰਡ ਕਰ ਦਿਓ, ਫੋਨ ਕਰਨ ਲੱਗ ਜਾਓ। ਦਿੱਲੀ ਵਿਚ ਅਫਵਾਹਾਂ ਦਾ ਦੌਰ ਅਜੇ ਚੱਲੇਗਾ। ਮੰਕੀ ਮੈਨ ਆ ਗਿਆ ਹੈ। ਇਸ ਵਾਰ ਮੰਕੀ ਮੈਨ ਉਸ ਨਫ਼ਰਤ ਦੀ ਪ੍ਰਯੋਗਸ਼ਾਲਾ ਵਿਚ ਤਿਆਰ ਹੋਇਆ ਹੈ, ਜਿਸ ਦਾ ਕੁਝ ਨਹੀਂ ਹੋ ਸਕਦਾ। ਪ੍ਰਯੋਗ ਸਫਲ ਰਿਹਾ ਹੈ ਕਿ ਦਿੱਲੀ ਦੇ ਲੋਕਾਂ ਨੂੰ ਜੋ ਨਾਗਰਿਕ ਹੋਣ ਦਾ ਮਾਣ ਹਾਸਲ ਸੀ, ਉਹ ਹੁਣ ਭੈਅ ਵਿਚ ਬਦਲ ਰਿਹਾ ਹੈ। ਮੈਂ ਕਈ ਸਾਲ ਪਹਿਲੇ ਕਿਹਾ ਸੀ ਕਿ ਇਕ ਡਰਿਆ ਹੋਇਆ ਪੱਤਰਕਾਰ ਮਰਿਆ ਹੋਇਆ ਨਾਗਰਿਕ ਪੈਦਾ ਕਰਦਾ ਹੈ। ਤੁਸੀਂ ਦਿਨ ਰਾਤ ਚੈਨਲਾਂ ਤੇ ਵਟਸਐਪ ਮੈਸੇਜ ਦੀਆਂ ਦੁਨੀਆਂ ਵਿਚ ਡਰ ਵੰਡ ਰਹੇ ਹੋ ਤੇ ਡਰ ਖਰੀਦ ਰਹੇ ਹੋ। ਇਸ ਲਈ ਦਿੱਲੀ ਨੂੰ ਆਰਾਮ ਚਾਹੀਦਾ ਹੈ, ਚੰਗੀ ਨੀਂਦ ਚਾਹੀਦੀ ਹੈ। ਦਿੱਲੀ ਦੇ ਲੋਕ ਨਿਊਜ਼ ਚੈਨਲ ਨਾ ਦੇਖਣ, ਵਟਸਐਪ ਤੋਂ ਦੂਰ ਰਹਿਣ। ਲੋਕਾਂ ਦੇ ਘਰ ਵਿਚ ਜਾਣ, ਗੁਆਂਢੀਆਂ ਨੂੰ ਮਿਲਣ, ਥਾਣੇ ਜਾ ਕੇ ਐਸ ਐਚ ਓ ਸਾਹਿਬ ਨੂੰ ਮਿਲਣ। ਮੋਦੀ ਗੋਦੀ ਮੀਡੀਆ ਤੇ ਐਕਰਾਂ ਦੀ ਭਾਸ਼ਾ ਸੁਣ ਕੇ ਦਿੱਲੀ ਦੀ ਕਲਪਨਾ ਨਾ ਕਰਨ ਨਹੀਂ ਤਾਂ ਤੁਸੀਂ ਖਰਗੋਸ਼ ਦੀ ਤਰਾਂ ਉਛਲਦੇ ਕੁਦਦੇ ਰਹੋਗੇ। ਖਰਗੋਸ਼ ’ਤੇ ਹੀ ਪ੍ਰਯੋਗ ਹੁੰਦਾ ਹੈ ਏਨਾ ਤਾਂ ਤੁਹਾਨੂੰ ਪਤਾ ਹੀ ਹੋਵੇਗਾ।

# ਮੋਹਨ ਭਾਗਵਤ ਹੋਏ 'ਰਾਸ਼ਟਰਵਾਦ' ਦੇ ਖਿਲਾਫ ਬਿਆਨਬਾਜ਼ੀ ਪਿੱਛੇ ਕੀ ਰਾਜ ਹੈ ?

- ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916

ਦਿੱਲੀ ਵਿਚ ਮੁਸਲਮਾਨਾਂ ਦੇ ਖਿਲਾਫ਼ ਭਗਵਿਆਂ ਵਲੋਂ ਹਿੰਸਾ ਕੀਤੇ ਜਾਣ ਤੋਂ ਪਹਿਲਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਡਾ. ਮੋਹਨ ਭਾਗਵਤ ਨੇ ਇਹ ਬਿਆਨ ਦਿੱਤਾ ਸੀ ਕਿ ਰਾਸ਼ਟਰਵਾਦ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਭਾਗਵਤ ਨੇ ਇਸ ਦਾ ਇਹ ਕਾਰਨ ਦੱਸਿਆ ਹੈ ਕਿ ਜੇ ਲੋਕ ਰਾਸ਼ਟਰਵਾਦ ਸ਼ਬਦ ਦੀ ਵਰਤੋਂ ਕਰਦੇ ਹਨ ਤਾਂ ਇਸ ਦਾ ਅਰਥ ਹੈ ਨਾਜ਼ੀ ਜਾਂ ਹਿਟਲਰ ਦਾ ਰਾਸ਼ਟਰਵਾਦ।

ਦਰਅਸਲ, ਮੋਹਨ ਭਾਗਵਤ ਝਾਰਖੰਡ ਦੇ ਰਾਂਚੀ ਦੇ ਮੋਹਰਬਾਦੀ ਵਿੱਚ 'ਸੰਘ ਸਮਾਗਮ' ਵਿੱਚ ਹਿੱਸਾ ਲੈਣ ਲਈ ਪਹੁੰਚੇ ਸਨ ਤੇ ਫਿਰ ਉਨਾਂ ਇਹ ਗੱਲਾਂ ਕਹੀਆਂ। ਭਾਗਵਤ ਨੇ ਕਿਹਾ, "ਰਾਸ਼ਟਰਵਾਦ ਸ਼ਬਦ ਦੀ ਵਰਤੋਂ ਨਾ ਕਰੋ। ਰਾਸ਼ਟਰ, ਰਾਸ਼ਟਰੀ, ਕੌਮੀਅਤ ਆਦਿ ਚੱਲੇਗਾ ਪਰ ਰਾਸ਼ਟਰਵਾਦ ਨਹੀਂ ਚੱਲੇਗਾ। ਰਾਸ਼ਟਰਵਾਦ ਦਾ ਅਰਥ ਹੈ ਹਿਟਲਰ ਦੀ ਤਾਨਾਸ਼ਾਹੀ।" ਭਾਗਵਤ ਨੇ ਇਹ ਵੀ ਕਿਹਾ ਸੀ ਕਿ ਭਾਰਤ ਬਣਾਉਣ ਵਿੱਚ ਹਿੰਦੂਆਂ ਦੀ ਸਭ ਤੋਂ ਵੱਧ ਜਵਾਬਦੇਹੀ ਹੈ। ਹਿੰਦੂਆਂ ਨੂੰ ਆਪਣੀ ਕੌਮ ਪ੍ਰਤੀ ਵਧੇਰੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਉਨਾਂ ਕਿਹਾ ਕਿ 'ਹਿੰਦੂ' ਭਾਰਤ ਦੇ ਸਾਰੇ ਧਰਮਾਂ ਦੀ ਨੁਮਾਇੰਦਗੀ ਕਰਦਾ ਹੈ ਤੇ ਉਨਾਂ ਨੂੰ ਇੱਕ ਸੂਤਰ ਵਿੱਚ ਜੋੜਦਾ ਹੈ।

ਇਸ ਤੋਂ ਪਹਿਲਾਂ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਥੇ ਚਿੰਤਨ ਬੈਠਕ ਵਿਚ ਕਿਹਾ ਕਿ ਸਿੱਖ, ਜੈਨ ਅਤੇ ਬੁਧ ਧਰਮ ਦੇ ਲੋਕ ਹਿੰਦੂ ਹੀ ਹਨ। ਉਨਾਂ ਕਿਹਾ ਕਿ ਸਿੱਖਾਂ, ਜੈਨੀਆਂ ਅਤੇ ਬੋਧੀਆਂ ਨੂੰ ਘੱਟਗਿਣਤੀ ਦਸਣਾ ਸਾਜ਼ਸ਼ ਹੈ ਅਤੇ ਸੰਘ ਇਨਾਂ ਨੂੰ ਹਿੰਦੂਆਂ ਤੋਂ ਅੱਡ ਨਹੀਂ ਮੰਨਦਾ।

ਅਸਲ ਵਿਚ ਰਾਸ਼ਟਰੀ, ਕੌਮੀਅਤ ਆਦਿ ਦੀ ਪਰਿਭਾਸ਼ਾ ਭਗਵਾਂ ਰਾਸ਼ਟਰਵਾਦ ਹੀ ਹੈ। ਡਾਕਟਰ ਅੰਬੇਦਕਰ ਇਸ ਪੱਖੋਂ ਸਪਸ਼ਟ ਸਨ ਕਿ ਜਾਤੀਆਂ ਵਿਚ ਵੰਡਿਆ ਦੇਸ ਇਕ ਰਾਸ਼ਟਰ ਨਹੀ ਬਣ ਸਕਦਾ। ਜਿਸ ਦੇਸ ਵਿਚ ਅਸੀਂ ਰਹਿ ਰਹੇ ਹਾਂ ਇਹ ਵੱਖ-ਵੱਖ ਸਭਿਆਚਾਰਾਂ ਤੇ ਕੌਮਾਂ ਦਾ ਦੇਸ ਹੈ ਜਿਸ ਵਿਚ ਹਿੰਦੂ ਵੀ ਇਕ ਕੌਮ ਹੈ। ਇਹ ਏਕਤਾ ਵਨਸਵੰਨਤਾ ਆਧਾਰ ਤੇ ਪੈਦਾ ਹੋ ਸਕਦੀ ਹੈ। ਮਨੂੰ ਸਿਮਰਤੀ ਵਿਚਾਰ ਰਾਸ਼ਟਰ ਨੂੰ ਇਕ ਨਹੀਂ ਕਰ ਸਕਦੇ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਤੇ ਵਿਚਾਰਕ ਮਾਧਵ ਸਦਾਸ਼ਿਵ ਗੋਲਵਲਕਰ ਆਪਣੀ ਕਿਤਾਬ 'ਵੀ ਐਂਡ ਅਵਰ ਨੇਸ਼ਨਹੁੱਡ ਡਿਫਾਈਡ' ਵਿਚ ਲਿਖਦਾ ਹੈ




"ਆਪਣੀ ਨਸਲ ਅਤੇ ਸੱਭਿਆਚਾਰ ਦੀ ਸ਼ੁੱਧਤਾ ਕਾਇਮ ਰੱਖਣ ਲਈ ਜਰਮਨੀ ਨੇ ਆਪਣੇ ਦੇਸ਼ ਨੂੰ ਸਾਮੀ ਨਸਲ, ਯਹੂਦੀਆਂ ਤੋਂ ਸ਼ੁੱਧ ਕਰਕੇ ਸਾਰੇ ਸੰਸਾਰ ਨੂੰ ਝਟਕਾ ਦਿੱਤਾ ਹੈ। ਨਸਲੀ-ਗੌਰਵ ਦਾ ਪ੍ਰਗਟਾਵਾ ਆਪਣੀ ਸਰਵ-ਉਚਤਾ ਨਾਲ਼ ਇੱਥੇ ਹੋਇਆ ਹੈ। ਜਰਮਨੀ ਨੇ ਇਹ ਵੀ ਸਿੱਧ ਕੀਤਾ ਹੈ ਕਿ ਕਿਵੇਂ ਆਪਣੇ ਜੜਾਂ ਤੱਕ ਜਾ ਚੁੱਕੇ ਮਤਭੇਦਾਂ ਨੂੰ ਇੱਕ ਸਾਂਝੇ ਸਮੁੱਚ ਵਿੱਚ ਆਤਮਸਾਤ ਕਰਨਾ ਨਸਲਾਂ ਅਤੇ ਸੱਭਿਆਚਾਰਾਂ ਲਈ ਲਗਭਗ ਅਸੰਭਵ ਹੈ, ਇਹ ਸਾਡੇ ਲਈ ਹਿੰਦੋਸਤਾਨ ਵਿੱਚ ਸਿੱਖਣ ਅਤੇ ਲਾਭ ਲੈਣ ਲਈ ਇੱਕ ਚੰਗਾ ਸਬਕ ਹੈ।"

"ਇਹ ਨਿਰਵਿਵਾਦ ਰੂਪ ਵਿੱਚ ਸਾਬਤ ਹੋ ਚੁੱਕਿਆ ਹੈ ਕਿ ਹਿੰਦੋਸਤਾਨ ਹਿੰਦੂਆਂ ਦੀ ਧਰਤੀ ਹੈ ਤਾਂ ਫਿਰ ਉਹਨਾਂ ਦੀ ਕਿਸਮਤ ਕੀ ਹੋਣੀ ਚਾਹੀਦੀ ਹੈ ਜੋ ਅੱਜ ਇਸ ਧਰਤੀ 'ਤੇ ਰਹਿ ਰਹੇ ਹਨ ਪਰ ਹਿੰਦੂ ਨਸਲ, ਧਰਮ ਜਾਂ ਸੱਭਿਆਚਾਰ ਵਿਚੋਂ ਨਹੀਂ ਹਨ ?"

"ਸੰਵਿਧਾਨ ਬਣਾਉਂਦੇ ਸਮੇਂ ਆਪਣੇ 'ਆਪ' ਨੂੰ, ਆਪਣੇ ਹਿੰਦੂਪਣ ਨੂੰ ਭੁਲਾਇਆ ਗਿਆ ਹੈ- ਜਿਸ ਕਰਕੇ ਇੱਕ ਤਰੀਕੇ ਦੇ ਵਿਰਤੀਰਣ ਰਹਿਣ ਨਾਲ਼ ਦੇਸ਼ ਨੂੰ ਵੰਡਣ ਵਾਲ਼ਾ ਸੰਵਿਧਾਨ ਬਣਾਇਆ ਗਿਆ। ਇੱਕ ਦੇਸ਼, ਇੱਕ ਕੌਮ ਅਤੇ ਇੱਕ ਹੀ ਰਾਜ ਦੀ ਏਕਾਤਮਕ ਸ਼ਾਸਨ ਰਚਨਾ ਸਵਿਕਾਰ ਕਰਨੀ ਪਵੇਗੀ ਇੱਕ ਹੀ ਸੰਸਦ ਹੋਵੇ, ਇੱਕ ਹੀ ਮੰਤਰੀਮੰਡਲ ਹੋਵੇ, ਜੋ ਦੇਸ਼ ਦੀ ਸ਼ਾਸਨ ਸੁਵਿਧਾ ਅਨੁਸਾਰ ਵਿਭਾਗਾਂ ਵਿੱਚ ਪ੍ਰਬੰਧ ਕਰ ਸਕੇਗਾ।" (ਗੋਲਵਲਕਰ, 'ਸ਼੍ਰੀ ਗੁਰੂ ਜੀ ਸਮੁੱਚਾ ਦਰਸ਼ਨ' ਭਾਗ-2, ਪੰਨਾਂ 144)

ਇੱਥੇ ਗੋਲਵਲਕਰ ਸੰਵਿਧਾਨ ਨੂੰ ਕੋਸਦਾ ਹੈ। ਉਸਨੂੰ ਉਹ ਸੰਵਿਧਾਨ ਪਸੰਦ ਹੈ ਜੋ 'ਮਨੂੰਸਮ੍ਰਿਤੀ' ਵਿੱਚ ਹੈ। ਉਸ ਨੂੰ ਇਸ ਗੱਲ 'ਤੇ ਇਤਰਾਜ਼ ਹੈ ਕਿ ਭਾਰਤ ਵਿੱਚ ਵੱਖ ਵੱਖ ਰਾਜ ਕਿਉਂ ਹਨ ? )

ਇਸ ਤੋ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਵਿਚਾਰਧਾਰਾ ਕੀ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਜਿਹੋ ਜਿਹਾ ਸੰਘ ਪਰਿਵਾਰ ਰਾਸ਼ਟਰ ਦੀ ਸਿਰਜਣਾ ਕਰ ਰਿਹਾ ਹੈ, ਉਹ ਨੇਸ਼ਨ ਸਟੇਟ ਵਾਲਾ ਫਾਰਮੂਲਾ ਹੈ, ਜੋ ਹਿਟਲਰ ਦੀ ਸੋਚ ਤੋਂ ਵੱਖ ਨਹੀਂ ਹੈ। ਬਹੁ-ਕੌਮੀ ਸਮਾਜਾਂ ਅੰਦਰ ਨੇਸ਼ਨ-ਸਟੇਟ ਸਭਿਆਚਾਰਕ ਦ੍ਰਿਸ਼ਟੀ ਤੋਂ ਨਿਰਪੱਖ ਨਹੀ ਹੋ ਸਕਦੀ ਘੱਟ ਗਿਣਤੀਆਂ ਨੂੰ ਹੜਪਣ ਤੇ ਆਪਣੇ ਵਿਚ ਜਜਬ ਕਰਨ ਦੀ ਪਵਿਰਤੀ ਹੁੰਦੀ ਹੈ। ਇਹ ਬਹੁਗਿਣਤੀ ਸਟੇਟ ਤੇ ਵਿਚਾਰਧਾਰਾ ਦਾ ਸਭਿਆਚਾਰਕ ਤੱਤ ਹੁੰਦਾ ਹੈ ਜਿਸ ਦੀਆਂ ਸਿਆਸੀ ਸੰਸਥਾਵਾਂ ਰਾਹੀਂ ਰਾਸ਼ਟਰੀ ਭਾਸ਼ਾ ਕੌਮੀ ਇਤਿਹਾਸ, ਸਰਕਾਰੀ ਉਤਸਵ, ਸਰਕਾਰੀ ਛੁੱਟੀਆਂ, ਰਹੁ-ਰੀਤਾਂ, ਰਾਜ ਵੱਲੋਂ ਬਖ਼ਸ਼ੇ ਜਾਂਦੇ ਇਨਾਮਾਂ ਤੇ ਸਨਮਾਨਾਂ ਦੇ ਨਾਮਕਰਨ ਆਦਿ ਰੂਪਾਂ ਵਿੱਚ ਪ੍ਰਗਟ ਕੀਤੇ ਜਾਂਦੇ ਹਨ। ਇਸ ਫਾਸ਼ੀਵਾਦੀ ਅਮਲ ਦੌਰਾਨ ਘੱਟ-ਗਿਣਤੀਆਂ ਦੇ ਆਧਾਰ ਤੇ ਸਭਿਆਚਾਰਾਂ ਨੂੰ ਗੁੱਠੇ ਲਾ ਦਿੱਤਾ ਜਾਂਦਾ ਹੈ।

ਜੋ ਭਾਰਤ ਵਿਚ ਦੰਗਿਆਂ ਦੇ ਰੂਪ ਵਿਚ ਵਾਪਰ ਰਿਹਾ ਹੈ, ਉਹ ਜਰਮਨੀ ਦੇ ਤਾਨਾਸ਼ਾਹ ਹਿਟਲਰ ਦੇ ਅਮਲ ਤੋਂ ਵੱਖਰਾ ਨਹੀਂ ਹੈ। 1945 ਵਿੱਚ ਦੂਸਰੀ ਸੰਸਾਰ ਜੰਗ ਵਿੱਚ ਤਾਨਾਸ਼ਾਹ ਹਿਟਲਰ ਦੀ ਹਾਰ ਹੋਣ ਤੱਕ, ਉਸਦੀ ਨਾਜ਼ੀ ਪਾਰਟੀ ਨੇ ਮਾਨਵਤਾ ਦੇ ਵਿਰੁੱਧ ਇਹੋ ਜਿਹੇ ਘਿਣਾਉਣੇ ਅਪਰਾਧ ਕੀਤੇ ਕਿ ਮਨੁੱਖਤਾ ਦੇ ਇਤਿਹਾਸ ਵਿੱਚ ਹਿਟਲਰ ਨੂੰ ਹਮੇਸ਼ਾ ਨਫ਼ਰਤ ਅਤੇ ਮਨੁੱਖਤਾ ਦੇ ਦੁਸ਼ਮਣ ਵਜੋਂ ਜਾਣਿਆ ਜਾਵੇਗਾ। ਇਸੇ ਨਸਲੀ ਵਿਸ਼ੇਸ਼ਤਾ ਦੇ ਨਾਮ 'ਤੇ ਪੈਦਾ ਕੀਤੀ ਗਈ ਨਫ਼ਰਤ ਦੀ ਅੱਗ ਵਿੱਚ ਜਰਮਨੀ ਵਿੱਚ 70 ਲੱਖ ਬੇਕਸੂਰ ਯਹੂਦੀਆਂ ਨੂੰ ਤਸੀਹਾ ਕੈਂਪਾਂ ਤੇ ਗੈਸ ਚੈਂਬਰਾਂ ਵਿੱਚ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਉਸਨੇ ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਉੱਪਰ ਬੇਹੱਦ ਜ਼ੁਲਮ ਕੀਤੇ ਸਨ ਤੇ ਨਰਕ ਤੋਂ ਵੀ ਭਿਅੰਕਰ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ ਸੀ।

ਹੁਣ ਜੇਕਰ ਅਸੀਂ ਆਪਣੇ ਦੇਸ਼ ਵਿੱਚ ਪ੍ਰਚਾਰੇ ਜਾ ਰਹੇ ਫਾਸ਼ੀਵਾਦੀ ਨਾਅਰਿਆਂ ਉੱਤੇ ਇੱਕ ਨਜ਼ਰ ਮਾਰੀਏ ਤਾਂ ਹਿਟਲਰ ਦੇ ਪੁਨਰ ਜਨਮ ਦੇ ਮਨਸੂਬਿਆਂ ਨੂੰ ਅਸੀਂ ਜਾਣ ਸਕਦੇ ਹਾਂ। 'ਸਭਕਾ ਸਾਥ ਸਭਕਾ ਵਿਕਾਸ' ਅਤੇ 'ਮੇਰਾ ਦੇਸ਼ ਬਦਲ ਰਹਾ ਹੈ, ਆਗੇ ਬੜ ਰਹਾ ਹੈ' ਪਰੋਸੇ ਜਾ ਰਹੇ ਨਾਅਰਿਆਂ ਅਧੀਨ ਤੇ ਗੋਦੀ ਮੀਡੀਏ ਦੀ ਭਗਵਿਆਂ ਦੇ ਹੱਕ ਵਿਚ ਬੰਬਾਰੀ ਭਗਵੇਂ ਰਾਸ਼ਟਰਵਾਦ ਦੀ ਤਿਆਰੀ ਹੈ। ਇਹ ਨਾਅਰੇ ਲੋਕ ਚੇਤਨਾ ਨੂੰ ਗੁਮਰਾਹ ਕਰਦੇ ਹਨ। ਆਮ ਬਹੁਜਨ ਦਾ ਲੋਕ ਵਧਦੀ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਸਿੱਖਿਆ, ਕੁਪੋਸ਼ਣ ਅਤੇ ਬਿਮਾਰੀਆਂ ਕਾਰਨ ਨਰਕ ਭੋਗ ਰਹੇ ਹਨ ਪਰ ਵਿਕਾਸ ਅੰਬਾਨੀ ਅਡਾਨੀ ਵਰਗਿਆਂ ਦਾ ਹੋ ਰਿਹਾ ਹੈ। ਭਾਜਪਾ ਦੀ ਸੱਤਾ ਸਿਰਜਣਾ ਲਈ ਇਹ ਕਾਰਪੋਰੇਟ ਕੰਪਨੀਆਂ ਹੀ ਹਿੱਸਾ ਪਾਉਂਦੀਆਂ ਹਨ।

ਦਿੱਲੀ ਸਿੱਖ ਕਲਤੇਆਮ, ਗੁਜਰਾਤ ਕਤਲੇਆਮ, ਮਾਲੇਗਾਂਵ ਧਮਾਕੇ ਤੇ ਹੁਣ ਦਿੱਲੀ ਹਿੰਸਾ ਕੌਣ ਭੁੱਲ ਸਕਦਾ ਹੈ। ਰਾਸ਼ਟਰਵਾਦ ਦੇ ਨਾਅਰਿਆਂ ਅਧੀਨ ਹਿੰਸਾ ਕਿਸ ਚੀਜ਼ ਦਾ ਪ੍ਰਦਰਸ਼ਨ ਹੈ।

ਤੁਹਾਨੂੰ ਯਾਦ ਕਰਵਾ ਦੇਈਏ ਸੰਘ ਪਰਿਵਾਰ ਬਾਰੇ ਇੱਕ ਰਿਪੋਰਟ ਜੋ ਸੰਭਵ ਹੈ ਕਿ: ਗਾਂਧੀ ਦੀ ਹੱਤਿਆ ਤੋਂ ਬਾਅਦ ਆਈ ਸੀ ਵਿੱਚ ਲਿਖਿਆ ਗਿਆ ਹੈ ਕਿ ਆਰ ਐਸ ਐਸ ਨੇ ਨਾਗਪੁਰ ਵਿੱਚ ਇੱਕ ਤਰਾਂ ਦੇ ਬਾਏਜ ਸਕਾਊਟ ਲਹਿਰ ਦੀ ਸ਼ੁਰੂਆਤ ਕੀਤੀ।

ਬਾਕੀ ਸਫ਼ਾ 31 'ਤੇ

# ਭਾਰਤ ਵਿਚ ਨਿਆਂਪਾਲਿਕਾ ਦਾ ਪਤਨ

- ਅਨਿਲ

ਦਿੱਲੀ ਵਿਚ ਹਾਲ ਹੀ ਵਿਚ ਹੋਏ ਅੰਤਰਰਾਸ਼ਟਰੀ ਨਿਆਇਕ ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਸਰਬਉੱਚ ਅਦਾਲਤ ਦੇ ਜਸਟਿਸ ਅਰੁਣ ਮਿਸ਼ਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸੰਸਾ ਕਰਦੇ ਹੋਏ ਉਨਾਂ ਨੂੰ ਬੜੇ ਦੂਰਦਰਸ਼ੀ ਅਤੇ ਬਹੁਮੁਖੀ ਪ੍ਰਤਿਭਾ ਦੇ ਮਾਲਕ ਦੱਸਿਆ। ਉਨਾਂ ਨੇ ਕਿਹਾ ਕਿ ਵਿਸ਼ਵ ਦ੍ਰਿਸ਼ਟੀ ਅਤੇ ਵਿਸ਼ਵੀ ਸੋਚ ਰੱਖਦੇ ਹੋਏ ਵੀ ਮੋਦੀ ਸਥਾਨਕ ਹਿਤਾਂ ਨੂੰ ਨਹੀਂ ਭੁੱਲਦੇ। 'ਨਿਆਂਪਾਲਿਕਾ ਅਤੇ ਬਦਲਦੀ ਦੁਨੀਆ' ਵਿਸ਼ੇ 'ਤੇ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਦੇ ਜੱਜਾਂ ਦੇ ਸੰਮੇਲਨ ਵਿਚ ਮੂਲ ਵਿਸ਼ੇ ਤੋਂ ਹਟ ਕੇ ਜਸਟਿਸ ਮਿਸ਼ਰਾ ਦੇ ਮੂੰਹ ਤੋਂ ਨਿਕਲੀ ਪ੍ਰਧਾਨ ਮੰਤਰੀ ਮੋਦੀ ਦੀ ਇਹ ਤਾਰੀਫ਼ ਨਾ ਸਿਰਫ ਅਪ੍ਰਸੰਗਿਕ ਹੈ, ਸਗੋਂ ਗ਼ੈਰ-ਮਰਿਆਦਾ ਵਾਲੀ ਵੀ ਹੈ। ਪ੍ਰਧਾਨ ਮੰਤਰੀ ਦੀ ਕੀਤੀ ਗਈ ਇਸ ਪ੍ਰਸੰਸਾ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਸਾਡੀ ਨਿਆਂਪਾਲਿਕਾ ਕਿਸ ਕਦਰ ਰਾਜਨੀਤਕ ਸੱਤਾ ਦੀ ਬੰਦੀ ਬਣ ਚੁੱਕੀ ਹੈ। ਇਸ ਤੋਂ ਇਹ ਵੀ ਸਮਝਿਆ ਜਾ ਸਕਦਾ ਹੈ ਕਿ ਜੱਜਾਂ ਦੀ ਸੇਵਾ-ਮੁਕਤੀ ਤੋਂ ਬਾਅਦ ਵੱਡੀਆਂ ਤਨਖਾਹਾਂ, ਸਰਕਾਰੀ ਬੰਗਲਾ, ਗੱਡੀਆਂ, ਨੌਕਰ ਆਦਿ ਸਾਰੀਆਂ ਸਹੂਲਤਾਂ ਨਾਲ ਉਨਾਂ ਦਾ ਪੁਨਰ-ਵਾਸ ਕਿਵੇਂ ਹੁੰਦਾ ਹੈ ? ਕਿਸੇ ਨੂੰ ਕਿਸੇ ਨਿਆਇਕ ਆਯੋਗ ਜਾਂ ਟ੍ਰਿਬਿਊਨਲ ਦਾ ਪ੍ਰਧਾਨ ਬਣਾ ਦਿੱਤਾ ਜਾਂਦਾ ਹੈ ਤਾਂ ਕਿਸੇ ਨੂੰ ਕਿਸੇ ਸੂਬੇ ਦੇ ਰਾਜ ਭਵਨ ਵਿਚ ਬਿਠਾ ਦਿੱਤਾ ਜਾਂਦਾ ਹੈ। ਇਥੇ ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਇਸੇ ਜਸਟਿਸ ਅਰੁਣ ਮਿਸ਼ਰਾ ਨੇ ਕੁਝ ਦਿਨ ਪਹਿਲਾਂ ਹੀ ਟੈਲੀਕਾਮ ਕੰਪਨੀਆਂ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ ਕਰਦਿਆਂ ਕਿਹਾ ਸੀ- 'ਇਕ ਸਰਕਾਰੀ ਬਾਬੂ ਸਰਬਉੱਚ ਅਦਾਲਤ ਦੇ ਆਦੇਸ਼ ਨੂੰ ਦਬਾ ਕੇ ਬੈਠ ਜਾਂਦਾ ਹੈ। ਪੈਸੇ ਦੇ ਬਲ 'ਤੇ ਸਭ ਚਲਾਇਆ ਜਾ ਰਿਹਾ ਹੈ। ਅਜਿਹੇ ਵਿਚ ਸਰਬਉੱਚ ਅਦਾਲਤ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਦੇਸ਼ ਛੱਡ ਕੇ ਚਲੇ ਜਾਣ ਦੀ ਇੱਛਾ ਹੁੰਦੀ ਹੈ, ਕਿਉਂਕਿ ਇਹ ਰਹਿਣ ਯੋਗ ਨਹੀਂ ਰਿਹਾ।'

ਨਿਆਂਪਾਲਿਕਾ ਦੀ ਭਰੋਸੇਯੋਗਤਾ ਨੂੰ ਲੈ ਕੇ ਉੱਠ ਰਹੇ ਸਵਾਲਾਂ ਵਿਚ ਹਾਲ ਹੀ ਵਿਚ ਇਲਾਹਾਬਾਦ ਉੱਚ ਅਦਾਲਤ ਨਾਲ ਜੁੜੀਆਂ ਦੋ ਮਹੱਤਵਪੂਰਨ ਖ਼ਬਰਾਂ ਵੀ ਸਾਹਮਣੇ ਆਈਆਂ ਹਨ। ਪਹਿਲੀ ਇਹ ਕਿ ਇਲਾਹਾਬਾਦ ਹਾਈ ਕੋਰਟ ਨੇ ਜਿਨਸੀ ਸ਼ੋਸ਼ਣ ਅਤੇ ਉਤਪੀੜਨ ਦੇ ਗੰਭੀਰ ਦੋਸ਼ੀ ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਨੇਤਾ ਚਿਨਮਿਆਨੰਦ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੇ ਆਦੇਸ਼ ਦੇ ਦਿੱਤੇ ਅਤੇ ਇਸ ਦੇ ਨਾਲ ਹੀ ਪੀੜਤਾ ਦੀ ਨੀਅਤ 'ਤੇ ਵੀ ਸਵਾਲ ਖੜੇ ਕਰ ਦਿੱਤੇ। ਇਸ ਤੋਂ ਦੋ ਦਿਨ ਬਾਅਦ ਹੀ ਦੂਜੀ ਖ਼ਬਰ ਇਹ ਆਈ ਹੈ ਕਿ ਸਰਬਉੱਚ ਅਦਾਲਤ ਦੇ ਕਾਲਜੀਅਮ ਨੇ ਚਿਨਮਿਆਨੰਦ ਦੀ ਜ਼ਮਾਨਤ ਮਨਜ਼ੂਰ ਕਰਨ ਵਾਲੇ ਇਲਾਹਾਬਾਦ ਉੱਚ ਅਦਾਲਤ ਦੇ ਵਧੀਕ ਜੱਜ ਰਾਹੁਲ ਚਤੁਰਵੇਦੀ ਨੂੰ ਤਰੱਕੀ ਦੇ ਕੇ ਸਥਾਈ ਜੱਜ ਦੇ ਰੂਪ ਵਿਚ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਕੋਈ ਤਿੰਨ ਸਾਲ ਪਹਿਲਾਂ ਸਮੂਹਿਕ ਜਬਰ ਜਨਾਹ ਦੇ ਦੋਸ਼ ਵਿਚ ਜੇਲ ਵਿਚ ਬੰਦ ਉੱਤਰ ਪ੍ਰਦੇਸ਼ ਦੇ ਇਕ ਸਾਬਕਾ ਮੰਤਰੀ ਗਾਇਤਰੀ ਪ੍ਰਜਾਪਤੀ ਨੂੰ ਜ਼ਮਾਨਤ ਦੇਣ ਵਾਲੇ ਇਕ ਵਿਸ਼ੇਸ਼ ਜੱਜ (ਪਾਕਸੋ ਐਕਟ) ਨੂੰ ਇਲਾਹਾਬਾਦ ਉੱਚ ਅਦਾਲਤ ਪ੍ਰਸ਼ਾਸਨ ਨੇ ਮੁਅੱਤਲ ਕਰਕੇ ਉਨਾਂ ਵਿਰੁੱਧ ਜਾਂਚ ਬਿਠਾ ਦਿੱਤੀ ਸੀ।

ਇਹ ਅਤੇ ਇਨਾਂ ਵਰਗੀਆਂ ਹੋਰ ਸਾਰੀਆਂ ਖ਼ਬਰਾਂ ਦੱਸਦੀਆਂ ਹਨ ਕਿ ਦੇਸ਼ ਦੀਆਂ ਹੋਰ ਸੰਵਿਧਾਨਕ ਸੰਸਥਾਵਾਂ ਦੀ ਤਰਾਂ ਸਾਡੀ ਨਿਆਂਪਾਲਿਕਾ ਵੀ ਇਸ ਸਮੇਂ ਸੰਕਟ ਦੇ ਦੌਰ ਤੋਂ ਗੁਜ਼ਰ ਰਹੀ ਹੈ ਅਤੇ ਉਸ ਦਾ ਵੀ ਤੇਜ਼ੀ ਨਾਲ ਨਿਘਾਰ ਹੋ ਰਿਹਾ ਹੈ। ਨਾ ਸਿਰਫ ਉਸ ਦੀ ਕਾਰਜਸ਼ੈਲੀ ਅਤੇ ਫ਼ੈਸਲਿਆਂ 'ਤੇ ਸਵਾਲ ਉੱਠ ਰਹੇ ਹਨ, ਸਗੋਂ ਉਸ ਦਾ ਡਰ ਵੀ ਲਗਾਤਾਰ ਘਟ ਰਿਹਾ ਹੈ। ਅਦਾਲਤੀ ਫ਼ੈਸਲਿਆਂ ਨੂੰ ਲਾਗੂ ਕਰਾਉਣ ਲਈ ਜ਼ਿੰਮੇਵਾਰ ਮੰਨੀ ਜਾਣ ਵਾਲੀ ਕਾਰਜ ਪਾਲਿਕਾ ਭਾਵ ਸਰਕਾਰ ਦੇ ਵੱਖ-ਵੱਖ ਅੰਗ ਵੀ ਕਈ ਮਾਮਲਿਆਂ ਵਿਚ ਅਦਾਲਤੀ ਆਦੇਸ਼ਾਂ ਦੀ ਅਣਦੇਖੀ ਕਰ ਰਹੇ ਹਨ ਜਾਂ ਉਸ ਦੇ ਖਿਲਾਫ਼ ਕੰਮ ਕਰ ਰਹੇ ਹਨ। ਹਾਲਾਂ ਕਿ ਨਿਆਪਾਲਿਕਾ ਦਾ ਨਿਘਾਰ ਕੋਈ ਨਵੀਂ ਘਟਨਾ ਨਹੀਂ ਹੈ। ਇਹ ਸਿਲਸਿਲਾ ਬਹੁਤ ਪਹਿਲਾਂ ਤੋਂ ਚਲਿਆ ਆ ਰਿਹਾ ਹੈ। ਕੁਝ ਪੁਰਾਣੇ ਅਤੇ ਵੱਡੇ ਉਦਾਹਰਨ ਇਸ ਸਚਾਈ ਦੀ ਪੁਸ਼ਟੀ ਕਰਦੇ ਹਨ।

ਉਂਜ ਅਦਾਲਤਾਂ ਵਿਚ ਹੋਣ ਵਾਲੀਆਂ ਗੜਬੜੀਆਂ ਨੂੰ ਲੈ ਕੇ ਸਬੰਧਿਤ ਮਾਮਲਿਆਂ ਦੀ ਸੁਣਵਾਈ ਦੌਰਾਨ ਸਰਬਉੱਚ ਅਦਾਲਤ ਦੇ ਅੰਦਰੋਂ ਹੀ ਆਵਾਜ਼ ਉੱਠਣ ਅਤੇ ਪਿਠਾਸੀਨ ਜੱਜ ਦਾ ਆਪਣੇ ਅਧੀਨ ਅਦਾਲਤਾਂ ਨੂੰ ਫਟਕਾਰ ਲਗਾਉਣ ਦਾ ਸਿਲਸਿਲਾ ਪੁਰਾਣਾ ਹੈ। ਦੋ ਸਾਲ ਪਹਿਲਾਂ ਤਾਂ ਸਰਬਉੱਚ ਅਦਾਲਤ ਦੇ ਚਾਰ ਉੱਘੇ ਜੱਜਾਂ ਨੇ ਮੁੱਖ ਜੱਜ ਦੀ ਹੀ ਸ਼ੱਕੀ ਕਾਰਜਸ਼ੈਲੀ 'ਤੇ ਜਨਤਕ ਰੂਪ ਵਿਚ ਸਵਾਲ ਉਠਾਏ ਸਨ ਅਤੇ ਦੇਸ਼ ਦੇ ਲੋਕਤੰਤਰ ਨੂੰ ਖ਼ਤਰੇ ਵਿਚ ਦੱਸਿਆ ਸੀ। ਮੀਡੀਆ ਦੇ ਸਨਮੁੱਖ ਚਾਰਾਂ ਜੱਜਾਂ ਨੇ ਭਾਵੇਂ ਸਰਕਾਰ ਨੂੰ ਲੈ ਕੇ ਕੋਈ ਟਿੱਪਣੀ ਨਹੀਂ ਕੀਤੀ ਸੀ ਪਰ ਸਰਕਾਰ ਅਤੇ ਸੱਤਾਧਾਰੀ ਦਲ ਦੇ ਬੁਲਾਰਿਆਂ ਨੇ ਉਨਾਂ ਚਾਰਾਂ ਜੱਜਾਂ ਦੇ ਬਿਆਨ 'ਤੇ ਜਿਸ ਹਮਲਾਵਰ ਤਰੀਕੇ ਨਾਲ ਪ੍ਰਤੀਕਰਮ ਪ੍ਰਗਟ ਕੀਤਾ ਸੀ ਅਤੇ ਮੁੱਖ ਜੱਜ ਦਾ ਬਚਾਅ ਕੀਤਾ ਸੀ, ਉਹ ਵੀ ਨਿਆਂਪਾਲਿਕਾ ਦੀ ਪੂਰੀ ਕਲੰਕ-ਕਥਾ ਨੂੰ ਉਜਾਗਰ ਕਰਨ ਵਾਲਾ ਸੀ। ਸਰਬਉੱਚ ਅਦਾਲਤ ਦੇ ਸਾਬਕਾ ਜੱਜ ਪੀ.ਵੀ. ਸਾਵੰਤ ਨੇ ਇਕ ਟੀ.ਵੀ. ਮੁਲਾਕਾਤ ਵਿਚ ਚਾਰੇ ਜੱਜਾਂ ਦੇ ਬਿਆਨ ਨੂੰ ਦੇਸ਼ ਹਿਤ ਵਿਚ ਦੱਸਦਿਆਂ ਕਿਹਾ ਸੀ ਕਿ ਦੇਸ਼ ਦੀ ਜਨਤਾ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕੋਈ ਵੀ ਜੱਜ ਭਗਵਾਨ ਨਹੀਂ ਹੁੰਦਾ। ਨਿਆਂਪਾਲਿਕਾ ਦੇ ਰਵੱਈਏ 'ਤੇ ਕਠੋਰ ਟਿੱਪਣੀ ਕਰਦੇ ਹੋਏ ਉਨਾਂ ਨੇ ਦੋ ਟੂਕ ਕਿਹਾ ਸੀ ਕਿ ਅਦਾਲਤਾਂ ਵਿਚ ਹੁਣ ਆਮ ਤੌਰ 'ਤੇ ਫ਼ੈਸਲੇ ਹੁੰਦੇ ਹਨ, ਇਹ ਜ਼ਰੂਰੀ ਨਹੀਂ ਕਿ ਉਹ ਨਿਆਂਪੂਰਨ ਹੋਣ।

ਨਿਆਂਪਾਲਿਕਾ ਵਿਚ ਲੱਗੀ ਭ੍ਰਿਸ਼ਟਾਚਾਰ ਦੀ ਸਿਉਂਕ ਅਤੇ ਨਿਆਂਤੰਤਰ 'ਤੇ ਮੰਡਰਾ ਰਹੀ ਗ਼ੈਰ-ਭਰੋਸੇਯੋਗਤਾ ਨੇ ਵੀ ਕਰੀਬ ਇਕ ਦਹਾਕੇ ਪਹਿਲਾਂ ਦੇਸ਼ ਦੇ ਤਤਕਾਲੀ ਮੁੱਖ ਜੱਜ ਐਸ.ਐਚ. ਕਪਾੜੀਆ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੱਤਾ ਸੀ ਕਿ ਜੱਜਾਂ ਨੂੰ ਆਤਮ-ਸੰਜਮ ਵਰਤਦਿਆਂ ਸਿਆਸਤਦਾਨਾਂ, ਮੰਤਰੀਆਂ ਅਤੇ ਵਕੀਲਾਂ ਦੇ ਸੰਪਰਕ ਵਿਚ ਰਹਿਣ ਅਤੇ ਹੇਠਲੀਆਂ ਅਦਾਲਤਾਂ ਦੇ ਪ੍ਰਸ਼ਾਸਨਿਕ ਕੰਮਕਾਜ ਵਿਚ ਦਖ਼ਲਅੰਦਾਜ਼ੀ ਤੋਂ ਬਚਣਾ ਚਾਹੀਦਾ ਹੈ। 16 ਅਪ੍ਰੈਲ, 2011 ਨੂੰ ਐਮ.ਸੀ. ਸੀਤਲਵਾੜ ਸਮ੍ਰਿਤੀ ਵਿਖਿਆਨ ਦਿੰਦਿਆਂ ਜਸਟਿਸ ਕਪਾੜੀਆ ਨੇ ਕਿਹਾ ਸੀ ਕਿ ਜੱਜਾਂ ਨੂੰ ਸੇਵਾ-ਮੁਕਤੀ ਤੋਂ ਬਾਅਦ ਨਿਯੁਕਤੀ ਦੇ ਲਾਲਚ ਤੋਂ ਵੀ ਬਚਣਾ ਚਾਹੀਦਾ ਹੈ ਕਿਉਂਕਿ ਨਿਯੁਕਤੀ ਦੇਣ ਵਾਲਾ ਬਦਲੇ ਵਿਚ ਉਨਾਂ ਤੋਂ ਆਪਣੇ ਫਾਇਦੇ ਲਈ ਨਿਸਚੇ ਹੀ ਕੋਈ ਕੰਮ ਕਰਵਾਉਣਾ ਚਾਹੇਗਾ। ਉਨਾਂ ਨੇ ਜੱਜਾਂ ਦੇ ਸਾਹਮਣੇ ਉਨਾਂ ਦੇ ਰਿਸ਼ਤੇਦਾਰ ਵਕੀਲਾਂ ਦੇ ਪੇਸ਼ ਹੋਣ ਦੀ ਪ੍ਰਵਿਰਤੀ 'ਤੇ ਵੀ ਪ੍ਰਤੀਕਰਮ ਪ੍ਰਗਟਾਇਆ ਸੀ ਅਤੇ ਕਿਹਾ ਸੀ ਕਿ ਇਸ ਨਾਲ ਲੋਕਾਂ ਵਿਚ ਗ਼ਲਤ ਸੰਦੇਸ਼ ਜਾਂਦਾ ਹੈ ਅਤੇ ਨਿਆਂਪਾਲਿਕਾ ਵਰਗੀ ਸੱਚੀ ਸੰਸਥਾ ਦਾ ਅਕਸ ਧੁੰਦਲਾ ਹੁੰਦਾ ਹੈ।

ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਦੀ ਗੱਲ ਨੂੰ ਸਰਬਉੱਚ ਅਦਾਲਤ ਦੇ ਮੁੱਖ ਜੱਜ ਰਹਿ ਚੁੱਕੇ ਵੀ.ਐਨ. ਖਰੇ ਨੇ ਤਾਂ ਬੜੇ ਹੀ ਸਪੱਸ਼ਟ ਅੰਦਾਜ਼ ਵਿਚ ਸਵੀਕਾਰ ਕੀਤਾ ਸੀ। 2002 ਅਤੇ 2004 ਦੌਰਾਨ ਸਰਬਉੱਚ ਅਦਾਲਤ ਦੇ ਮੁਖੀ ਰਹੇ ਜਸਟਿਸ ਖਰੇ ਨੇ ਆਪਣੀ ਇਕ ਮੁਲਾਕਾਤ ਵਿਚ ਕਿਹਾ ਸੀ, 'ਜੋ ਲੋਕ ਇਹ ਦਾਅਵਾ ਕਰਦੇ ਹਨ ਕਿ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਨਹੀਂ ਹੈ, ਮੈਂ ਉਨਾਂ ਨਾਲ ਸਹਿਮਤ ਨਹੀਂ ਹਾਂ। ਮੇਰਾ ਮੰਨਣਾ ਹੈ ਕਿ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਦਾ ਇਹ ਨਾਸੂਰ ਅਜਿਹਾ ਹੈ ਜਿਸ ਨੂੰ ਛੁਪਾਉਣ ਨਾਲ ਕੰਮ ਨਹੀਂ ਚਲੇਗਾ, ਇਸ ਦੀ ਤੁਰੰਤ ਸਰਜਰੀ ਕਰਨ ਦੀ ਲੋੜ ਹੈ।' ਜਸਟਿਸ ਖਰੇ ਨੇ ਨਿਆਂਪਾਲਿਕਾ ਅੰਦਰਲੇ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਲਈ ਮਹਾਂਦੋਸ਼ ਵਰਗੇ ਪ੍ਰਬੰਧ ਅਤੇ ਉਸ ਦੇ ਅਮਲ ਨੂੰ ਵੀ ਨਾਕਾਫੀ ਦੱਸਿਆ ਸੀ।

ਅਜਿਹਾ ਨਹੀਂ ਹੈ ਕਿ ਨਿਆਂਪਾਲਿਕਾ ਵਿਚ ਜਾਰੀ ਗੜਬੜੀਆਂ ਤੋਂ ਆਮ ਆਦਮੀ ਬੇਖ਼ਬਰ ਹੈ, ਪਰ ਮੁੱਖ ਰੂਪ ਨਾਲ ਦੋ ਕਾਰਨਾਂ ਕਰਕੇ ਇਹ ਗੜਬੜੀਆਂ ਕਦੇ ਜਨਤਕ ਬਹਿਸ ਦਾ ਮੁੱਦਾ ਨਹੀਂ ਬਣ ਸਕੀਆਂ। ਇਕ ਤਾਂ ਲੋਕਾਂ ਨੂੰ ਨਿਆਂਪਾਲਿਕਾ ਦੀ ਉਲੰਘਣਾ ਦੇ ਡੰਡੇ ਦਾ ਡਰ ਸਤਾਉਂਦਾ ਹੈ ਅਤੇ ਦੂਸਰਾ ਆਪਣੀਆਂ ਸਾਰੀਆਂ ਊਣਤਾਈਆਂ ਅਤੇ ਗੜਬੜੀਆਂ ਦੇ ਬਾਵਜੂਦ ਨਿਆਂਪਾਲਿਕਾ ਅੱਜ ਵੀ ਸਾਡੇ ਲੋਕਤੰਤਰ ਦਾ ਸਭ ਤੋਂ ਪ੍ਰਭਾਵਸ਼ਾਲੀ ਥੰਮ ਹੈ, ਜਿਸ ਨੂੰ ਹਰ ਤਰਾਂ ਨਾਲ ਲਾਚਾਰ ਆਦਮੀ ਆਪਣੀਆਂ ਉਮੀਦਾਂ ਦਾ ਆਖ਼ਰੀ ਸਹਾਰਾ ਸਮਝਦਾ ਹੈ।

# ਬਿਨੁ ਨਾਵੈ ਪੂਜ ਨ ਹੋਇ

- ਗੁਰਸ਼ਰਨ ਸਿੰਘ ਕਸੇਲ

ਵੇਖਦੇ ਹਾਂ ਗੁਰਬਾਣੀ ਦਾ ਇਹ ਪੂਰਾ ਸ਼ਬਦ ਤੇ ਇਸ ਦੀ ਵਿਆਖਿਆ ਅਤੇ ਕੁਝ ਵਿਚਾਰ।

**ੴ ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥ ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥ ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥ ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥**

(ਮ:1,ਪੰਨਾ 489)

ਉਪਰ ਦਿੱਤੇ ਸ਼ਬਦ ਬਾਰੇ ਵਿਚਾਰ ਕਰਨ ਦਾ ਸਬਬ ਇੰਝ ਅਚਾਨਕ ਬਣਿਆਂ। ਕਿਸੇ ਸੱਜਣ ਕੋਲ ਗਏ ਸੀ, ਉਥੇ ਬੈਠਿਆਂ ਗੁਰਬਾਣੀ ਬਾਰੇ ਗੱਲ ਚਲ ਪਈ। ਉਹਨਾਂ ਵਿੱਚੋਂ ਇੱਕ ਜਾਣਾ ਆਖ ਦਾ ਗੁਰਬਾਣੀ ਵਿੱਚ ਲਿਖਿਆ ਹੈ ਕਿ ਨਾਉਣ ਤੋਂ ਬਿਨਾ ਪੂਜਾ ਪਾਠ ਨਹੀਂ ਹੁੰਦਾ। ਉਸਨੂੰ ਪੁੱਛਿਆ ਉਹ ਕਿਹੜਾ ਸ਼ਬਦ ਹੈ, ਉਹ ਬੋਲਿਆ, ਬਿਨੁ ਨਾਵੈ ਪੂਜ ਨ ਹੋਇ ਹੈ। ਉਸਨੂੰ ਦੱਸਿਆ ਵੀਰਾ ਨਾਵੈ ਦਾ ਮਤਲਬ ਨਾਉਣਾ ਨਹੀਂ ਹੈ। ਇਸ ਦਾ ਮਤਲਬ ਇਸ ਸ਼ਬਦ ਵਿੱਚ ਨਾਮ ਜਾਂਨੀਕਿ ਗਿਆਨ ਹੈ। ਸਿੱਖ ਧਰਮ ਤਾਂ ਸ਼ੁਰੂ ਹੀ ਗਿਆਨ ਅਤੇ ਸੁਰਤ ਤੋਂ ਹੋਇਆ ਹੈ:

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

(ਪੰਨਾ 942)

ਉਸ ਨੂੰ ਸਮਝਾਇਆ ਕਿ ਗੁਰਬਾਣੀ ਸਮਝਾਉਂਦੀ ਹੈ ਕਿ ਬਿਨਾ ਗਿਆਨ (ਸੋਝੀ) ਦੇ ਰੱਬ ਵੱਲੋਂ ਬਣਾਈ ਉਸ ਦੀ ਕੁਦਰਤ ਅਤੇ ਉਸ ਦੇ ਨਿਯਮਾਂ ਦੀ ਸਮਝ ਨਹੀਂ ਆ ਸਕਦੀ; ਜਾਂਨੀਕਿ ਅਧਿਆਤਮਿਕ ਸੋਝੀ ਲੈਣ ਲਈ ਵੀ ਅਕਾਲ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਵੇਂ ਗੁਰਬਾਣੀ ਦਾ ਵਾਕ ਹੈ:

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥**

(ਪੰਨਾ 1372)

ਜਿਵੇਂ ਗੁਰੂ ਨਾਨਕ ਪਾਤਸ਼ਾਹ ਆਪਣੀ ਪਹਿਲੀ ਬਾਣੀ ਵਿੱਚ ਹੀ ਦੱਸਦੇ ਹਨ ਕਿ ਜੇ ਸਰੀਰ ਗੰਦਾ ਹੋਵੇ ਤਾਂ ਪਾਣੀ ਨਾਲ ਸਾਫ ਹੁੰਦਾ ਹੈ ਅਤੇ ਜੇ ਬੁੱਧ ਵਿਕਾਰਾਂ ਨਾਲ ਗੰਦੀ ਹੋ ਜਾਵੇ ਤਾਂ ਉਹ ਸੱਚੇ ਗਿਆਨ ਨਾਲ ਸਾਫ ਹੁੰਦੀ : ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥(ਪੰਨਾ4)

ਨਾਉਣ ਨਾਲ ਸਰੀਰ ਤੰਦਰੁਸਤ ਹੁੰਦਾ ਹੈ ਅਤੇ ਗੁਰਬਾਣੀ ਦੇ ਗਿਆਨ ਨਾਲ ਮਨ ਵਹਿਮਾਂ ਭਰਮਾ ਤੋਂ ਛੁਟਕਾਰਾ ਪਾ ਕੇ ਡਰ ਰਹਿਤ ਹੁੰਦਾ ਹੈ :

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥**

(ਪੰਨਾ611)

ਜਿਵੇਂ ਗੁਰਬਾਣੀ ਦੇ ਇਸ ਸ਼ਬਦ ਵਿੱਚ 'ਨਾਵੈ' ਦਾ ਅਰਥ ਗਿਆਨ ਕਹਿ ਲਵੋ ਜਾਂ ਸੂਝ ਕਹਿ ਲਵੋ ਹੈ; ਇਵੇਂ ਹੀ ਗੁਰਬਾਣੀ ਵਿੱਚ 'ਸ਼ਬਦਿ ਮਰਹੁ' ਹੈ। ਇਸ ਦਾ ਮਤਲਬ ਗੁਰਬਾਣੀ ਦੀ ਸਿਖਿਆ ਨੂੰ ਆਪਣੇ ਜੀਵਨ ਵਿੱਚ ਢਾਲਣ ਦਾ ਹੈ :

**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥ ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥**

(ਮ:3,ਪੰਨਾ603)

ਇਸ ਸੰਸਾਰ ਵਿੱਚ ਰਹਿੰਦਿਆਂ ਗਿਆਨ ਦਾ ਹੋਣਾ ਬਹੁਤ ਜਰੂਰੀ ਹੈ । ਉਹ ਭਾਵੇਂ ਕੋਈ ਕਾਰੋਬਾਰ ਹੋਵੇ ਤੇ ਭਾਂਵੇਂ ਧਾਰਮਿਕ ਕੰਮ ਹੀ ਕਿਉਂ ਨਾ ਹੋਣ। ਜਿਵੇਂ ਦੁਨੀਆਵੀ ਤੌਰ ਤੇ ਜਿਹੜਾ ਇਨਸਾਨ ਜੋ ਵੀ ਧੰਦਾ ਕਰਦਾ ਹੈ, ਉਸ ਦੀ ਇਹ ਮੰਨਸ਼ਾ ਹੁੰਦੀ ਹੈ ਕਿ ਉਸ ਦਾ ਗਾਹਕ ਜਿਹੜੀ ਚੀਜ ਲੈਣ ਆਇਆ ਹੈ, ਉਸਨੂੰ ਉਸ ਬਾਰੇ ਜਾਣਕਾਰੀ (ਗਿਆਨ) ਨਾ ਹੋਵੇ; ਤਾਂ ਕਿ ਉਹ ਉਸਨੂੰ ਆਪਣੀ ਮਰਜੀ ਅਨੁਸਾਰ ਆਪਣੀ ਵਸਤੂ ਵੇਚ ਸਕੇ।

ਇਸੇ ਤਰਾਂ ਦੀ ਸੋਚ ਵਾਲੇ ਅੱਜ -ਕੱਲ ਸਾਡੇ ਕੁਝ ਧਾਰਮਿਕ ਪ੍ਰਚਾਰਕ ਵੀ ਸ਼ਾਮਿਲ ਹਨ, ਜੋ ਧਰਮ ਨੂੰ ਵੀ ਇੱਕ ਧੰਦੇ ਦੇ ਤੌਰ ਤੇ ਵਰਤ ਰਹੇ ਹਨ। ਉਹ ਵੀ ਇਹ ਹੀ ਚਾਹੁੰਦੇ ਹਨ ਕਿ ਸਿੱਖ ਗੁਰਬਾਣੀ ਪ੍ਰਤੀ ਆਪ ਸੂਝਵਾਨ ਨਾ ਹੋਣ ਅਤੇ ਸਿਰਫ ਉਹਨਾਂ ਕੋਲ ਆ ਕੇ ਹੀ ਇਸ ਬਾਰੇ ਪੁੱਛਣ। ਇਸ ਤਰਾਂ ਉਹਨਾਂ ਦੀ ਆਓ ਭਗਤ ਹੁੰਦੀ ਰਹੇ।

ਇਸ ਤਰਾਂ ਦੀ ਸੋਚ ਵਾਲੇ ਇੱਕ ਮਸ਼ਹੂਰ ਕਥਾ ਵਾਚਕ ਨਾਲ ਵਾਪਰਿਆ ਵਾਕਿਆ ਆਪ ਨਾਲ ਸਾਂਝਾ ਕਰਦਾ ਹਾਂ। ਉਸ ਪ੍ਰਚਾਰਕ ਨੂੰ ਅਸੀਂ ਉਦੋਂ ਤੋਂ ਜਾਣਦੇ ਹਾਂ, ਜਦ ਉਹ ਅਜੇ ਮਸ਼ਹੂਰ ਨਹੀਂ ਸੀ ਹੋਇਆ। ਉਹ ਕਈ ਵਾਰ ਟੋਰਾਂਟੋ ਦੇ ਇਲਾਕੇ ਵਾਲੇ ਗੁਰਦੁਆਰਿਆਂ ਵਿੱਚ ਕਥਾ ਕਰਨ ਆਉਂਦਾ ਹੁੰਦਾ ਸੀ। ਮੈਨੂੰ ਉਸ ਨਾਲ ਮਿਲਣ ਦਾ ਸਬਬ ਮੇਰੇ ਜੀਜੇ (ਭਾਈਆ) ਕਰਕੇ ਬਣਿਆ ਸੀ। ਮੈਂ ਵੀ ਉਦੋਂ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਲੈਣੀ ਸ਼ੁਰੂ ਕੀਤੀ ਸੀ।

ਖੈਰ ! ਇੱਕ ਦਿਨ ਮੈਂ ਤੇ ਮੇਰਾ ਜੀਜਾ ਉਸ ਪ੍ਰਚਾਰਕ ਜੀ ਨੂੰ ਟੋਰਾਂਟੋ ਦੇ ਇਲਾਕੇ ਵਾਲੇ ਗੁਰਦੁਆਰੇ ਉਹਨਾਂ ਦੇ ਕਮਰੇ ਵਿੱਚ ਮਿਲਣ ਗਏ, ਜਿਥੇ ਉਹ ਕਥਾ ਕਰਨ ਆਏ ਸਨ। ਕੁਝ ਚਿਰ ਗੱਲਾਂ ਕਰਦਿਆਂ ਉਹ ਮੇਰੇ ਜੀਜੇ ਨੂੰ ਆਖਦੇ ਤੂੰ ਕੋਈ ਨਾ ਧਾਰਮਿਕ ਕਿਤਾਬ, ਨਾਂ ਟੀਵੀ, ਨਾਂ ਰੇਡੀਓ ਕੁਝ ਨਾ ਸੁਣਿਆਂ ਕਰ, ਸਿਰਫ ਸਿਮਰਨ ਕਰਿਆ ਕਰ ਤੇ ਸਾਡੇ ਕੋਲ ਆਇਆ ਕਰ। ਮੈਂ ਉਹਨਾਂ ਨੂੰ ਕਿਹਾ ਕਿ ਜੇ ਇਹ ਟੀਵੀ ਅਖ਼ਬਾਰ ਆਦਿ ਕੁਝ ਵੀ ਨਹੀਂ ਸੁਣੇ-ਵੇਖੇਗਾ ਤਾਂ ਇਸ ਨੂੰ ਕੀ ਪਤਾ ਲੱਗੇਗਾ ਕਿ ਦੁਨੀਆਂ ਵਿੱਚ ਕੀ ਹੋ ਰਿਹਾ ਹੈ। ਪ੍ਰਚਾਰਕ ਜੀ ਕਹਿੰਦੇ, ' ਇਹ ਸਿਮਰਨ ਕਰਨ ਨਾਲ ਆਪੇ ਸਮਝ ਆ ਜਾਂਦੀ ਹੈ। ਫਿਰ ਮੈਂ ਕਿਹਾ, ਪਰ ਤੁਸੀਂ ਹੁਣ ਸਟੇਜ ਤੇ ਕਥਾ ਕਰਨ ਜਾਣਾ ਹੈ ਤਾਂ ਇਹ ਕਿਤਾਬਾਂ ਕਿਉਂ ਪੜ ਰਹੇ ਹੋ, ਤੁਹਾਨੂੰ ਆਪੇ ਕਥਾ ਕਿਉਂ ਨਹੀਂ ਆ ਜਾਂਦੀ। ਇਹ ਗੱਲ ਸੁਣ ਕੇ ਉਹ ਚੁੱਪ ਕਰ ਗਏ। ਮੇਰਾ ਜੀਜਾ ਉਹਨਾਂ ਜਾਂ ਉਹਨਾਂ ਵਰਗੇ ਹੋਰ ਪ੍ਰਚਾਰਕਾਂ ਨੂੰ ਜਿਹੜੇ ਪੰਜਾਬ ਤੋਂ ਆਉਂਦੇ ਸਨ, ਲੈ ਕੇ ਕਈ ਥਾਂਈ ਘੁਮਾਉਂਦਾ ਹੁੰਦਾ ਸੀ ਅਤੇ ਆਪਣੇ ਘਰ ਵੀ ਪ੍ਰਸ਼ਾਦਾ ਛਕਾਉਣ ਲਈ ਲਿਆਉਣਾ ਤੇ ਜਾਣ ਲੱਗਿਆਂ ਨੂੰ ਦੰਦ ਘਸਾਈ ਵੀ ਦੇਣੀ। (ਸੁਣਿਆਂ ਜਿਵੇਂ ਹਿੰਦੂ ਪੰਡਤ ਕਿਸੇ ਜਜਮਾਨ ਦੇ ਘਰ ਰੋਟੀ ਖਾਣ ਤੋਂ ਬਾਦ ਦੰਦ ਘਸਾਈ ਲੈਂਦਾ ਸੀ)

ਆਪਣੇ ਲਾਲਚ ਅਤੇ ਹਉਮੈ ਵਿੱਚ ਗ੍ਰਹਿਸੇ ਧਾਰਮਿਕ ਅਖਵਾਉਣ ਵਾਲਿਆਂ ਲਈ ਗੁਰੂ ਜੀ ਨੇ ਉਸ ਸਮੇਂ ਦੇ ਪੁਜਾਰੀਆਂ ਨੂੰ ਉਹਨਾਂ ਵੱਲੋਂ ਜਨਤਾ ਨਾਲ ਕੀਤੀਆਂ ਜਾਂਦੀਆਂ ਸ਼ੈਤਾਨੀਆਂ ਤੋਂ ਸੁਚੇਤ ਕਰਨ ਲਈ ਇਹ ਸ਼ਬਦ ਉਚਾਰਿਆ ਸੀ, ਪਰ ਹੁਣ ਇਹ ਸ਼ਬਦ ਸਿੱਖ ਧਰਮ ਵਾਲਿਆਂ ਵਾਸਤੇ ਵੀ ਗੁਰੂ ਜੀ ਦਾ ਫੁਰਮਾਣ ਲਾਗੂ ਹੁੰਦਾ ਹੈ:

**ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥**

(ਮ:1,ਪੰਨਾ904)

ਇਸ ਨਾਲ ਹੀ ਮਿਲਦਾ ਇਕ ਹੋਰ ਵਾਕਿਆ ਵੀ ਹੈ। ਇਹ ਗੱਲ ਸਾਡੇ ਪਿੰਡ ਕਸੇਲ ਦੀ ਹੈ। ਮੈਂ ਕੁਝ ਰਿਸ਼ਤੇਦਾਰਾਂ ਅਤੇ ਵਾਕਿਫ਼ਕਾਰਾਂ ਦੇ ਨਾਂਵਾਂ ਤੇ 'ਸਿੱਖ ਫੁਲਵਾੜੀ' ਮਾਸਿਕ ਰਸਾਲਾ ਲਵਾਇਆ ਸੀ। ਸਾਲ ਕੁ ਬਾਦ ਆਪਣੇ ਪਿੰਡ ਆਇਆ ਤਾਂ ਇੱਕ ਧਾਰਮਿਕ ਤੌਰ ਤੇ ਜਾਣੇ ਜਾਂਦੇ ਸੱਜਣ ਨੂੰ ਮਿਲਣ ਗਿਆ। ਉਸ ਨਾਲ ਗੱਲਾਂ ਕਰਦਿਆਂ ਪੁੱਛਿਆ ਕਿ 'ਸਿੱਖ ਫੁਲਵਾੜੀ' ਵਾਲਾ ਰਸਾਲਾ ਕਿਵੇਂ ਲੱਗਾ। ਉਸ ਸੱਜਣ ਨੇ ਅੱਗੋਂ ਆਖਿਆ, ਮੈਂ ਤਾਂ ਕਦੀ ਪੜਿਆ ਹੀ ਨਹੀਂ; ਮੈਂ ਇੱਕ ਮਹਾਂਪੁਰਖਾਂ ਕੋਲ ਅੰਮ੍ਰਿਤਸਰ ਜਾਂਦਾ ਹਾਂ। ਉਹ ਕਹਿੰਦੇ ਹਨ ਕਿ ਤੁਸੀਂ ਨਾਂ ਕੋਈ ਧਾਰਮਿਕ ਕਿਤਾਬ ਪੜਨੀ, ਨਾਂ ਅਖ਼ਬਾਰ, ਨਾਂ ਟੀਵੀ ਰੇਡੀਓ ਸੁਣਨਾ ਹੈ। ਮੇਰੇ ਕੋਲ ਆਇਆ ਕਰੋ, ਉਹ ਬਹੁਤ ਵੱਡੇ ਮਹਾਂਪੁਰਖ ਹਨ। ਉਸ ਬਾਬੇ ਨੇ ਉਹੀ ਸੱਭ ਕੁਝ ਇਸ ਵੀਰ ਨੂੰ ਆਖਿਆ, ਜੋ ਸਾਨੂੰ ਸਾਡੇ ਵਾਕਫ ਕਥਾ ਵਾਚਕ ਨੇ ਆਖਿਆ ਸੀ।

ਸੋ, ਅਜਿਹੇ ਬਣੇ ਪ੍ਰਚਾਰਕ ਆਪਣੀ ਐਸ਼ ਪ੍ਰਸਤੀ ਕਾਰਨ ਸਿੱਖਾਂ ਨੂੰ ਜਾਹਿਲ ਗਵਾਰ ਬਣਾਉਣਾ ਚਾਹੁੰਦੇ ਹਨ ਤਾਂ ਕਿ ਸਿੱਖ ਗੁਰਬਾਣੀ ਪ੍ਰਤੀ ਉਹਨਾਂ ਦੇ ਗੁਲਾਮ ਰਹਿਣ। ਅਜਿਹੇ ਧਾਰਮਿਕ ਦਿੱਖ ਵਾਲਿਆਂ ਦੀ ਅਸਲੀਅਤ ਬਾਰੇ ਗੁਰੂ ਜੀ ਸਮਝਾਉਂਦੇ ਹਨ:-

**ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥**

(ਮ:3,ਪੰਨਾ491)

**ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥**

(ਮ:3,ਪੰਨਾ88)

ਜਿਵੇਂ ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ ਕਿ ਇਹ ਜਰੂਰੀ ਨਹੀਂ ਕਿ ਜਿਹੜਾ ਇਨਸਾਨ ਗੁਰੂ ਸਾਹਿਬ ਦੇ ਲਾਗੇ ਜਾਂ ਗੁਰਧਾਮਾਂ ਦੇ ਵਿੱਚ ਰਹਿੰਦਾ ਹੈ, ਉਸਨੇ ਵੀ ਆਪਣਾ ਜੀਵਨ ਗੁਰੂ ਦੀ ਸਿਖਿਆ ਅਨੁਸਾਰ ਢਾਲਿਆ ਹੋਵੇ:-

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥**

(ਪੰਨਾ 1365)

ਸਾਡੇ ਵਰਗੇ ਆਮ ਸਿੱਖ ਇਹ ਆਸ ਰੱਖ ਕੇ ਧਾਰਮਿਕ ਦਿੱਖ ਦਿਸਣ ਵਾਲੇ ਜਾਂ ਧਾਰਮਿਕ ਪੇਸ਼ਾਵਰ ਲੋਕਾਂ ਕੋਲ ਇਸ ਕਰਕੇ ਆਉਂਦੇ ਹਨ ਕਿ ਇਹ ਸਾਡੇ ਪਾਪ ਜਾਂਨੀਕਿ ਸਾਥੋਂ ਹੋਏ ਮਾੜੇ ਕਰਮ ਇਹ ਗੁਰਮਤਿ ਦੀ ਸੋਝੀ ਦੇ ਕੇ ਕੱਟ ਦੇਣਗੇ ਜਾਂਨੀਕਿ ਸੱਚੇ ਗਿਆਨ ਦੀ ਸੋਝੀ ਦੇ ਕੇ ਅੱਗੇ ਤੋਂ ਸਾਡੀ ਜੀਵਨ ਜਾਚ ਬਦਲਣ ਵਿੱਚ ਮਦਦ ਕਰਨਗੇ। ਪਰ ਉਹਨਾਂ ਨੂੰ ਕੀ ਪਤਾ ਹੈ ਕਿ ਇਹਨਾਂ ਵਿੱਚੋਂ ਕਈ ਲੋਕ ਸਗੋਂ ਸਾਨੂੰ ਵਹਿਮਾਂ, ਭਰਮਾ, ਅੰਧਵਿਸ਼ਵਾਸਾ ਅਤੇ ਧਰਮ ਦੇ ਨਾਂਅ ਤੇ ਵਿਖਾਵੇ ਦੇ ਕੰਮਾਂ ਦੀ ਘੁੰਮਣਘੇਰੀ ਵਿਚ ਪਾ ਕੇ ਸਗੋਂ ਮਾਨਸਿਕ ਤੌਰ ਤੇ ਡਰਾ ਦੇਣਗੇ। ਜਿਹੜੇ ਧਾਰਮਿਕ ਦਿੱਖ ਵਾਲੇ ਬੰਦੇ ਆਪਣੀ ਚੌਧਰ ਰੱਖਣ ਜਾਂ ਸਿੱਖਾਂ ਨੂੰ ਠੱਗਣ ਖਾਤਰ ਆਪਣੀ ਸੱਚੀ ਨੀਅਤ ਨਾਲ ਸਿੱਖਾਂ ਨੂੰ ਗੁਰਮਤਿ ਦੀ ਸਹੀ ਜਾਣਕਾਰੀ ਨਹੀਂ ਦੇਂਦੇ, ਉਹਨਾਂ ਨਾਲੋਂ ਹੋਰ ਵੱਡਾ ਪਾਪੀ ਬੰਦਾ ਕੀ ਹੋ ਸਕਦਾ ਹੈ। ਇਹ ਤਾਂ ਇਵੇਂ ਹੀ ਹੈ, ਜਿਵੇਂ ਕਿਸੇ ਬੰਦੇ ਦੀਆਂ ਅੱਖਾਂ ਦੀ ਰੋਸ਼ਨੀ ਨਾਂ ਹੋਵੇ ਤੇ ਉਹ ਕਿਸੇ ਅੱਖਾਂ ਵਾਲੇ ਬੰਦੇ ਤੋਂ ਇਹ ਆਸ ਰੱਖੇ ਕਿ ਉਹ ਉਸਨੂੰ ਸਹੀ ਰਾਹ ਤੇ ਪਾ ਦੇਵੇਗਾ, ਪਰ ਅੱਖਾਂ ਵਾਲਾ ਅੱਗੋਂ ਬੇਈਮਾਨ ਹੋਵੇ ਤੇ ਉਹ ਸਗੋਂ ਉਸਨੂੰ ਗਲਤ ਰਾਹ ਤੇ ਪਾ ਦੇਵੇ।

ਬਾਕੀ ਸਫ਼ਾ 31 'ਤੇ

# ਸ਼੍ਰੋਮਣੀ ਕਮੇਟੀ ਦਾ ਸਿਆਸੀਕਰਨ

- ਪ੍ਰਿਥੀਪਾਲ ਸਿੰਘ ਕਪੂਰ

ਪਹਿਲਾਂ ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਦੀ ਭਰਪੂਰ ਚਰਚਾ 1920 ਈ: ਵਿਚ ਚੱਲੀ ਸੀ। ਛੇਤੀ ਹੀ ਉਸ ਨਾਲ ਸਿੱਖ ਪਹਿਚਾਣ ਅਤੇ ਚੇਤੰਨਤਾ ਦੀ ਭਾਵਨਾ ਵੀ ਜੁੜ ਗਈ। ਸਿੱਟੇ ਵਜੋਂ ਸਿੱਖ ਪੰਥ ਵਿਚ ਸਮੂਹਿਕ ਤੌਰ 'ਤੇ ਆਪਣੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਮੁਹਾਂਦਰੇ; ਜੋ ਗੁਰੂ ਸਾਹਿਬਾਨ ਦੁਆਰਾ ਚਿਤਵੇ ਗਏ ਸਨ, ਨੂੰ ਨਿਖਾਰ ਕੇ ਪੇਸ਼ ਕਰਨ ਦੀ ਤਾਂਘ ਵੀ ਉਤਪੰਨ ਹੋ ਗਈ। ਇਸੇ ਲਈ ਪੂਰੀ ਵੀਹਵੀਂ ਸਦੀ ਦੌਰਾਨ ਸਿੱਖ ਪੰਥ ਦਾ ਧਿਆਨ ਆਪਣੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੰਗਠਨਾਂ ਦੀ ਰੂਪ ਰੇਖਾ ਉਲੀਕਣ ਅਤੇ ਇਨਾਂ ਦੀ ਕਾਰਜ ਵਿਧੀ ਨਿਰਧਾਰਤ ਕਰਨ ਵੱਲ ਲੱਗਾ ਰਿਹਾ। ਵਿਦਵਾਨਾਂ ਨੇ ਇਸ ਨੂੰ ਸਿੱਖ ਪੰਥ ਵਿਚ ਪੁਨਰ-ਸੁਰਜੀਤੀ ਦਾ ਨਾਂਅ ਵੀ ਦਿੱਤਾ। 20ਵੀਂ ਸਦੀ ਦੌਰਾਨ ਗੁਰਦੁਆਰਾ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ, ਜਿਸ ਦੀ ਕਾਨੂੰਨੀ ਮਾਨਤਾ ਅਤੇ ਗੁਰਦੁਆਰਾ ਸਾਹਿਬਾਨ ਦੇ ਨਾਂਅ ਲੱਗੀਆਂ ਪੰਥਕ ਜਾਇਦਾਦਾਂ ਨੂੰ ਸੁਰੱਖਿਅਤ ਕਰਨ ਲਈ 1920-25 ਤੱਕ ਦਾ ਲੰਬਾ ਸੰਘਰਸ਼ ਚੱਲਿਆ। ਅੰਤ ਬਰਤਾਨਵੀ ਸਰਕਾਰ ਨੂੰ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ ਪਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਵਿਧਾਨਕ ਮਾਨਤਾ ਦੇਣੀ ਪਈ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਕਿਸੇ ਧਰਮ ਦੇ ਧਾਰਮਿਕ ਅਸਥਾਨਾਂ ਦੇ ਸੁਚੱਜੇ ਪ੍ਰਬੰਧ ਲਈ ਇਕ ਸੰਸਥਾ ਸੰਗਠਿਤ ਕੀਤੀ ਗਈ ਅਤੇ ਸਿੱਖ ਧਰਮ ਦੇ ਉਪਦੇਸ਼ਾਂ ਅਨੁਸਾਰ ਸ਼ਰਧਾਲੂਆਂ ਵਲੋਂ ਭੇਟਾ ਕੀਤੀ ਜਾਂਦੀ ਮਾਇਆ 'ਸਰਬੱਤ ਦੇ ਭਲੇ' ਅਤੇ ਧਰਮ ਪ੍ਰਚਾਰ ਲਈ ਨਿਯਮਤ ਤੌਰ 'ਤੇ ਖ਼ਰਚ ਕਰਨ ਲਈ ਵਿਵਸਥਾ ਬਣਾਈ ਗਈ। ਪਿਛਲੇ ਕਰੀਬ ਸੌ ਸਾਲ ਤੋਂ ਇਹ ਸੰਸਥਾ ਕਾਰਜਸ਼ੀਲ ਰਹੀ। ਇਸ ਸੰਸਥਾ ਦਾ ਗਠਨ ਲੋਕ ਰਾਜੀ ਅਤੇ ਨਿਰੋਲ ਬਰਾਬਰੀ ਦੇ ਨਿਯਮਾਂ ਉੱਪਰ ਆਧਾਰਿਤ ਵਿਧੀ ਵਿਧਾਨ ਅਨੁਸਾਰ ਚਲਾਉਣ ਦਾ ਨਿਸਚਾ ਕੀਤਾ ਗਿਆ। ਇਸ ਦਾ ਗਠਨ ਸਮੂਹ ਸਿੱਖਾਂ ਦੁਆਰਾ ਸਰਬਜਨਕ ਮੱਤ-ਅਧਿਕਾਰ ਦੇ ਆਧਾਰ 'ਤੇ ਹਰ ਪੰਜ ਸਾਲ ਬਾਅਦ ਨਿਸਚਿਤ ਚੋਣ ਦੁਆਰਾ ਕਰਨ ਦਾ ਫ਼ੈਸਲਾ ਹੋਇਆ। ਅਜਿਹਾ ਗੁਰੂ ਨਾਨਕ ਸਾਹਿਬ ਦੇ ਸੰਗਤ, ਸੇਵਾ ਅਤੇ ਖ਼ਾਲਸਾ ਪੰਥ ਦੇ ਪਰਪੱਕ ਬਰਾਬਰੀ ਦੇ ਨਿਯਮਾਂ ਨੂੰ ਅਮਲ ਵਿਚ ਲਿਆਉਣ ਲਈ ਸਾਰਥਕ ਹੰਭਲਾ ਸੀ। ਇਹ ਤਜਰਬਾ ਲਗਪਗ ਦੋ ਦਹਾਕੇ ਸਫਲਤਾ ਸਹਿਤ ਚਲਿਆ।

1947 ਈ: ਵਿਚ ਦੇਸ਼ ਦੀ ਆਜ਼ਾਦੀ ਉਪਰੰਤ ਪੂਰੇ ਭਾਰਤ ਵਿਚ ਵੀ ਲੋਕ-ਰਾਜੀ ਪ੍ਰਣਾਲੀ 'ਤੇ ਆਧਾਰਿਤ ਸੰਵਿਧਾਨ ਲਾਗੂ ਕੀਤਾ ਗਿਆ। ਇਸ ਪ੍ਰਣਾਲੀ ਦੇ



ਵਿਆਪਕ ਤੌਰ 'ਤੇ ਲਾਗੂ ਹੋਣ ਨਾਲ ਸਦਾਚਾਰਕ ਕਦਰਾਂ-ਕੀਮਤਾਂ ਵਿਚ ਵੱਡਾ ਨਿਘਾਰ ਹੋਇਆ ਅਤੇ ਰਾਸ਼ਟਰੀ ਪੱਧਰ 'ਤੇ ਰਾਜਸੀ ਸੱਤਾ ਹਥਿਆਉਣ ਦੇ ਅਮਲ ਵਿਚ ਸਮੂਹਿਕ ਤੌਰ 'ਤੇ ਭ੍ਰਿਸ਼ਟਾਚਾਰ ਪਸਰ ਗਿਆ। ਇਹ ਭ੍ਰਿਸ਼ਟਾਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਢਾਂਚੇ ਵਿਚ ਵੀ ਆਣ ਵੜਿਆ, ਜਿਸ ਨਾਲ ਸਿੱਖ ਕਦਰਾਂ-ਕੀਮਤਾਂ ਦਾ ਵੱਡੇ ਪੱਧਰ 'ਤੇ ਪਤਨ ਹੋਇਆ। ਅੱਜ ਪੰਥ ਵਿਚ ਇਹ ਇਕ ਮੰਨੀ ਪ੍ਰਮੰਨੀ ਸਚਾਈ ਹੈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੀ ਪ੍ਰਬੰਧਕ ਪ੍ਰਣਾਲੀ ਵਿਚ ਹਰ ਪੱਧਰ 'ਤੇ ਭ੍ਰਿਸ਼ਟਾਚਾਰ ਭਾਰੂ ਹੋ ਚੁੱਕਾ ਹੈ, ਜਿਸ ਲਈ ਹਰੇਕ ਸਿੱਖ ਨੂੰ ਵੱਡੇ ਪੱਧਰ 'ਤੇ ਗੁਰਦੁਆਰਾ ਸੁਧਾਰ ਮੁਹਿੰਮ ਵਿਚ ਸ਼ਾਮਿਲ ਹੋ ਕੇ ਯਤਨਸ਼ੀਲ ਹੋਣਾ ਪਵੇਗਾ। ਪਿਛਲੀ ਵਾਰ ਭ੍ਰਿਸ਼ਟਾਚਾਰੀਆਂ/ਸ਼ੋਸ਼ਣ ਕਰਨ ਵਾਲੇ ਮਹੰਤਾਂ ਦੀ ਪਛਾਣ ਸਹਿਜੇ ਹੀ ਹੋ ਗਈ ਸੀ। ਪਰ ਹੁਣ ਸਮੁੱਚਾ ਸਮਾਜ ਹੀ ਇਸ ਬੁਰਾਈ ਦੀ ਜਕੜ ਵਿਚ ਹੈ ਅਤੇ ਰਾਜਨੀਤੀ ਵਿਚ ਸਰਗਰਮ ਪੂਰਾ ਇਕ ਸ਼ਕਤੀਸ਼ਾਲੀ ਵਰਗ ਇਸ ਭ੍ਰਿਸ਼ਟਾਚਾਰ ਵਿਚ ਲਿਪਤ ਹੈ। ਸਿੱਖ ਪੰਥ ਦੀ ਸਲਾਮਤੀ ਚਾਹੁਣ ਵਾਲੇ ਹਰੇਕ ਪੰਥ ਸੇਵਕ ਨੂੰ ਇਸ ਪਾਸੇ ਫ਼ਿਕਰਮੰਦ ਹੋਣ ਦੀ ਲੋੜ ਹੈ। ਪਹਿਲ ਸੰਗਤ ਵਲੋਂ ਸਥਾਨਕ ਪੱਧਰ 'ਤੇ ਸਿੰਘ ਸਭਾਵਾਂ ਦੀ ਕਾਰਜਸ਼ੈਲੀ ਨੂੰ ਨਿਰੋਲ ਧਾਰਮਿਕ ਅਤੇ ਨਿਰਮਲ ਬਣਾਉਣ ਨਾਲ ਕੀਤੀ ਜਾ ਸਕਦੀ ਹੈ। ਸਥਾਨਕ ਸਿੱਖ ਸ਼ਰਧਾਲੂ ਨੇਤਾ ਗੁਰਦੁਆਰਾ ਸਾਹਿਬਾਨ ਨੂੰ ਆਪਣੀ ਭੱਲ ਬਣਾਉਣ ਲਈ ਵਰਤਣ ਤੋਂ ਸੰਕੋਚ ਕਰਨ। ਦੂਸਰੇ ਜਿਨਾਂ ਵਿਅਕਤੀਆਂ ਨੇ ਸ਼੍ਰੋ: ਗੁ: ਪ੍ਰ: ਕਮੇਟੀ ਨਾਲ ਸਬੰਧਿਤ ਰਹਿ ਕੇ ਜਾਂ ਗ੍ਰੰਥੀ ਸਾਹਿਬਾਨ/ਜਥੇਦਾਰ ਵਜੋਂ ਸੇਵਾ ਕਰਕੇ ਸਭ ਕੁਝ ਨੇੜਿਉਂ ਡਿੱਠਾ ਹੈ, ਉਨਾਂ ਨੂੰ ਪ੍ਰੇਰਤ ਕਰਨ ਦੀ ਲੋੜ ਹੈ ਕਿ ਉਹ ਪੰਥ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਸਿਆਸੀ ਦੁਰਵਰਤੋਂ ਸਬੰਧੀ ਜਾਣਕਾਰੀ ਦੇਣ ਅਤੇ ਸੁਧਾਰ ਦੀ ਲੋੜ ਲਈ ਸੰਗਤਾਂ ਨਾਲ ਉਚੇਚੀ ਸਾਂਝ ਪਾਉਣ। ਕੁਝ 'ਦਲੇਰ' ਅਤੇ 'ਬੇਲਾਗ' ਸਿੱਖ ਵਿਦਵਾਨ ਵੀ ਇਸ ਪਾਸੇ ਧਿਆਨ ਦੇਣ ਅਤੇ ਸਿੱਖ ਜਨ-ਸਮੂਹ ਵਿਚ ਚੇਤੰਨਤਾ ਦੇ ਪਸਾਰ ਲਈ ਹੰਭਲਾ ਮਾਰਨ। ਮੁਢਲੇ ਤੌਰ 'ਤੇ ਸ: ਹਰਚਰਨ ਸਿੰਘ, ਸਾਬਕਾ ਮੁੱਖ ਸਕੱਤਰ ਦੀ ਪੁਸਤਕ 'ਸ਼੍ਰੋ: ਗੁ: ਪ੍ਰ: ਕਮੇਟੀ ਦੀ ਵਰਤਮਾਨ ਸਥਿਤੀ' 'ਤੇ ਕੁਝ ਸੋਝੀਵਾਨ ਸਿੱਖ ਚਿੰਤਕ ਡੂੰਘੀ ਵਿਚਾਰ ਚਰਚਾ ਲਈ ਪਹਿਲ ਕਰਨ ਤਾਂ ਜੋ ਹੋਰਨਾਂ ਨੂੰ ਇਸ ਪਾਸੇ ਅੱਗੇ ਵਧਣ ਦਾ ਉਤਸ਼ਾਹ ਮਿਲ ਸਕੇ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿਆਸੀਕਰਨ ਸਿੱਖ ਪੰਥ ਲਈ ਨਿਸਚੇ ਹੀ ਘਾਤਕ ਸਿੱਧ ਹੋ ਰਿਹਾ ਹੈ। ਇਸ ਸਥਿਤੀ ਵਿਚ ਗੁਰਦੁਆਰਿਆਂ, ਗੁਰੂ ਕੀ ਗੋਲਕ ਅਤੇ ਕੁਲ ਪੰਥਕ ਸੰਪਤੀ ਨੂੰ 'ਆਪਣਿਆਂ' ਤੋਂ ਹੀ ਬਚਾਉਣ ਲਈ ਫ਼ੌਰੀ ਸੰਘਰਸ਼ ਵਿੱਢਣ ਦੀ ਲੋੜ ਹੈ। ਹੁਣ ਇਹ ਸੋਚ ਤਿਆਗਣੀ ਜ਼ਰੂਰੀ ਬਣ ਗਈ ਹੈ ਕਿ ਗੋਲਕ ਜਾਂ ਗੁਰਦੁਆਰਾ ਮਿਲਖ ਦੀ ਦੁਰਵਰਤੋਂ ਜਾਂ ਹੜੱਪਣ ਦੀ ਗੱਲ ਕਰਦਿਆਂ ਪੰਥ ਦੀ 'ਨਮੋਸ਼ੀ' ਹੋਵੇਗੀ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਥਾਹ ਵਸੀਲਿਆਂ ਨੂੰ ਨਿੱਜੀ/ਸਿਆਸੀ ਹਿੱਤਾਂ ਲਈ ਨਿਝੱਕ ਅਤੇ ਨਿਰਲੱਜ ਹੋ ਕੇ ਵਰਤਿਆ ਜਾਣ ਲੱਗ ਪਿਆ ਹੈ।

# ਦਿੱਲੀ ’ਚ ਹਿੰਸਾ ਦੇ ਜ਼ਿੰਮੇਵਾਰ ਕੌਣ ਨੇ ?

**- ਰਜਿੰਦਰ ਸਿੰਘ**

ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਬੀਤੇ ਐਤਵਾਰ ਨੂੰ ਸੜਕ ਜਾਮ ਕਰ ਦਿੱਤੀ ਤੇ ਜਾਫ਼ਰਾਬਾਦ ਵਿੱਚ ਭਗਵਿਆਂ ਨੇ ਹਿੰਸਾ ਸ਼ੁਰੂ ਕੀਤੀ। ਇਸ ਤੋਂ ਬਾਅਦ ਹਿੰਸਾ ਚਾਰੇ ਪਾਸੇ ਫੈਲ ਗਈ। ਇਸ ਹਿੰਸਾ ਦਾ ਦੋਸ਼ੀ ਭਾਜਪਾ ਦਾ ਸੀਨੀਅਰ ਨੇਤਾ ਕਪਿਲ ਮਿਸ਼ਰਾ ਦੱਸਿਆ ਜਾਂਦਾ ਹੈ। ਮੌਜਪੁਰ ਵਿਚ ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਇੱਕ ਮੀਟਿੰਗ ਬੁਲਾ ਕੇ ਮੰਗ ਕੀਤੀ ਕਿ ਪੁਲਿਸ ਸੀਏਏ ਵਿਰੋਧੀ ਪ੍ਰਦਰਸ਼ਨਕਾਰੀਆਂ ਨੂੰ ਤਿੰਨ ਦਿਨਾਂ ਵਿੱਚ ਹਟਾ ਦੇਵੇ। ਪੁਲੀਸ ਨੂੰ ਚਿਤਾਵਨੀ ਦਿੰਦਿਆਂ ਮਿਸ਼ਰਾ ਨੇ ਕਿਹਾ ਸੀ ਕਿ ਅਸੀਂ ਉਦੋਂ ਤੱਕ ਇੰਤਜ਼ਾਰ ਕਰਾਂਗੇ ਜਦੋਂ ਤੱਕ ਟਰੰਪ (ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ) ਭਾਰਤ ਦੇ ਦੌਰੇ ’ਤੇ ਹਨ। ਉਨਾਂ ਦੇ ਵਾਪਸ ਅਮਰੀਕਾ ਜਾਣ ਮਗਰੋਂ ਜੇ ਰਸਤਾ ਸਾਫ਼ ਨਾ ਹੋਇਆ ਤਾਂ ਅਸੀ (ਪੁਲਿਸ) ਤੁਹਾਡੀ ਨਹੀਂ ਸੁਣਾਂਗਾ। ਅਸੀਂ ਤੁਹਾਨੂੰ (ਪੁਲਿਸ) ਅਪੀਲ ਕਰਦੇ ਹਾਂ ਕਿ ਟਰੰਪ ਦੇ ਜਾਣ ਤਕ ਜਾਫ਼ਰਾਬਾਦ ਅਤੇ ਚਾਂਦਬਾਗ ਨੂੰ ਖਾਲੀ ਕਰਵਾ ਦਿਓ। ਜੇ ਅਜਿਹਾ ਨਾ ਹੋਇਆ ਤਾਂ ਸਾਨੂੰ ਸੜਕਾਂ ’ਤੇ ਆਉਣਾ ਪਵੇਗਾ। ਇਸ ਤੋਂ ਤੁਰੰਤ ਬਾਅਦ ਭਗਵੀਆਂ ਭੀੜਾਂ ਨੇ ਮੁਸਲਮਾਨਾਂ ਦੀ ਕੁਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਉੱਤਰ-ਪੂਰਬੀ ਦਿੱਲੀ ਨੂੰ ਹਿੰਸਾ ਦੀ ਅੱਗ ਵਿਚ ਸਾੜ ਦਿੱਤਾ ਹੈ। ਉੱਤਰ-ਪੂਰਬੀ ਦਿੱਲੀ ਦੇ ਕਈ ਇਲਾਕਿਆਂ ਵਿੱਚ ਹੋਈ ਹਿੰਸਾ ਵਿਚ ਮਰਨ ਵਾਲਿਆਂ ਦੀ ਗਿਣਤੀ ੫੦ ਹੋ ਗਈ ਹੈ ਤੇ 300 ਤੋਂ ਵਧ ਜ਼ਖ਼ਮੀ ਹੋ ਚੁੱਕੇ ਹਨ। ਇਨਾਂ ਵਿਚ ਲਗਭਗ 56 ਪੁਲਿਸ ਮੁਲਾਜ਼ਮ ਸ਼ਾਮਲ ਹਨ। ਇਕ ਹੌਲਦਾਰ ਹਿੰਸਾ ਵਿਚ ਮਾਰਿਆ ਗਿਆ ਹੈ। ਭੀੜਾਂ ਕੋਲ ਐਸਿਡ ਤੇ ਪੈਟਰੋਲ ਬੰਬ ਹਨ। ਜਿਸ ਮਕਾਨ ’ਤੇ ਸੁੱਟਦੇ ਹਨ, ਅੱਗ ਦੇ ਭਾਂਬੜ ਬਾਲ ਦਿੰਦੇ ਹਨ। ਕਈ ਵਾਹਨ, ਮਕਾਨ, ਮਸਜਿਦ, ਪੈਟਰੋਲ ਪੰਪ ਦੁਕਾਨਾਂ ਤਬਾਹ ਹੋ ਚੁੱਕੀਆਂ ਹਨ। ਸੜਕ ’ਤੇ ਜ਼ਖ਼ਮੀ ਹੋਏ, ਸਹਿਕ ਰਹੇ ਮੁਸਲਮਾਨ, ਸੜੀਆਂ ਕਾਰਾਂ, ਸੜੇ ਮਕਾਨ ਦਸ ਰਹੇ ਸਨ ਕਿ ਭਾਰਤ ਵਿਚ ਹਿਟਲਰ ਦਾ ਜਨਮ ਹੋ ਗਿਆ ਹੈ। ਸੜਕਾਂ ’ਤੇ ਖੜੀ ਭਗਵੀਂ ਭੀੜ ਵਲੋਂ ਮੋਟਰਸਾਈਕਲ ਸਵਾਰਾਂ ਦੇ ਹੈਲਮੇਟ ਉਤਰਵਾ ਕੇ ਧਰਮ ਦੀ ਪਛਾਣ ਕਰਨ ਉਪਰੰਤ ਚੋਣਵੇਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਇਥੇ ਹੀ ਬੱਸ ਨਹੀਂ ਬਲਕਿ ਇਕ ਵਿਸ਼ੇਸ਼ ‘ਧਾਰਮਿਕ ਨਾਅਰਾ’ ਲਗਾਉਣ ਉਪਰੰਤ ਹੀ ਵਾਹਨ ਚਾਲਕਾਂ ਨੂੰ ਉਥੋਂ ਜਾਣ ਦੀ ਇਜਾਜ਼ਤ ਦਿੱਤੀ ਜਾ ਰਹੀ ਸੀ। ਸੋਸ਼ਲ ਮੀਡੀਆ ’ਤੇ ਕਈਆਂ ਦਾ ਮੰਨਣਾ ਹੈ ਕਿ ਉਕਤ ਵਰਤਾਰਾ ਤਕਰੀਬਨ-ਤਕਰੀਬਨ ਉਸੇ ਨੀਤੀ ਨਾਲ ਮੇਲ ਖਾਂਦਾ ਹੈ ਜਦੋਂ ਪਿਛੋਕੜ ਵਿਚ ਨਵੰਬਰ 1984 ਵਿਚ ਪੱਗ ਤੇ ਕੇਸਾਂ (ਵਾਲ) ਦੀ ਪਛਾਣ ਕਰ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਕ ਚੈਨਲ ਦੇ ਪੱਤਰਕਾਰ ਨੂੰ ਗੋਲੀ ਲੱਗੀ ਹੈ ਅਤੇ ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਦੱਸੀ ਹੈ। ਇਕ ਹੋਰ ਚੈਨਲ ਦੇ ਪੱਤਰਕਾਰਾਂ ਦੀ ਕੁੱਟਮਾਰ ਕੀਤੀ ਗਈ। ਉਨਾਂ ਵਿਚੋਂ ਇਕ ਦਾ ਦੰਦ ਟੁੱਟ ਗਿਆ, ਜਦੋਂ ਦੂਜਾ ਉਸ ਦੀ ਬਚਾਉਣ ਆਇਆ ਤਾਂ ਉਸ ਨੂੰ ਵੀ ਕੁੱਟਿਆ ਗਿਆ। ਹੋਰ ਕਈ ਪੱਤਰਕਾਰ ਭਗਵੀਆਂ ਭੀੜਾਂ ਦੇ ਨਿਸ਼ਾਨੇ ਬਣੇ। ਇਕ ਵੀਡੀਓ ਸ਼ੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ ਜੋ ਤੁਹਾਨੂੰ ਝੰਜੋੜ ਦੇਵੇਗੀ। ਕੁਝ ਮੁਸਲਮਾਨ ਸੜਕ ’ਤੇ ਇਸ ਹਿੰਸਾ ਕਾਰਨ ਜ਼ਖ਼ਮੀ ਹੋ ਕੇ ਡਿੱਗੇ ਪਏ ਹਨ। ਉਹ ਉਠਣ ਤੋਂ ਵੀ ਅਸਮਰੱਥ ਹਨ, ਪਰ ਉਨਾਂ ਨੂੰ ਪੁਲੀਸ ਵਲੋਂ ਡੰਡੇ ਲੈ ਕੇ ਕੁਟਿਆ ਜਾ ਰਿਹਾ ਹੈ ਤੇ ਕਿਹਾ ਜਾ ਰਿਹਾ ਹੈ, ‘ਮੰਗੋ ਆਜ਼ਾਦੀ’। ਇਕ ਹੋਰ ਪੁਲੀਸ ਵਾਲਾ ਉਨਾਂ ਕੋਲੋਂ ਜ਼ਬਰੀ ਰਾਸ਼ਟਰੀ ਗੀਤ ਗਵਾਉਂਦਾ ਹੈ। ਇਕ ਹੋਰ ਪੁਲਸੀਆ ਕਹਿੰਦਾ ਹੈ ਕਿ ਚੰਗੀ ਤਰਾਂ ਗਾ, ਇਕ ਹੋਰ ਪੁਲਸੀਆ ਕਹਿੰਦਾ ਹੈ ‘ਵੰਦੇ ਮਾਤਰਮ’ ਗਾ। ਨਾਲ ਨਾਲ ਉਨਾਂ ਦੀ ਕੁੱਟਮਾਰ ਜਾਰੀ ਹੈ। ਵੀਡੀਆ ਵਿਚ ਪੁਲਸੀਆਂ ਦਾ ਚਿਹਰਾ ਨਹੀਂ ਦਿਖਦਾ।

ਇਸ ਦੌਰਾਨ ਰਿਪੋਰਟਾਂ ਮੁਤਾਬਿਕ ਖਜੂਰੀ ਖਾਸ ਖੇਤਰ ਵਿੱਚ ਦੋ ਦਿਨ ਪਹਿਲਾਂ ਘਰੋਂ ਪ੍ਰੀਖਿਆ ਦੇਣ ਲਈ ਸਕੂਲ ਗਈ 13 ਸਾਲਾ ਲੜਕੀ ਅਜੇ ਵੀ ਲਾਪਤਾ ਹੈ। ਵਿਦਿਆਰਥਣ ਸੋਨੀਆ 8ਵੀਂ ਜਮਾਤ ਵਿੱਚ ਪੜਦੀ ਹੈ। ਉਧਰ ਦਿੱਲੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਸਵਾਤੀ ਮਾਲੀਵਾਲ ਨੇ ਸੀਨੀਅਰ ਪੁਲੀਸ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਹਿੰਸਾਗ੍ਰਸਤ ਇਲਾਕਿਆਂ ਦੀਆਂ ਔਰਤਾਂ ਤੋਂ ਕਈ ਸ਼ਿਕਾਇਤਾਂ ਮਿਲਣ ਬਾਰੇ ਸੂਚਿਤ ਕੀਤਾ। ਮਾਲੀਵਾਲ ਨੇ ਕਿਹਾ ਕਿ ਉਨਾਂ ਨੂੰ 181 ਹੈਲਪਲਾਈਨ ’ਤੇ ਕਰਾਵਲ ਨਗਰ, ਦਿਆਲਪੁਰਾ, ਭਜਨਪੁਰਾ ਤੇ ਗੋਕੁਲਪੁਰੀ ਤੋਂ ਸ਼ਿਕਾਇਤਾਂ ਮਿਲੀਆਂ ਹਨ।

ਪ੍ਰਸ਼ਾਸਨ ਨੇ ਧਾਰਾ 144 ਲਗਾ ਦਿੱਤੀ ਹੈ ਅਤੇ ਭਾਰੀ ਪੁਲਿਸ ਤਾਇਨਾਤ ਹੈ। ਭਾਜਪਾ ਆਗੂ ਗੌਤਮ ਗੰਭੀਰ ਦਾ ਕਹਿਣਾ ਹੈ ਕਿ ਜੋ ਹਿੰਸਕ ਤੇ ਜ਼ਹਿਰੀਲੇ ਬਿਆਨ ਦਿੰਦਾ ਹੈ, ਉਸ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਉਨਾਂ ਦਾ ਇਸ਼ਾਰਾ ਭਾਜਪਾ ਆਗੂ ਮਿਸ਼ਰਾ ਵਲ ਹੀ ਸੀ।

ਮੁਸਲਮਾਨ ਭਾਈਚਾਰੇ ਦਾ ਦੋਸ਼ ਹੈ ਕਿ ਉਹ ਇਸ ਹਿੰਸਾ ਕਾਰਨ ਆਪਣੇ ਮਕਾਨਾਂ ਵਿਚ ਨਜ਼ਰਬੰਦ ਹੋ ਕੇ ਰਹਿ ਗਏ ਹਨ। ਸਾਡੀਆਂ ਕਲੋਨੀਆਂ ਤੇ ਜਾਇਦਾਦਾਂ, ਦੁਕਾਨਾਂ ਦੀ ਸਾੜ ਫੂਕ ਜਾਰੀ ਹੈ। ਪੁਲੀਸ ਤੇ ਭਗਵੇਂ ਗੁੰਡੇ ਦੋਵੇਂ ਹੀ ਸਾਨੂੰ ਨਿਸ਼ਾਨਾ ਬਣਾ ਰਹੇ ਹਨ। ਸੀਏਏ ਵਿਰੋਧੀ ਪ੍ਰਦਰਸ਼ਨਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਚਾਂਦ ਬਾਗ ਇਲਾਕੇ ਵਿਚ ਅਸੀਂ ਧਰਨੇ ’ਤੇ ਜੁੜੇ ਹੋਏ ਸਾਂ ਤਾਂ ਆਰ ਐਸ ਐਸ ਦੇ ਲੋਕ ਪੁਲੀਸ ਨਾਲ ਆਏ ਤੇ ਸਾਡੇ ਉੱਪਰ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਘਟਨਾ ਸਥਾਨ ’ਤੇ 200 ਮੁਸਲਮ ਭਾਈਚਾਰੇ ਵਿਚ ਡੇਢ ਸੌ ਔਰਤਾਂ ਸਨ। ਇਹ ਲਾਠੀਚਾਰਜ ਘੱਟੋ ਘੱਟ ਅੱਧੇ ਘੰਟੇ ਤੱਕ ਚੱਲਿਆ। ਭਗਵੇਂਵਾਦੀਆਂ ਤੇ ਪੁਲੀਸ ਨੇ ਔਰਤਾਂ ਸਮੇਤ ਕਈ ਮੁਸਲਮਾਨ ਲੋਕਾਂ ਨੂੰ ਜ਼ਖ਼ਮੀ ਕੀਤਾ।

ਹਿੰਸਕ ਘਟਨਾਵਾਂ ਕਾਰਨ ਮੁਸਲਮਾਨਾਂ ਤੇ ਸਿੱਖਾਂ ਵਿਚ ਡਰ ਦਾ ਮਾਹੌਲ ਇਸ ਕਦਰ ਵਧਦਾ ਜਾ ਰਿਹਾ ਹੈ ਕਿ ਕਈਆਂ ਵਲੋਂ ਇਸ ਨੂੰ 1984 ਸਿੱਖ ਕਤਲੇਆਮ ਵਰਗੇ ਮਾਹੌਲ ਨਾਲ ਵੀ ਜੋੜ ਕੇ ਵੇਖਿਆ ਜਾਣ ਲੱਗਾ ਹੈ। ਕਰਦਮਪੁਰੀ ਅਤੇ ਸੁਦਾਮਾਪੁਰੀ ਇਲਾਕਿਆਂ ਵਿਚ ਮੁਸਲਮਾਨ ਤੇ ਦਲਿਤ ਆਪਣੇ ਇਲਾਕਿਆਂ ਦੀ ਸੁਰੱਖਿਆ ਕਰ ਰਹੇ ਹਨ। ਦਿੱਲੀ ਵਿਚ ਭਗਵੇਂ ਗੁੰਡਿਆਂ ਵਲੋਂ ਚਲ ਰਹੀ ਹਿੰਸਾ ਦੇ ਸੰਦਰਭ ਵਿਚ ਬੀਤੇ ਦਿਨੀਂ ਗ੍ਰਿਹ ਮੰਤਰੀ ਅਮਿਤ ਸ਼ਾਹ ਦੇ ਆਦੇਸ਼ਾਂ ’ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਉੱਤਰ ਪੂਰਬ ਜ਼ਿਲੇ ਦੇ ਹਿੰਸਾ ਪ੍ਰਭਾਵਿਤ ਇਲਾਕਿਆਂ ਜ਼ਫ਼ਰਾਬਾਦ, ਮੌਜਪੁਰ, ਕਬੀਰ ਨਗਰ, ਗੋਕੁਲਪੁਰੀ, ਭਜਨਪੁਰਾ, ਕਰਾਵਲ ਨਗਰ, ਚਾਂਦਬਾਗ ਦਾ ਦੌਰਾ ਕੀਤਾ ਸੀ।

ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਡੋਵਾਲ ਨੂੰ ਅਪੀਲ ਕੀਤੀ ਸੀ ਕਿ ਫੌਜ ਬੁਲਾਈ ਜਾਵੇ। ਇਸ ਸਬੰਧ ਵਿੱਚ ਉਨਾਂ ਨੇ ਗ੍ਰਿਹ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਵੀ ਲਿਖਿਆ ਸੀ। ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨਐਸਏ) ਅਜੀਤ ਡੋਵਾਲ ਨੇ ਕਿਹਾ, “ਮੈਂ ਭਰੋਸਾ ਦਿੰਦਾ ਹਾਂ ਕਿ ਕਿਸੇ ਵੀ ਕਾਨੂੰਨ ਦੀ ਪਾਲਣਾ ਕਰ ਰਹੇ ਨਾਗਰਿਕ ਦੁਆਰਾ ਕਿਸੇ ਨੂੰ ਕਿਸੇ ਵੀ ਤਰਾਂ ਦਾ ਨੁਕਸਾਨ ਨਹੀਂ ਪਹੁੰਚਾਇਆ ਜਾਏਗਾ। ਪੂਰੀ ਤਾਕਤ ਤਾਇਨਾਤ ਹੈ, ਕਿਸੇ ਨੂੰ ਵੀ ਡਰਨ ਦੀ ਜ਼ਰੂਰਤ ਨਹੀਂ। ਲੋਕਾਂ ਨੂੰ ਸੁਰੱਖਿਆ ਫੋਰਸਾਂ ’ਤੇ ਭਰੋਸਾ ਕਰਨਾ ਪਏਗਾ।” ਪਰ ਡੋਵਾਲ ਨੇ ਇਹ ਨਹੀਂ ਦੱਸਿਆ ਕਿ ਜਿਹੜੇ ਵਰਦੀਧਾਰੀ ਪੁਲੀਸ ਵਰਦੀਆਂ ਵਿਚ ਦੰਗਾ ਕਰ ਰਹੇ ਸਨ, ਉਹ ਕੌਣ ਸਨ ਜੋ ਫੌਜ ਦੀ ਵਰਦੀ ਵਿਚ ਸਨ, ਉਹ ਕੌਣ ਸਨ? ਜਦ ਕਿ ਫੌਜ ਇਨਕਾਰ ਕਰ ਰਹੀ ਹੈ ਕਿ ਇਹ ਸਾਡੇ ਬੰਦੇ ਨਹੀਂ। ਇਹ ਕਿੰਨੀ ਭਿਅੰਕਰ ਸਥਿਤੀ ਹੈ ਕਿ ਪੁਲੀਸ ਤੇ ਫੌਜ ਦੀ ਵਰਦੀ ਵਿਚ ਕੋਈ ਕੀ ਕਰ ਜਾਵੇ। ਦਿੱਲੀ ਦੀ ਇਸ ਹਾਲਤ ਲਈ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਪੁਲਸ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ। ਕਪਿਲ ਮਿਸ਼ਰਾ ਵਰਗੇ ਭਾਜਪਾਈ ਨੇਤਾ ਦੀਆਂ ਧਮਕੀਆਂ ਤੇ ਭੜਕਾਊ ਬਿਆਨਾਂ ਦੇ ਬਾਅਦ ਵੀ ਉਸ ਉੱਤੇ ਕੋਈ ਕਾਰਵਾਈ ਨਹੀਂ ਹੋ ਰਹੀ। ਭਾਜਪਾ ਆਗੂਆਂ ਦੀ ਨਫ਼ਰਤ-ਭਰੀ ਤੇ ਜ਼ਹਿਰ ਉਗਲਦੀ ਜ਼ੁਬਾਨ ਦਾ ਨਤੀਜਾ ਅੱਜ ਸਮੁੱਚੇ ਦਿੱਲੀ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ।

ਦਿੱਲੀ ਹਾਈ ਕੋਰਟ ਦੇ ਸੀਨੀਅਰ ਜੱਜ ਜਸਟਿਸ ਐਸ. ਮੁਰਲੀਧਰ ਵੱਲੋਂ ਬੁੱਧਵਾਰ ਨੂੰ ਦਿੱਲੀ ਦੰਗਿਆਂ ਨੂੰ ਭੜਕਾਉਣ ਵਾਲੇ ਭਾਜਪਾ ਆਗੂਆਂ ਦੀਆਂ ਨਫ਼ਰਤੀ ਤਕਰੀਰਾਂ ਸੰਬੰਧੀ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਲਈ ਦਿੱਲੀ ਪੁਲਸ ਦੇ ਰਵੱਈਏ ਨੂੰ ਲੰਮੇ ਹੱਥੀਂ ਲਿਆ ਸੀ। ਦਿੱਲੀ ਹਾਈ ਕੋਰਟ ਦੇ ਜੱਜ ਐਸ ਮੁਰਲੀਧਰ ਨੂੰ ਉਸ ਸਮੇਂ ਬਦਲ ਦਿੱਤਾ ਗਿਆ ਸੀ ਜਦੋਂ ਉਨਾਂ ਦੀ ਅਗਵਾਈ ਹੇਠਲੇ ਬੈਂਚ ਨੇ ਭਾਜਪਾ ਦੇ ਤਿੰਨ ਆਗੂਆਂ ਵੱਲੋਂ ਨਫ਼ਰਤੀ ਭਾਸ਼ਨ ਦੇਣ ਤੇ ਉਨਾਂ ਖ਼ਿਲਾਫ਼ ਐਫਆਈਆਰ ਨਾ ਦਰਜ ਕਰਨ ’ਤੇ ਦਿੱਲੀ ਪੁਲਸ ਨੂੰ ਸਵਾਲ ਖੜੇ ਕੀਤੇ ਸਨ। ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ ਬੁੱਧਵਾਰ ਦੀ ਅੱਧੀ ਰਾਤ ਨੂੰ ਹੀ ਰਾਸ਼ਟਰਪਤੀ ਤੋਂ ਉਨਾ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਤਬਾਦਲੇ ਦਾ ਫ਼ਰਮਾਨ ਜਾਰੀ ਕਰਵਾ ਦਿੱਤਾ।

ਰਿਪੋਰਟਾਂ ਮੁਤਾਬਿਕ ਜੱਜ ਦੇ ਤਬਾਦਲੇ ’ਤੇ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਕੇ ਜੀ ਬਾਲਾਕ੍ਰਿਸ਼ਨਨ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਦਿੱਲੀ ਹਾਈ ਕੋਰਟ ਦੇ ਜੱਜ ਐੱਸ ਮੁਰਲੀਧਰ ਦਾ ਪੰਜਾਬ ਹਰਿਆਣਾ ਹਾਈ ਕੋਰਟ ’ਚ ਅੱਧੀ ਰਾਤ ਵੇਲੇ ਤਬਾਦਲਾ ਕਰਨ ਸਮੇਂ ਸਰਕਾਰ ਨੂੰ ਮਾੜਾ ਮੋਟਾ ਧਿਆਨ ਰੱਖਣਾ ਚਾਹੀਦਾ ਸੀ।

ਉਂਜ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਤਬਾਦਲੇ ਦਾ ਕੇਸ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ ਕਿਉਂਕਿ ਇਸ ਸਬੰਧੀ ਸਿਫ਼ਾਰਿਸ਼ ਸੁਪਰੀਮ ਕੋਰਟ ਕੌਲਿਜੀਅਮ ਨੇ ਪਹਿਲਾਂ ਹੀ ਕੀਤੀ ਹੋਈ ਸੀ।ਜਸਟਿਸ ਮੁਰਲੀਧਰ ਦੇ ਤਬਾਦਲੇ ਦੀ ਟਾਈਮਿੰਗ ਚਿੰਤਾਜਨਕ ਹੈ। ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ, ਜਿਹੜੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਨਿੱਜੀ ਹੈਸੀਅਤ ਵਿਚ ਗੱਲ ਕਰਦਿਆਂ ਕਿਹਾ ਕਿ ਉਹ ਜੱਜ ਦੇ ਤਬਾਦਲੇ ’ਤੇ ਇਤਰਾਜ਼ ਨਹੀਂ ਉਠਾ ਰਹੇ, ਪਰ ਤਬਾਦਲੇ ਲਈ ਦਿਖਾਈ ਗਈ ਕਾਹਲ ਸਰਕਾਰ ਵੱਲੋਂ ਨਿਆਂ ਵਿਚ ਰੁਕਾਵਟ ਪਾਉਣ ਵਾਲੀ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਜਾਪਦਾ ਹੈ ਕਿ ਉਹ ਦੰਗਿਆਂ ਦੀ ਸੁਣਵਾਈ ਨਾ ਕਰ ਸਕਣ। ਉਹ ਕੇਸ ਨੂੰ ਸੁਣ ਰਹੇ ਸਨ। ਅਜਿਹੀ ਕੋਈ ਆਫ਼ਤ ਨਹੀਂ ਆ ਗਈ ਸੀ ਕਿ ਉਨਾ ਨੂੰ ਆਪਣੇ ਫਰਜ਼ ਨਿਭਾਉਣ ਤੋਂ ਵੇਹਲੇ ਕਰ ਦਿੱਤਾ ਜਾਂਦਾ। ਵੀਰਵਾਰ ਨੂੰ ਦੰਗਿਆਂ ਦੀ ਸੁਣਵਾਈ ਚੀਫ ਜਸਟਿਸ ਡੀ ਐੱਨ ਪਟੇਲ ਤੇ ਜਸਟਿਸ ਸੀ ਹਰੀ ਸ਼ੰਕਰ ਦੀ ਬੈਂਚ ਅੱਗੇ ਹੋਈ, ਜਿਸ ਨੇ ਐੱਫ ਆਈ ਆਰ ਦਰਜ ਕਰਨ ਲਈ ਪੁਲਸ ਨੂੰ ਚਾਰ ਹਫਤਿਆਂ ਦਾ ਸਮਾਂ ਦੇ ਦਿੱਤਾ।

ਨਾਮਵਰ ਕਾਨੂੰਨਦਾਨ ਸੋਲੀ ਸੋਰਾਬਜੀ, ਜਿਹੜੇ ਵਾਜਪਾਈ ਸਰਕਾਰ ਦੌਰਾਨ ਅਟਾਰਨੀ ਜਨਰਲ ਹੁੰਦੇ ਸਨ, ਨੇ ਕਿਹਾ ਹੈ ਕਿ ਫੈਸਲੇ ਦੀ ਟਾਈਮਿੰਗ ਪੱਖਪਾਤ ਦਾ ਤੌਖ਼ਲਾ ਪੈਦਾ ਕਰਦੀ ਹੈ। ਇਹ ਫੈਸਲਾ ਜੁਡੀਸ਼ੀਅਰੀ ਦੀ ਆਜ਼ਾਦੀ ਨੂੰ ਹੀ ਢਾਹ ਲਾਏਗਾ।ਇਸ ਦੌਰਾਨ ਹੀ ਦਿੱਲੀ ਪੁਲਸ ਨੇ ਦਿੱਲੀ ਦੰਗਿਆਂ ਦੀ ਪੜਤਾਲ ਲਈ ਦੋ ਐੱਸ ਆਈ ਟੀ ਦਾ ਗਠਨ ਕੀਤਾ ਹੈ। ਇਨਾਂ ਦੋਹਾਂ ਟੀਮਾਂ ਦੇ ਜਿਹੜੇ ਮੁਖੀ ਥਾਪੇ ਗਏ ਹਨ, ਉਨਾਂ ਦਾ ਆਚਰਣ ਪਹਿਲਾਂ ਤੋਂ ਸ਼ੱਕੀ ਰਿਹਾ ਹੈ। ਇਨਾਂ ਦੋ ਟੀਮਾਂ ਵਿੱਚੋਂ ਇੱਕ ਦਾ ਮੁਖੀ ਡੀ ਸੀ ਪੀ ਜਾਏ ਟਿਰਕੀ ਤੇ ਦੂਜੀ ਦਾ ਡੀ ਸੀ ਪੀ ਰਾਜੇਸ਼ ਦੇਵ ਨੂੰ ਬਣਾਇਆ ਗਿਆ ਹੈ। ਇਹ ਦੋਨੋਂ ਹੀ ਡੀ ਸੀ ਪੀ ਜਾਮੀਆ ਮਿਲੀਆ ਇਸਲਾਮੀਆ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਹੋਈ ਹਿੰਸਾ ਦੀ ਪੜਤਾਲ ਦੀ ਵੀ ਨਿਗਰਾਨੀ ਕਰ ਰਹੇ ਹਨ। ਸਾਰੇ ਜਾਣਦੇ ਹਨ ਕਿ ਲੰਮੇ ਸਮੇਂ ਬਾਅਦ ਵੀ ਇਨਾਂ ਪੜਤਾਲਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ ਅਤੇ ਵਿਦਿਆਰਥੀਆਂ ਤੇ ਵਿਦਿਆਰਥਣਾਂ ’ਤੇ ਹਮਲਾ ਕਰਨ ਵਾਲੇ ਦੋਸ਼ੀਆਂ ਦੇ ਨਾਂਅ ਤੱਕ ਵੀ ਸਾਹਮਣੇ ਨਹੀਂ ਆ ਸਕੇ।

ਡੀ ਸੀ ਪੀ ਰਾਜੇਸ਼ ਦੇਵ ਉਹ ਵਿਅਕਤੀ ਹੈ, ਜਿਸ ਨੇ ਚੋਣਾਂ ਵਿੱਚ ਭਾਜਪਾ ਨੂੰ ਲਾਭ ਪੁਚਾਉਣ ਲਈ ਸ਼ਾਹੀਨ ਬਾਗ਼ ਵਿੱਚ ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਉੱਤੇ ਗੋਲੀ ਚਲਾਉਣ ਵਾਲੇ ਨੌਜਵਾਨ ਨੂੰ ਆਮ ਆਦਮੀ ਪਾਰਟੀ ਦਾ ਵਰਕਰ ਦੱਸ ਦਿੱਤਾ ਸੀ। ਇਸ ਉੱਤੇ ਚੋਣ ਕਮਿਸ਼ਨ ਨੇ ਸਖ਼ਤੀ ਵਰਤਦਿਆਂ ਰਾਜੇਸ਼ ਦੇਵ ਨੂੰ ਚੋਣ ਡਿਊਟੀ ਤੋਂ ਲਾਂਭੇ ਕਰ ਦਿੱਤਾ ਸੀ। ਚੋਣ ਕਮਿਸ਼ਨ ਨੇ ਚਿਤਾਵਨੀ ਭਰੇ ਨੋਟਿਸ ਵਿੱਚ ਕਿਹਾ ਸੀ ਕਿ ਡੀ ਸੀ ਪੀ ਰਾਜੇਸ਼ ਦੇਵ ਵੱਲੋਂ ਇੱਕ ਸਿਆਸੀ ਪਾਰਟੀ ਬਾਰੇ ਬਿਆਨ ਦੇਣ ਨਾਲ ਚੋਣ ਪ੍ਰਕਿਰਿਆ ਉੱਤੇ ਨਾਂਹ-ਪੱਖੀ ਅਸਰ ਪੈ ਸਕਦਾ ਹੈ। ਉਪਰੋਕਤ ਸਾਰੇ ਤੱਥ ਇਹ ਸਮਝਣ ਲਈ ਕਾਫ਼ੀ ਹਨ ਕਿ ਤਿੰਨ ਦਿਨਾਂ ਤੱਕ ਸੜਦੀ ਰਹੀ ਦਿੱਲੀ ਲਈ ਅਰਬਾਂ ਦੀ ਜਾਇਦਾਦ ਦੇ ਰਾਖ ਹੋਣ ਤੇ ਤਿੰਨ ਦਰਜਨ ਤੋਂ ਵੱਧ ਕੀਮਤੀ ਜਾਨਾਂ ਦੇ ਚਲੇ ਜਾਣ ਦੇ ਬਾਵਜੂਦ ਭਾਜਪਾਈ ਹਾਕਮਾਂ ਤੋਂ ਇਨਸਾਫ਼ ਦੀ ਉਮੀਦ ਰੱਖਣੀ ਮੱਝ ਅੱਗੇ ਬੀਨ ਵਜਾਉਣ ਦੇ ਤੁੱਲ ਹੈ।

ਜੇਕਰ ਇਹੀ ਹਾਲਾਤ ਰਹੇ ਤਾਂ ਪੂਰੇ ਦੇਸ ਨੂੰ ਇਸ ਹਿੰਸਾ ਦੀ ਜ਼ਹਿਰ ਨੂੰ ਚੂਸਣਾ ਪਵੇਗਾ। ਇਹ ਹਿੰਸਾ ਬਿਲਕੁਲ ਦਿੱਲੀ ਸਿੱਖ ਕਤਲੇਆਮ ਵਰਗੀ ਹੈ, ਜਿੱਥੇ ਧਰਮ ਦੇ ਨਾਮ ’ਤੇ ਲੋਕਾਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਹੈ। ਇਸ ਤਰਾਂ ਜਾਪਦਾ ਹੈ ਕਿ ਭਾਰਤ ਵਿਚ ਕਈ ਹਿਟਲਰਾਂ ਦਾ ਜਨਮ ਹੋ ਚੁੱਕਾ ਹੈ ਤੇ ਕਈ ਗੈਸ ਚੈਂਬਰ ਭਾਰਤ ਵਿਚ ਬਣਾਏ ਜਾ ਰਹੇ ਹਨ ਤੇ ਹਿੰਸਕ ਸਿਆਸਤ ਦੇ ਤਜ਼ਰਬੇ ਕੀਤੇ ਜਾ ਰਹੇ ਹਨ।

# ਸਿੱਖੀ ਸਰੂਪ ਵਾਲਾ ਦਮਦਾਰ ਕਲਾਕਾਰ ਤਰਸੇਮ ਪਾਲ

**- ਸੁਰਜੀਤ ਜੱਸਲ**

ਤਰਸੇਮ ਪਾਲ ਪੰਜਾਬੀ ਪਰਦੇ ਦਾ ਜਾਣਿਆ ਪਛਾਣਿਆ ਚਿਹਰਾ ਹੈ ਜਿਸਨੂੰ ਦਰਸ਼ਕਾਂ ਨੇ ਜ਼ਿਆਦਾਤਰ ਸਿੱਖੀ ਸਰੂਪ ਵਾਲੇ ਦਮਦਾਰ ਕਿਰਦਾਰਾਂ ਵਿਚ ਹੀ ਵੇਖਿਆ ਹੈ। ਜ਼ਿਲਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਚਨਾਰਥਲ ਵਿਚ ਪਿਤਾ ਸਾਧੂ ਰਾਮ ਸ਼ਰਮਾ ਤੇ ਮਾਤਾ ਆਸ਼ਾ ਰਾਣੀ ਦੇ ਘਰ ਪੈਦਾ ਹੋਏ ਤਰਸੇਮ ਨੇ ਦੱਸਿਆ ਕਿ ਕਲਾ ਦੇ ਇਸ ਖੇਤਰ ਵਿਚ ਉਸਦੇ ਖਾਨਦਾਨ ’ਚੋਂ ਪਹਿਲਾਂ ਕੋਈ ਵੀ ਨਹੀਂ ਸੀ। ਸਕੂਲ ਕਾਲਜ ਦੇ ਦਿਨਾਂ ਵਿਚ ਪੈਦਾ ਹੋਇਆ ਇਹ ਸ਼ੌਕ ਜਦੋਂ ਉਸ ’ਤੇ ਭਾਰੂ ਪੈਣ ਲੱਗਿਆ ਤਾਂ ਉਸਨੇ ਆਪਣਾ ਕਰੀਅਰ ਇਸੇ ਖੇਤਰ ਵਿਚ ਬਣਾਉਣ ਦਾ ਫ਼ੈਸਲਾ ਕੀਤਾ ਜਿਸਨੂੰ ਸਮਝਦਿਆਂ ਪਰਿਵਾਰ ਨੇ ਉਸਨੂੰ ਸਹਿਮਤੀ ਦੇ ਦਿੱਤੀ। ਕਾਲਜ ਸਮੇਂ ਉਸਨੇ ਆਪਣੇ ਸਮੇਂ ਦੇ ਨਾਮੀਂ ਡਾਇਰੈਕਟਰਾਂ ਨਾਲ ਲਗਾਤਾਰ ਥੀਏਟਰ ਕਰਦਿਆਂ ਕਲਾ ਦੀ ਹਰੇਕ ਅਦਾ ਨੂੰ ਨਿਭਾਇਆ। ਉਸਨੇ ਪੰਜਾਬੀ ਯੂਨੀਵਰਸਿਟੀ ਤੋਂ ਥੀਏਟਰ ਵਿਭਾਗ ਤੋਂ ਡਿਗਰੀ ਪ੍ਰਾਪਤ ਕੀਤੀ। ਦਿੱਲੀ ਇਕ ਕਲਾ ਸੰਸਥਾ ਵਿਚ ਨੌਕਰੀ ਕਰਦਿਆਂ ਤਰਸੇਮ ਨੂੰ ਵੱਖ ਵੱਖ ਰਾਜਾਂ ਦੇ ਸੱਭਿਆਚਾਰ, ਬੋਲੀ, ਗੀਤ ਸੰਗੀਤ ਅਤੇ ਨਾਟਕ ਕਲਾ ਦੀਆਂ ਬਾਰੀਕੀਆਂ ਨੂੰ ਬਹੁਤ ਨੇੜਿਓਂ ਵੇਖਣ ਅਤੇ ਸਮਝਣ ਦਾ ਮੌਕਾ ਵੀ ਮਿਲਿਆ ਜਿਸਨੇ ਉਸਦੀ ਕਲਾ ਸ਼ੈਲੀ ਨੂੰ ਹੋਰ ਵੀ ਨਿਖਾਰ ਦਿੱਤਾ। ਇਸੇ ਸੰਸਥਾ ਅਧੀਨ ਉਸਨੇ ਇਕ ਬੌਲੀਵੁੱਡ ਫ਼ਿਲਮ ਨਿਰਮਾਤਾ ਨੂੰ ਆਪਣੀ ਫ਼ਿਲਮ ਲਈ ਲੋੜੀਂਦੇ ਕਲਾਕਾਰ ਵੀ ਦਿੱਤੇ ਜਿਸਦੀ ਬਦੌਲਤ ਉਸਨੂੰ ਬੌਲੀਵੁੱਡ ਤਕ ਜਾਣ ਦਾ ਮੌਕਾ ਮਿਲਿਆ। ਉਸਨੇ ਬੀਬੀਸੀ ਅਤੇ ਡੀਡੀ-1 ਦੀ ਸਾਂਝੀ ਪੇਸ਼ਕਸ਼ ਲੜੀਵਾਰ ‘ਨੂਰਜਹਾਂ’ ਵਿਚ ਕੰਮ ਕੀਤਾ। ਇਸਤੋਂ ਇਲਾਵਾ ਬੌਲੀਵੁੱਡ ਦੇ ਨਾਮਵਰ ਕਾਮੇਡੀਅਨ ਮਹਿਮੂਦ ਨਾਲ ‘ਬਸੇਰਾ’, ‘ਰਿਸ਼ਤੇ’ ਸਮੇਤ ਅਨੇਕਾਂ ਹਿੰਦੀ ਲੜੀਵਾਰਾਂ ਵਿਚ ਕੰਮ ਕੀਤਾ। ਉਸਨੇ



ਬੌਲੀਵੁੱਡ ਫ਼ਿਲਮਾਂ ‘ਤੇਰੇ ਨਾਲ ਲਵ ਹੋ ਗਿਆ’, ‘ਨਮਸਤੇ ਇੰਗਲੈਂਡ’ ਅਤੇ ਦੱਖਣ ਦੀ ਚਰਚਿਤ ਫ਼ਿਲਮ ‘ਗੰਧਾ’ ਵਿਚ ਵੀ ਕੰਮ ਕੀਤਾ। ਉਹ ਪਿਛਲੇ ਤੀਹ ਸਾਲਾਂ ਤੋਂ ਰੰਗਮੰਚ, ਫ਼ਿਲਮ ਅਤੇ ਟੈਲੀਵੀਜ਼ਨ ਲਈ ਸਰਗਰਮ ਹੈ। ਫਿਰ ਪੰਜਾਬੀ ਸਿਨਮਾ ਦੇ ਚੰਗੇ ਦਿਨਾਂ ਦੀ ਸ਼ੁਰੂਆਤ ਹੋਈ ਤਾਂ ਪੰਜਾਬ ਦੇ ਕਲਾਕਾਰਾਂ ਨੂੰ ਚੰਗਾ ਕੰਮ ਮਿਲਣ ਲੱਗਿਆ। ਉਸਨੂੰ ਵੀ ਪਹਿਲੀ ਵਾਰ ਜਿੰਮੀ ਸ਼ੇਰਗਿੱਲ ਤੇ ਕੁਲਰਾਜ ਰੰਧਾਵਾ ਵਾਲੀ ਫ਼ਿਲਮ ‘ਮੰਨਤ’ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਜਿਸ ਵਿਚਲੇ ਉਸਦੇ ਕਿਰਦਾਰ ਦੀ ਪ੍ਰਸੰਸਾ ਹੋਈ ਤਾਂ ਫਿਰ ਬੱਬੂ ਮਾਨ ਦੀ ਫ਼ਿਲਮ ‘ਏਕਮ’ ਵਿਚ ਵੱਡਾ ਕਿਰਦਾਰ ਮਿਲਿਆ। ਫਿਰ ਇਕ ਹੋਰ ਫ਼ਿਲਮ ‘ਪੰਜਾਬਣ’ ਵੀ ਕੀਤੀ। ਇਸ ਤਰਾਂ ਪੰਜਾਬੀ ਫ਼ਿਲਮਾਂ ਲਈ ਤਰਸੇਮ ਸਰਗਰਮ ਹੁੰਦਾ ਗਿਆ। ਹੁਣ ਤਕ ਉਸਨੇ 50 ਤੋਂ ਵੱਧ ਪੰਜਾਬੀ ਫ਼ਿਲਮਾਂ ਵਿਚ ਯਾਦਗਾਰੀ ਕਿਰਦਾਰ ਨਿਭਾਏ ਹਨ। ਜਿਨਾਂ ’ਚੋਂ ‘ਮੰਨਤ’, ‘ਏਕਮ’, ‘ਰੁਪਿੰਦਰ ਗਾਂਧੀ-2’, ‘ਗੱਦਾਰ’, ‘ਰੱਬ ਦਾ ਰੇਡੀਓ 1-2’, ‘ਪੰਜਾਬ 1984’, ‘ਜੱਟ ਐਂਡ ਜੂਲੀਅਟ’, ‘ਪੱਤਾ ਪੱਤਾ ਸਿੰਘਾਂ ਦਾ ਵੈਰੀ’, ‘ਦਾਣਾ ਪਾਣੀ’, ‘ਆਟੇ ਦੀ ਚਿੜੀ’, ‘ਅਫ਼ਸਰ’, ‘ਮੁਕਲਾਵਾ’, ‘ਬਲੈਕੀਆ’, ‘ਮੰਜੇ ਬਿਸਤਰੇ’, ‘ਮਿੰਦੋ ਤਸੀਲਦਾਰਨੀ’, ‘ਹਰਜੀਤਾ’ ਆਦਿ ਜ਼ਿਕਰਯੋਗ ਹਨ।

# ਸਿੰਗਾਪੁਰ ਗਦਰ ਦੇ ਅਣਗੌਲੇ ਫ਼ੌਜੀ ਸੂਰਬੀਰ

**- ਕੰਵਲਬੀਰ ਸਿੰਘ**

ਭਾਰਤ ਨੂੰ ਅੰਗਰੇਜ਼ੀ ਸ਼ਾਸਨ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਚੱਲੇ ਸੰਘਰਸ਼ ਵਿਚ ਗ਼ਦਰ ਲਹਿਰ ਦੌਰਾਨ ਭਾਰਤੀ ਫ਼ੌਜੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਫ਼ੌਜੀ ਦੇਸ਼ ਭਗਤਾਂ ਨੇ ਜਦੋ-ਜਹਿਦ ਕਰਦਿਆਂ ਅਣਗਿਣਤ ਤਸੀਹੇ ਤੇ ਕਸ਼ਟ ਝੱਲੇ ਅਤੇ ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ। ਸੈਂਕੜੇ ਫ਼ੌਜੀਆਂ ਨੂੰ ਕੋਰਟ ਮਾਰਸ਼ਲ ਕਰ ਕੇ ਗੋਲੀਆਂ ਨਾਲ ਉਡਾਇਆ ਗਿਆ, 70 ਤੋਂ ਵੱਧ ਨੂੰ ਫਾਂਸੀ ਦਿੱਤੀ ਗਈ ਤੇ 190 ਤੋਂ ਉਪਰ ਨੂੰ ਉਮਰ ਕੈਦ ਤੇ ਜਲਾਵਤਨੀ, ਜਾਇਦਾਦ ਜਬਤੀ ਦੀ ਸਜ਼ਾ ਦਿੱਤੀ ਗਈ। ਇਸ ਲੇਖ ਵਿਚ ਅਸੀਂ ਸਿੰਗਾਪੁਰ ਦੀ ਛਾਉਣੀ ਵਿਚਲੀ 5ਵੀਂ ਲਾਈਟ ਇਨਫੈਂਟਰੀ (ਪਲਟਨ) ਦੇ ਬਹਾਦਰ ਫ਼ੌਜੀ ਯੋਧੇ ਜਿਨਾਂ ਨੇ ਵਿਦੇਸ਼ੀ ਧਰਤੀ 'ਤੇ ਹੋਣ ਦੇ ਬਾਵਜੂਦ ਵੀ 15 ਫਰਵਰੀ, 1915 ਦੇ ਦਿਨ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਬਗ਼ਾਵਤ ਕਰ ਕੇ ਅੰਗਰੇਜ਼ੀ ਸ਼ਾਸਨ ਨੂੰ ਭਾਜੜਾਂ ਪਾ ਦਿੱਤੀਆਂ ਸਨ, ਦੀ ਵੀਰ ਗਾਥਾ ਬਿਆਨ ਕਰਨ ਜਾ ਰਹੇ ਹਾਂ।

ਆਜ਼ਾਦੀ ਸੰਘਰਸ਼ ਦੌਰਾਨ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿਚ ਵੱਖ-ਵੱਖ ਸਮੇਂ ਕਈ ਆਜ਼ਾਦੀ ਲਹਿਰਾਂ ਚੱਲੀਆਂ। ਉਨਾਂ ਵਿਚੋਂ ਇਕ ਆਜ਼ਾਦੀ ਲਹਿਰ ਸੀ, ਗ਼ਦਰ ਪਾਰਟੀ ਲਹਿਰ ਜਿਸ ਦਾ ਆਰੰਭ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਦੌਰਾਨ ਭਾਰਤ ਤੋਂ ਬਾਹਰ ਦੂਰ ਕੈਨੇਡਾ ਤੇ ਅਮਰੀਕਾ ਦੀ ਧਰਤੀ 'ਤੇ ਰੋਜ਼ੀ-ਰੋਟੀ ਤੇ ਚੰਗੇ ਭਵਿੱਖ ਲਈ ਗਏ ਭਾਰਤੀਆਂ ਦੁਆਰਾ ਕੀਤਾ ਗਿਆ। ਜਿਨਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ। ਪਾਰਟੀ ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਅਤੇ ਗ਼ੈਰ-ਫਿਰਕੂ ਰਾਜ ਦੀ ਸਥਾਪਨਾ ਕਰਨਾ ਸੀ। ਜਿਸ ਦੀ ਪ੍ਰਾਪਤੀ ਲਈ ਭਾਰਤ ਦੇ ਆਮ ਲੋਕਾਂ ਅਤੇ ਫ਼ੌਜੀਆਂ ਦੀ ਮਦਦ ਨਾਲ ਹਥਿਆਰਬੰਦ ਸੰਘਰਸ਼ ਕਰਨ ਦੀ ਲੋੜ ਸੀ। ਇਸ ਕਾਰਜ ਲਈ ਲੋਕ ਜਾਗ੍ਰਿਤੀ ਜ਼ਰੂਰੀ ਸੀ। ਗ਼ਦਰ ਪਾਰਟੀ ਵਲੋਂ ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਯੁੱਧ ਦੀਆਂ ਤਿਆਰੀਆਂ ਅਜੇ ਪੂਰੀਆਂ ਵੀ ਨਹੀਂ ਹੋਈਆਂ ਸਨ ਕਿ ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਛਿੜ ਗਿਆ। ਇਸ ਵਿਚ ਅੰਗਰੇਜ਼ ਬੁਰੀ ਤਰਾਂ ਫਸ ਗਏ। ਗ਼ਦਰੀ ਆਗੂਆਂ ਨੇ ਅੰਗਰੇਜ਼ਾਂ ਨੂੰ ਭਾਰਤ ਚੋਂ ਕੱਢਣ ਲਈ ਇਹ ਮੌਕਾ ਢੁਕਵਾਂ ਜਾਣਿਆ। ਪਾਰਟੀ ਨੇ 5 ਅਗਸਤ, 1914 ਨੂੰ ਐਲਾਨ-ਏ-ਜੰਗ ਕਰ ਦਿੱਤਾ। ਸੈਂਕੜੇ ਗ਼ਦਰੀ ਵੱਖ-ਵੱਖ ਜਹਾਜ਼ਾਂ ਰਾਹੀਂ ਭਾਰਤ ਵੱਲ ਚੱਲ ਪਏ। ਅਜੋਕੇ ਸੰਚਾਰ ਸਾਧਨਾਂ ਦੀ ਅਣਹੋਂਦ ਦੇ ਬਾਵਜੂਦ ਵੀ ਇਨਾਂ ਆਜ਼ਾਦੀ ਪਰਵਾਨਿਆਂ ਨੇ ਪੂਰਾ ਨੈਟਵਰਕ ਕਾਇਮ ਕਰ ਲਿਆ। ਬਹੁਤ ਸਾਰੇ ਗ਼ਦਰੀ ਪਲਟਣਾਂ ਵਿਚ ਭਰਤੀ ਹੋ ਗਏ। ਉਨਾਂ ਵਲੋਂ ਬਹੁਤ ਸਾਰੀਆਂ ਫ਼ੌਜੀ ਛਾਉਣੀਆਂ ਵਿਚ ਜਾ ਕੇ ਭਾਰਤੀ ਫ਼ੌਜੀਆਂ ਨੂੰ ਗ਼ਦਰ ਵਿਚ ਸਾਥ ਦੇਣ ਲਈ ਸਹਿਮਤ ਕਰ ਲਿਆ। ਦੇਸ਼ ਤੋਂ ਬਾਹਰ ਹਾਂਗਕਾਂਗ ਸਿੰਗਾਪੁਰ, ਰੰਗੂਨ ,ਪੀਨਾਂਗ ਆਦਿ ਵਿਚਲੀਆਂ ਭਰਤੀ ਫ਼ੌਜਾਂ ਵਿਚ ਵੀ ਗ਼ਦਰੀਆ ਦਾ ਚੰਗਾ ਪ੍ਰਭਾਵ ਬਣ ਚੁੱਕਾ ਸੀ। ਬਹੁਤ ਸਾਰੀਆਂ ਫ਼ੌਜੀ ਛਾਉਣੀਆਂ ਵਿਚ ਹੋਈਆਂ ਬਗ਼ਾਵਤਾਂ ਚੋਂ ਇਕ ਸੀ ਸਿੰਗਾਪੁਰ ਵਿਚਲੀ5ਵੀਂ ਨੇਟਿਵ ਲਾਈਟ ਇਨਫੈਂਟਰੀ (ਪਲਟਨ)ਦੀ ਬਗ਼ਾਵਤ।

ਸਰਕਾਰੀ ਰਿਕਾਰਡ ਅਨੁਸਾਰ ਸਤੰਬਰ-ਅਕਤੂਬਰ 1914 ਦੌਰਾਨ ਬਾਹਰਲੇ ਦੇਸ਼ਾਂ ਤੋਂ ਆਏਗ਼ਦਰੀਆਂ ਹੀਰਾ ਸਿੰਘ ਚਰੜ, ਮੁਜਤਬਾ ਹੁਸੈਨ , ਜੀਵਨ ਸਿੰਘ ਫੇਲੋਕੇ ਤੇ ਗਿਆਨ ਚੰਦ ਮੋਰੀ ਮਰਲ ਆਦਿ ਨੇ ਸਿੰਗਾਪੁਰ ਦੀਆਂਪਲਟਨਾਂ ਵਿਚ ਗ਼ਦਰ ਦਾ ਪ੍ਰਚਾਰ ਕੀਤਾ। ਜਿਸ ਦੇ ਸਿੱਟੇ ਵਜੋਂ ਇਥੇ ਰਹਿੰਦੀ 5ਵੀਂ ਨੇਟਿਵ ਲਾਈਟ ਇਨਫੈਂਟਰੀ (ਪਲਟਨ) ਦੀ ਬਗ਼ਾਵਤ ਹੋਈ। ਇਸ ਪਲਟਨ ਦੇ ਬਹੁਤੇ ਜਵਾਨ ਪੰਜਾਬੀ ਮੁਸਲਮਾਨ ਸਨ। ਬਗ਼ਾਵਤ ਦੇ ਸਮੇਂ ਸਿੰਗਾਪੁਰ ਵਿਚ ਸਿਰਫ ਇਹ ਹੀ ਇਕ ਸਿਖਲਾਈ ਪ੍ਰਾਪਤ ਪਲਟਨ ਸੀ।

ਅਸਲ ਵਿਚ ਬਹਾਦਰ ਫ਼ੌਜੀਆਂ ਨੇ15 ਫਰਵਰੀ 1915 ਸ਼ਾਮ ਨੂੰ 8 ਵਜੇ, ਜਦੋਂ ਅਫ਼ਸਰਾਂ ਨੇ ਖਾਣੇ 'ਤੇ ਬੈਠ ਜਾਣਾ ਸੀ ਉਸ ਸਮੇਂ ਗ਼ਦਰ ਦੀ ਯੋਜਨਾ ਬਣਾਈ ਸੀ। ਇਸ ਬਾਰੇ ਅਫ਼ਸਰਾਂ ਨੂੰ ਕੁਝ ਸ਼ੱਕ ਹੋ ਗਿਆ ਤੇ 15 ਫਰਵਰੀ ਦੀ ਸਵੇਰ ਨੂੰ ਹੀ ਪਲਟਨ ਨੂੰ ਹੁਕਮ ਸੁਣਾ ਦਿੱਤਾ ਕਿ ਉਨਾਂ ਨੂੰ ਕੱਲ ਹੀ ਹਾਂਗਕਾਂਗ ਰਵਾਨਾ ਕਰਨਾ ਹੈ ਇਸ ਲਈ ਅੱਜ ਹੀ ਸ਼ਾਮ ਨੂੰ ਹਥਿਆਰ ਜਮਾਂ ਕਰਾ ਦੇਣ। ਇਸ ਹਾਲਤ ਨੂੰ ਦੇਖ ਕੇ ਫ਼ੌਜੀਆਂ ਨੇ ਨਿਯਤ ਸਮੇਂ ਤੋਂ ਪਹਿਲਾਂ ਹੀ ਗ਼ਦਰ ਸ਼ੁਰੂ ਕਰਨ ਦਾ ਦਾ ਫੈਸਲਾ ਕੀਤਾ। 15 ਫਰਵਰੀ 1915 ਸੋਮਵਾਰ ਦਾ ਦਿਨ ਸੀ ਤੇ ਚੀਨੀ ਨਵੇਂ ਸਾਲ ਦਾ ਪਹਿਲਾਂ ਦਿਨ ਹੋਣ ਕਾਰਨ ਸਿੰਗਾਪੁਰ 'ਚ ਜਨਤਕ ਛੁੱਟੀ ਸੀ। ਸ਼ਹਿਰ ਦੇ ਲੋਕ ਨਵੇਂ ਸਾਲ ਦੀ ਪਟਾਕਿਆਂ ਦੀਆਂ ਲੜੀਆਂ 'ਚ ਆਪਣੇ ਘਰਾਂ ਦੀਆਂ ਉਪਰਲੀਆਂ ਮੰਜ਼ਿਲਾਂ ਦੀਆਂ ਬਾਰੀਆ ਚੋਂ ਹੇਠਾਂ ਗਲੀਆਂ ਵਿਚ ਛੋਟੇ ਪਟਾਕਿਆਂ ਦੀਆਂ ਲੜੀਆਂ ਚਲਾ ਰਹੇ ਸਨ। ਯੂਰਪੀਨ ਲੋਕ ਜਿਨਾਂ ਵਿਚ ਅੰਗਰੇਜ਼, ਜਰਮਨ, ਫ਼ਰੈਂਚ ਆਦਿ ਤੈਰਾਕੀ, ਟੈਨਿਸ ਜਾਂ ਪੋਲੋ ਆਦਿ ਦੇ ਮੰਨੋਰੰਜਨ 'ਚ ਲੱਗੇ ਹੋਏ ਸਨ ਸ਼ਹਿਰ ਤੋਂ 5 ਕਿਲੋਮੀਟਰ ਦੂਰ ਐਲਗਜੈਂਡਰਾ ਬਾਰਕਾਂ ਵਿਚ 5ਵੀਂ ਲਾਈਟ ਇੰਨਫੈਂਟਰੀ ਦੇ ਜਵਾਨਾਂ ਦੀ ਵਿਦਾਇਗੀ ਦੀ ਯਾਦਗਰੀ ਪਰੇਡ ਸ਼ੁਰੂ ਹੋ ਚੁੱਕੀ ਸੀ, ਕਿਉਂਕਿ ਉਸ ਨੂੰ ਹੁਣ ਹਾਂਗਕਾਂਗ ਭੇਜਿਆ ਜਾ ਰਿਹਾ ਸੀ। ਇਹ ਸਮਾਗਮ ਕਰਨਲ ਮਾਰਟਿਨ ਦੀ ਅਗਵਾਈ ਹੇਠ ਹੋ ਰਿਹਾ ਸੀ। ਬ੍ਰਿਗੇਡੀਅਰ ਜਨਰਲ ਰਿਡਾਊਟ ਸਲਾਮੀ ਲਈ ਪਹੰਚ ਚੁੱਕਾ ਸੀ। ਰਿਡਾਊਟ ਨੂੰ ਰੈਜਮੈਂ 'ਤੇ ਕੁਝ ਸ਼ੱਕ ਸੀ, ਪਰੇਡ ਦੇ ਸਮੇਂ ਉਸ ਨੇ ਨੋਟ ਕੀਤਾ ਕਿ ਸੱਜੇ ਵਿੰਗ ਨੇ ਵਧੀਆ ਤਰੀਕੇ ਨਾਲ ਮਾਰਚ ਨਹੀਂ ਕੀਤਾ ਸੀ, ਜਵਾਨ ਆਪਸ 'ਚ ਗੱਲਬਾਤ ਕਰ ਰਹੇ ਸਨ। ਇਹ ਇੰਸਪੈਕਸ਼ਨ ਇਕ ਘੰਟਾ ਚੱਲੀ ਸੀ ਉਪਰੰਤ ਜਨਰਲ ਰਿਡਾਊਟ ਆਪਣੀ ਸਰਕਾਰੀ ਰਿਹਾਇਸ਼ ਟੈਂਗਲਿਨ ਚਲਾ ਗਿਆ ਤੇ ਇੰਨਫੈਂਟਰੀ ਜਵਾਨ ਆਪਣੀ ਰਵਾਨਗੀ ਦੀ ਦੀ ਤਿਆਰੀ ਕਰਨ ਚਲੇ ਗਏ।



ਹੁੰਮਸ ਭਰੀ ਸ਼ਾਮ ਨੂੰ 3 ਵਜੇ ਜਦੋਂ ਅਧਿਕਾਰੀ ਫ਼ੌਜੀਆਂ ਤੋਂ ਹਥਿਆਰ ਜਮਾਂ ਕਰਵਾਉਣ ਲੱਗੇ ਤਾਂ ਅਚਾਨਕ ਬਿਨਾਂ ਕਿਸੇ ਚਿਤਾਵਨੀ ਦੇ ਪੂਰੀ ਪਲਟਨ ਨੇ ਵਿਦਰੋਹ ਕਰ ਦਿੱਤਾ। ਸਭ ਤੋਂ ਪਹਿਲਾਂ ਨੌਜਵਾਨ ਸਿਪਾਹੀ ਇਸਮਾਇਲ ਖਾਂ ਨੇ ਸੰਤਰੀ ਦੀ ਪੋਸਟ ਛੱਡ ਦਿੱਤੀ ਤੇ ਇਕ ਗੋਲੀ ਚਲਾ ਕੇ ਬਗ਼ਾਵਤ ਦਾ ਸਿਗਨਲ ਦੇ ਦਿੱਤਾ।

ਅਸਲਾ ਜਮਾ ਕਰਵਾਉਣ ਵਾਲੇ ਅੰਗਰੇਜ਼ ਨੂੰ ਗੋਲੀ ਮਾਰ ਦਿੱਤੀ। ਹੋਰ ਵੀ ਜਿਸ ਕਿਸੇ ਅੰਗਰੇਜ਼ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਬੈਰਕਾਂ 'ਤੇ ਕਬਜ਼ਾ ਕਰਕੇ ਫ਼ੌਜੀਆਂ ਨੇ ਆਪਣੇ ਆਪ ਨੂੰ ਤਿੰਨ ਹਿੱਸਿਆ ਵਿਚ ਵੰਡ ਲਿਆ। ਇਕ ਹਿੱਸਾ ਜਰਮਨ ਕੈਦੀਆਂ ਨੂੰ ਜੇਲ ਤੋਂ ਛੁਡਵਾਉਣਗਿਆ ਤਾਂ ਕਿ ਉਨਾਂ ਨੂੰ ਵੀ ਨਾਲ ਰਲਾ ਲਿਆ ਜਾਵੇ। ਇਥੇ ਬਾਗ਼ੀਆਂ ਨੇ ਦੋ ਯੂਰਪੀਨ ਅਫ਼ਸਰ ਕੈਪਟਨ ਬਾਈਸ ਤੇ ਲੈਫ਼ਟੀਨੈਂਟ ਇਲੀਅਟ ਮਾਰ ਦਿੱਤੇ। ਜਰਮਨ ਕੈਦੀ ਜੇਲ ਤੋਂ ਬਾਹਰ ਕੱਢ ਲਏ, ਪਰ ਉਨਾਂ ਨੇ ਗ਼ਦਰੀ ਫ਼ੌਜੀਆਂ ਦਾ ਸਾਥ ਨਾ ਦਿੱਤਾ। ਦੂਸਰਾ ਹਿੱਸਾ ਪਲਟਨ ਦੇ ਹੈੱਡਕੁਆਰਟਰ ਉੱਤੇ ਕਬਜ਼ਾਕਰਨ ਤੁਰਿਆ, ਜਿਸ ਵਿਚ ਉਹ ਕਾਮਯਾਬ ਨਾ ਹੋ ਸਕਿਆ। ਤੀਸਰਾ ਹਿੱਸਾ ਵਲੰਟੀਅਰ ਕੋਰ ਨੂੰ ਰੋਕਣ ਲਈ ਸ਼ਹਿਰ ਵੱਲ ਗਿਆ। ਜਿਹੜਾ ਵੀ ਅੰਗਰੇਜ਼ ਫ਼ੌਜੀਆਂ ਦੇ ਸਾਹਮਣੇ ਆਇਆ , ਮਾਰ ਦਿੱਤਾ ਗਿਆ। ਫਿਰ ਉਨਾਂ ਨੇ ਸ਼ਹਿਰ ਦੇ ਥਾਣੇ ਤੇ ਕਬਜ਼ਾ ਕਰ ਲਿਆ। ਇਨਾਂ ਝੜਪਾਂ ਵਿਚ 8 ਅੰਗਰੇਜ਼ ਅਫ਼ਸਰ, 19 ਸਿਪਾਹੀ ਅਤੇ 17 ਸ਼ਹਿਰੀ ਮਾਰੇ ਗਏ।

ਅੰਗਰੇਜ਼ਾਂ ਨੇ ਵਾਇਰਲੈਸਾਂ ਰਾਹੀਂ ਨਾਲ ਲੱਗਦੇ ਸਮੰਦਰੀ ਘਾਟਾਂ ਤੋਂ ਜੰਗੀ ਜਹਾਜ਼ਾਂ ਨੂੰ ਆਪਣੇ ਬਚਾਅ ਲਈ ਸੱਦ ਲਿਆ। 16 ਤੇ 17 ਫਰਵਰੀ ਨੂੰ ਦੋ ਜੰਗੀ ਬੇੜੇ ਵੱਡੀ ਗਿਣਤੀ ਵਿਚ ਗੋਰੇ ਫ਼ੌਜੀਆਂ ਨੂੰ ਲੈ ਕੇ ਸਿੰਘਾਪੁਰ ਪੁੱਜ ਗਏ। ਗ਼ਦਰੀ ਫ਼ੌਜੀ ਭੁੱਖੇ ਪਿਆਸੇ ਕਿੰਨਾਂ ਕੁ ਚਿਰ ਟਾਕਰਾ ਕਰ ਸਕਦੇ ਸਨ, ਕਿਸੇ ਵੀ ਪਾਸਿਉਂ ਮਦਦ ਦੀ ਆਸ ਨਹੀਂ ਸੀ। ਉਨਾਂ ਨੇ 16 ਫਰਵਰੀ ਰਾਤ ਨੂੰ ਡੱਟ ਕੇ ਮੁਕਾਬਲਾ ਕੀਤਾ। ਅੰਗਰੇਜ਼ਾਂ ਨੇ ਬਾਗ਼ੀ ਫ਼ੌਜੀਆਂ ਨੂੰ ਮਾਰਨ ਜਾਂ ਫੜਾਉਣ ਲਈ 200 ਡਾਲਰ ਦਾ ਇਨਾਮ ਘੋਸ਼ਿਤ ਕਰ ਦਿੱਤਾ। 19 ਫਰਵਰੀ ਤੱਕ ਕਾਫੀ ਬਾਗ਼ੀਆਂ ਨੇ ਆਤਮ ਸਮਰਪਣ ਕਰ ਦਿੱਤਾ ਜਾਂ ਫੜ ਲਏ ਗਏ। ਫੜੇ ਗਏ ਬਹਾਦਰ ਬਾਗ਼ੀ ਫ਼ੌਜੀਆ ਦਾ ਕੋਰਟ ਮਾਰਸ਼ਲ ਕਰ ਕੇ ਇਨਾਂ ਵਿਚੋਂ 44 ਜਣਿਆਂ ਨੂੰ ਪਬਲਿਕ ਦੇ ਸਾਹਮਣੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਤੇ 3 ਨੂੰ ਫਾਂਸੀਦੇ ਦਿੱਤੀ ਗਈ। ਸ਼ਹੀਦ ਹੋਣ ਵਾਲਿਆਂ 'ਚ 2 ਅਫ਼ਸਰ 6 ਹਵਾਲਦਾਰ ਤੇ 39 ਸਿਪਾਹੀ ਰੈਂਕ ਦੇ ਸੂਰਬੀਰ ਸਨ। 162 ਨੂੰ ਉਮਰ ਕੈਦ ਤੇ ਹੋਰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।

ਬਾਗ਼ੀਆਂ ਤੋਂ ਗ਼ਲਤੀ ਇਹ ਹੋ ਗਈ ਕਿ ਕੋਤਵਾਲੀ ਦੇ ਕਬਜ਼ੇ ਨੂੰ ਸਿੰਗਾਪੁਰ 'ਤੇ ਕਬਜ਼ਾ ਸਮਝ ਲਿਆ ਅਤੇ ਸਮੁੰਦਰੀ ਘਾਟ 'ਤੇ ਵੀ ਬਾਗ਼ੀ ਸਮੇਂ ਸਿਰ ਨਾ ਪੁੱਜ ਸਕੇ। ਜਰਮਨ ਸਿਪਾਹੀਆਂ ਨੇ ਵੀ ਸਾਥ ਨਾ ਦਿੱਤਾ। ਇਸ ਕਾਰਨ ਉਨਾਂ ਸੂਰਬੀਰਾਂ ਦੀ ਯੋਜਨਾ ਸਫਲ ਨਾ ਹੋ ਸਕੀ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਗ਼ਦਰੀ ਸੂਰਬੀਰਾਂ ਵਲੋਂ 1912-13 ਵੇਲੇ ਭਾਰਤ ਦੀ ਪੂਰਨ ਆਜ਼ਾਦੀ ਦੇ ਮਿਸ਼ਨ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਸ਼ੰਘਰਸ਼ ਵਿਚ ਸਿੰਘਾਪੁਰ ਵਿਚ ਰਹਿ ਰਹੀ ਭਾਰਤੀ ਫ਼ੌਜ ਦੀ 5ਵੀਂ ਨੇਟਿਵ ਲਾਈਟ ਇਨਫੈਂਟਰੀ ਦੇ ਸੂਰਬੀਰਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ। ਪਰ ਉਨਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਇਤਿਹਾਸਕਾਰਾਂ ਤੇ ਰਾਜਨੀਤਕ ਲੋਕਾਂ ਨੇ ਅਣਗੌਲੇ ਕਰ ਰੱਖਿਆ ਹੈ। ਜਿਸ ਕਾਰਨ ਸਿਰਫ ਸੌ ਸਾਲ 'ਚ ਹੀ ਆਮ ਲੋਕਾਂ ਨੂੰ ਉਨਾਂ ਦੀਆਂ ਕੀਤੀਆਂ ਕੁਰਬਾਨੀਆਂ ਭੁੱਲ ਗਈਆਂ ਹਨ। ਇਸ ਲਈ ਲੋੜ ਹੈ ਕਿ ਉਨਾਂ ਦੀਆਂ ਕੁਰਬਾਨੀਆਂ ਨੂੰ ਦੁਨੀਆ ਸਾਹਮਣੇ ਲਿਆ ਕੇ ਢੁਕਵੀਆਂ ਯਾਦਗਾਰਾਂ ਸਥਾਪਿਤ ਕੀਤੀਆਂ ਜਾਣ।

## ਪਛਤਾਵਾ

**ਆਪਣੇ ਮਤਦਾਨ ਦੀ ਸਹੀ ਵਰਤੋਂ ਕਰੋ**

ਮਤਦਾਤਾ ਦਾ
ਤਿੰਨ ਚੀਜ਼ਾਂ
ਕਿਸਮਤ ਬਣਾਉਂਦੀਆਂ ਨੇ
ਬੋਤਲ ਨੋਟ ਕਲਮ,
ਅਮਲੀ ਦਾ ਡੰਗ,
ਜਨਤਾ ਦੀ ਕਿਸਮਤ ਭੰਗ
ਨੋਟ ਟੱਬਰ ਨੂੰ ਲੁਭਾਉਂਦੇ ਨੇ,
ਜਨਤਾ ਦੀ ਕਿਸਮਤ ਨੂੰ ਡੰਗਦੇ ਨੇ
ਜਦ ਕਲਮ ਭਾਰੇ ਪਾਸੇ ਦਾ,
ਪੱਖ ਪੂਰਦੀ ਏ,
ਝੂਠ ਦੇ ਪੁਲੰਦੇ ਲਿਖਦੀ ਏ,
ਝੂਠੇ ਗਾਣੇ,
ਝੂਠੇ ਨਾਚ,
ਝੂਠੇ ਸਬਜ਼ਬਾਗ
ਕਲਮ ਦਿਖਾਉਂਦੀ ਏ,
ਤਦ ਤਦ
ਨਿਕੰਮੀਆਂ ਸਰਕਾਰਾਂ
ਬਣਦੀਆਂ ਨੇ
ਤਾਂ ਹਰ ਵਾਰ
ਮਤਦਾਤਾ ਨੂੰ
ਬੋਤਲ ਨੋਟ ਕਲਮ
ਤੇ ਬੜਾ
ਪਛਤਾਵਾ ਹੁੰਦਾ ਏ।

ਪ੍ਰਮਿੰਦਰ ਪ੍ਰਵਾਨਾ




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


SKYWAY TRAVEL
Serving Around the World Community since 1994
We specialize to Asia, Europe, Middle East. Africa, Australia & etc.
Special Fares to:
SFO To DEL, LAX To DEL
AMRITSAR & DELHI
ਚਾਰ ਜਾਂ ਚਾਰ ਤੋਂ ਵੱਧ ਟਿਕਟਾਂ
ਖਰੀਦਣ 'ਤੇ ਇਕ ਭਾਰ ਤੋਲਣ ਵਾਲੀ
ਮਸ਼ੀਨ ਮੁਫ਼ਤ ਦਿੱਤੀ ਜਾਵੇਗੀ
Book Online 24/7 : www.skywayticket.com
Call (818) 762-9236
#15549 Devonshire St.
Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com



Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250


A PREMIUM PUNJABI TV CHANNEL
BAAZ TV
ਸਿਆਸੀ ਪੱਤਰਕਾਰੀ ਦੇ ਦਿੱਗਜ,
ਜਲਦ ਆ ਰਹੇ ਹਨ
ਇੱਕ ਮੰਚ ਤੇ...
BAAZ TV
BAAZ BROADCASTING CORP.
FOR MORE INFO CONTACT
MR. ARJAN RIAR
EAST COAST +1-212-464-8628, +1-551-230-2300
MR. JAGDEV BHANDAL
WEST COAST +1-916-543-1313

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS

CENSUS 2020

Message sponsored by the Kern Complete Count Committee.

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਨਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: **KernCounts.org**

#KernCounts

# ਗੁਰਦੁਆਰਾ ਪੱਥਰ ਸਾਹਿਬ ਲੇਹ

**- ਲਖਵਿੰਦਰ ਸਿੰਘ ਰਈਆ**

ਲੇਹ, ਧਰਤੀ ਦਾ ਸਵਰਗ ਮੰਨੇ ਜਾਂਦੇ ਜੰਮੂ ਕਸ਼ਮੀਰ ਦਾ ਠੰਢਾ ਸੀਤ, ਖ਼ੁਸ਼ਕ ਤੇ ਬਨਸਪਤੀ ਦੀ ਘਾਟ ਵਾਲਾ ਇਲਾਕਾ ਹੈ। ਇਸ ਕਰਕੇ ਇਸ ਨੂੰ 'ਸੀਤ ਰੇਗਿਸਤਾਨ' ਵੀ ਕਿਹਾ ਜਾਂਦਾ ਹੈ। ਇਸ ਪਥਰੀਲੇ ਸ਼ੀਤ ਬੀਆਬਾਨ ਵਿੱਚ ਸ੍ਰੀਨਗਰ-ਲੇਹ ਰਾਜ ਮਾਰਗ ਉੱਤੇ ਲੇਹ ਤੋਂ ਕਰੀਬ 26 ਕਿਲੋਮੀਟਰ ਪਹਿਲਾਂ ਗੁਰਦੁਆਰਾ ਪੱਥਰ ਸਾਹਿਬ ਸੁਸ਼ੋਭਿਤ ਹੈ।

ਇਤਿਹਾਸਕ ਦੰਦ ਕਥਾ ਅਨੁਸਾਰ ਇੱਥੇ ਇੱਕ ਉੱਚੀ ਪਹਾੜੀ ਉੱਤੇ ਸ਼ੈਤਾਨ ਦਿਮਾਗ/ਰਾਖ਼ਸ਼ ਬਿਰਤੀ ਵਾਲਾ ਇੱਕ ਸ਼ਕਤੀਸ਼ਾਲੀ ਮਾਨਸ ਰਹਿੰਦਾ ਸੀ, ਜੋ ਆਮ ਲੋਕਾਈ ਨੂੰ ਡਰਾ-ਧਮਕਾ ਕੇ ਉਨ੍ਹਾਂ ਦੇ ਹੱਕਾਂ ਨੂੰ ਕੁਚਲਣਾ ਆਪਣਾ ਜਨਮ ਸਿੱਧ ਅਧਿਕਾਰ ਸਮਝਦਾ ਸੀ। ਭੋਲੇ-ਭਾਲੇ ਲੋਕਾਂ ਨੂੰ ਜਿਸਮਾਨੀ ਅਤੇ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਕਰ ਕੇ ਉਨ੍ਹਾਂ ਦੀ ਕਿਰਤ ਕਮਾਈ ਹੜੱਪਣਾ ਉਸ ਨੇ ਆਪਣਾ ਸ਼ੁਗਲ ਬਣਾ ਰੱਖਿਆ ਸੀ। ਲੋਕ ਉਸ ਦੇ ਅੱਤਿਆਚਾਰ ਤੋਂ ਤੰਗ ਸਨ ਅਤੇ ਉਨ੍ਹਾਂ ਨੂੰ ਕੁਝ ਨਹੀਂ ਸੁੱਝ ਰਿਹਾ ਸੀ ਕਿ ਇਸ ਬਲਾਅ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਤਸ਼ੱਦਦ ਦੀ ਚੱਕੀ ਵਿੱਚ ਪਿਸ ਰਹੀ ਆਮ ਲੋਕਾਈ ਵਿੱਚ ਕੁਰਲਾਹਟ ਮਚੀ ਹੋਈ ਸੀ। "ਸੁਣੀ ਪੁਕਾਰ ਪ੍ਰਭ ਦਾਤੇ।।" ਅਨੁਸਾਰ ਗੁਰੂ ਨਾਨਕ ਦੇਵ ਜੀ ਉਸ ਸਮੇਂ ਭੁੱਲੇ ਭਟਕੇ ਲੋਕਾਂ ਨੂੰ ਨੇਕ ਕਰਨੀ ਨਾਲ ਜੋੜਨ ਹਿੱਤ ਸੁਮੇਰ ਪਰਬਤ ਤੇ ਇਰਦ-ਗਿਰਦ ਦੀ ਯਾਤਰਾ ਕਰ ਰਹੇ ਸਨ। ਇਸ ਯਾਤਰਾ ਸਮੇਂ ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟੀ (ਅਧਿਆਤਮਕ ਵਿਚਾਰ ਵਟਾਂਦਰਾ) ਰਚਾਈ। ਗ੍ਰਿਹਸਤ ਧਰਮ ਦੀ ਮਹਾਨਤਾ ਉੱਤੇ ਜ਼ੋਰ ਦਿੰਦਿਆਂ ਗੁਰੂ ਜੀ ਨੇ ਕਿਹਾ ਸੀ ਕਿ ਇਸ ਤੋਂ ਬੇਮੁੱਖ ਹੋ ਕੇ ਭੱਜਣਾ ਭਲੇ ਮਨੁੱਖ ਨੂੰ ਸ਼ੋਭਾ ਨਹੀਂ ਦਿੰਦਾ। ਵਾਪਸੀ ਸਮੇਂ ਜਦੋਂ ਗੁਰੂ ਜੀ ਨੂੰ ਪਤਾ ਲੱਗਾ ਕਿ ਲੇਹ ਦੇ ਇਲਾਕੇ ਵਿੱਚ ਇੱਕ ਭੁੱਲਿਆ ਭਟਕਿਆ ਮਨੁੱਖ ਮਨਮਾਨੀਆਂ ਕਰਦਾ ਹੋਇਆ ਹੋਰਨਾਂ ਦੇ ਦੁੱਖਾਂ ਵਿੱਚ ਵਾਧਾ ਕਰ ਰਿਹਾ ਹੈ ਤਾਂ ਉਹ ਉਚੇਚੇ ਤੌਰ'ਤੇ ਇਸ ਇਲਾਕੇ ਵਿੱਚ ਪਹੁੰਚੇ। ਉਨ੍ਹਾਂ ਨੇ ਇੱਥੇ ਚੰਗੇ ਇਨਸਾਨ ਦੇ ਗੁਣਾਂ ਅਤੇ ਪ੍ਰਭੂ ਭਗਤੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਇੱਥੋਂ ਦੇ ਲੋਕਾਂ ਨੂੰ ਸ਼ਾਂਤੀ ਮਿਲਣ ਲੱਗੀ ਤੇ ਉਹ ਆਪਣੇ ਰਿਮਪੋਚੇ ਲਾਮਾ (ਮਹਾਂਪੁਰਸ਼/ਸੰਤ/ਮਹਾਤਮਾ/ਸੱਚੇ ਪਾਤਸ਼ਾਹ) ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਜੁੜਨ ਲੱਗੇ। ਇਸ ਨੂੰ ਵੇਖ ਕੇ ਉਹ ਸ਼ੈਤਾਨ ਵਿਅਕਤੀ ਅੱਗ-ਬਬੂਲਾ ਹੋ ਉੱਠਿਆ।

ਇੱਕ ਦਿਨ ਗੁਰੂ ਸਾਹਿਬ ਇੱਥੇ ਵਗਦੇ ਪਾਣੀ ਦੇ ਵਹਿਣ (ਮੌਸਮੀ ਨਦੀ) ਵਿੱਚ ਇਸ਼ਨਾਨ ਕਰਨ ਗਏ ਤਾਂ ਉਸ ਨੇ ਮੌਕਾ ਤਾੜ ਕੇ ਆਪਣੇ ਨਿਵਾਸ ਸਥਾਨ (ਉੱਚੀ ਪਹਾੜੀ) ਤੋਂ ਇੱਕ ਭਾਰੀ ਪੱਥਰ ਗੁਰੂ ਜੀ ਵੱਲ ਸੇਧਤ ਕਰ ਕੇ ਰੇੜ ਦਿੱਤਾ। ਕੁਝ ਸਮੇਂ ਬਾਅਦ ਉਹ ਇਹ ਵੇਖਣ ਲਈ ਹੇਠਾਂ ਉੱਤਰਿਆ ਕਿ ਗੁਰੂ ਜੀ



ਭਾਰੀ ਪੱਥਰ ਹੇਠਾਂ ਦੱਬ ਕੇ ਜ਼ਿੰਦਾ ਨਹੀਂ ਬਚੇ ਹੋਣੇ ਪਰ ਉਸ ਦੀ ਹੈਰਾਨੀ ਦੀ ਉਸ ਸਮੇਂ ਹੱਦ ਨਾ ਰਹੀ ਜਦੋਂ ਉਸ ਨੇ ਗੁਰੂ ਜੀ ਦਾ ਕੋਈ ਵਾਲ ਵਿੰਗਾ ਹੋਇਆ ਨਹੀਂ ਵੇਖਿਆ। ਉਸ ਨੇ ਪੱਥਰ ਉੱਤੇ ਜ਼ੋਰ ਦੀ ਪੈਰ ਮਾਰਿਆ ਤਾਂ ਉਸ ਦਾ ਪੈਰ ਪੱਥਰ ਵਿੱਚ ਇਸ ਤਰਾਂ ਧਸ ਗਿਆ ਜਿਵੇਂ ਇਹ ਪੱਥਰ ਨਹੀਂ ਸਗੋਂ ਮੋਮ ਦਾ ਟੁਕੜਾ ਹੋਵੇ। ਸ਼ਾਂਤੀ ਦੇ ਪੁੰਜ ਗੁਰੂ ਨਾਨਕ ਦੇਵ ਜੀ ਦਾ ਨੂਰੀ ਚਿਹਰਾ ਦੇਖ ਕੇ ਉਸ ਰਾਖ਼ਸ਼ ਦਾ ਸਾਰਾ ਹੰਕਾਰ ਟੁੱਟ ਗਿਆ ਤੇ ਉਹ ਗੁਰੂ ਜੀ ਦੇ ਚਰਨੀਂ ਢਹਿ ਗਿਆ। ਆਪਣੇ ਕੀਤੇ ਕਰਮਾਂ ਉੱਤੇ ਪਛਤਾਵਾ ਕਰਦਿਆਂ ਉਸ ਨੇ ਚੰਗਾ ਇਨਸਾਨ ਬਣਨ ਦਾ ਪ੍ਰਣ ਕੀਤਾ। ਆਪਣੇ ਕੀਤੇ ਵਾਅਦੇ 'ਤੇ ਫੁੱਲ ਚੜਾਉਂਦਿਆਂ ਉਹ ਭਲੇ ਪੁਰਸ਼ ਵਾਲਾ ਜੀਵਨ ਬਤੀਤ ਕਰਨ ਲੱਗਾ।

ਸੰਨ 1970 ਤੋਂ ਪਹਿਲਾਂ ਇਸ ਗੁਰਦੁਆਰੇ ਬਾਰੇ ਕੋਈ ਜਾਣਕਾਰੀ ਨਹੀਂ ਸੀ ਪਰ ਜਦੋਂ ਨਿਮੂ-ਲੇਹ ਸੜਕ ਬਣਨ ਲੱਗੀ ਤਾਂ ਰਾਹ ਵਿੱਚ ਪੈਂਦੇ ਪੱਥਰਾਂ ਨੂੰ ਹਟਾਉਣ ਦਾ ਕੰਮ ਸ਼ੁਰੂ ਹੋਇਆ। ਉਸ ਸਮੇਂ ਇੱਥੋਂ ਦੇ ਲੋਕਾਂ ਨੇ ਇਸ ਪੱਥਰ ਬਾਰੇ ਇਤਿਹਾਸਕ ਦੰਦ ਕਥਾ ਨੂੰ ਦੁਹਰਾਇਆ ਅਤੇ ਦਾਅਵਾ ਕੀਤਾ ਕਿ ਇਹ ਜਗ੍ਹਾ ਨਾਨਕ ਲਾਹਮਾ ਦੀ ਚਰਨ ਛੋਹ ਪ੍ਰਾਪਤ ਹੈ। ਪਹਿਲਾਂ ਤਾਂ ਕਿਸੇ ਨੇ ਵਿਸ਼ਵਾਸ ਨਾ ਕੀਤਾ ਪਰ ਜਦੋਂ ਇਸ ਪੱਥਰ ਨੂੰ ਹਟਾਉਣ ਦੀ ਕਾਰਵਾਈ ਕੀਤੀ ਜਾਣ ਲੱਗੀ ਤਾਂ ਕੁਝ ਅਜੀਬ ਘਟਨਾਵਾਂ ਵਾਪਰੀਆਂ ਜਿਵੇਂ ਇਸ ਪੱਥਰ ਨੂੰ ਹਟਾਉਣ ਸਮੇਂ ਹਰ ਵਾਰ ਬੁਲਡੋਜ਼ਰ ਵਿੱਚ ਕੋਈ ਨਾ ਕੋਈ ਨੁਕਸ ਪੈ ਜਾਂਦਾ ਸੀ। ਅਖ਼ੀਰ ਇਸ ਜਗ੍ਹਾ ਨੂੰ ਇਤਿਹਾਸਕ / ਧਾਰਮਿਕ ਸਥਾਨ ਮੰਨਦਿਆਂ ਭਾਰਤੀ ਫ਼ੌਜ ਨੇ ਗੁਰਦੁਆਰਾ ਉਸਾਰਨਾ ਸ਼ੁਰੂ ਕਰ ਦਿੱਤਾ ਤੇ ਸੜਕ ਵਿੱਚ ਕੁਝ ਵਿੰਗ ਪਾ ਕੇ ਬਣਾ ਕੇ ਗੁਰਦੁਆਰੇ ਦੀ ਇਮਾਰਤ ਬਣਾ ਦਿੱਤੀ ਗਈ।

ਹੁਣ ਗੁਰਦੁਆਰਾ ਪੱਥਰ ਸਾਹਿਬ ਇੱਕ ਖ਼ੂਬਸੂਰਤ ਇਮਾਰਤ ਦੇ ਰੂਪ ਵਿੱਚ ਜੰਗਲ ਵਿੱਚ ਮੰਗਲ ਦਾ ਪ੍ਰਤੀਕ ਬਣਿਆ ਹੋਇਆ ਹੈ। ਇਸ ਵਿੱਚ ਗੁਰੂ ਜੀ ਦੀ ਛੋਹ ਵਾਲਾ ਪੱਥਰ ਵੀ ਮੌਜੂਦ ਹੈ। ਫ਼ੌਜੀ ਅਧਿਕਾਰੀਆਂ ਦੀ ਦੇਖ ਰੇਖ ਹੇਠ ਪੂਰਨ ਗੁਰ ਮਰਯਾਦਾ ਅਨੁਸਾਰ ਗੁਰਦੁਆਰੇ ਦੀ ਦੇਖਭਾਲ ਕੀਤੀ ਜਾ ਰਹੀ ਹੈ। ਪੰਗਤ ਤੇ ਸੰਗਤ ਦਾ ਪ੍ਰਵਾਹ ਨਿਰੰਤਰ ਜਾਰੀ ਹੈ। ਲੇਹ ਲੱਦਾਖ ਨੂੰ ਜਾਣ ਵਾਲੇ ਦੇਸੀ-ਵਿਦੇਸ਼ੀ ਸੈਲਾਨੀ ਗੁਰੂ ਦਰਸ਼ਨ ਕਰ ਕੇ ਲਾਹਾ ਖੱਟ ਰਹੇ ਹਨ। ਇਸ ਗੁਰਦੁਆਰੇ ਵਿੱਚ ਜਿੱਥੇ ਗੁਰਪੁਰਬ ਤੇ ਹੋਰ ਦਿਨ-ਦਿਹਾੜੇ ਮਨਾਏ ਜਾਂਦੇ ਹਨ, ਉੱਥੇ ਹਰ ਐਤਵਾਰ ਫ਼ੌਜ ਦੀ ਕਿਸੇ ਨਾ ਕਿਸੇ ਟੁਕੜੀ ਵੱਲੋਂ ਕੀਰਤਨ ਤੇ ਲੰਗਰ ਦਾ ਪ੍ਰਵਾਹ ਚਲਾ ਕੇ ਆਪਣੀ ਅਕੀਦਤ ਦੇ ਫੁੱਲ ਗੁਰੂ ਘਰ ਨੂੰ ਅਰਪਿਤ ਕੀਤੇ ਜਾਂਦੇ ਹਨ।

ਧਾਰਮਿਕ ਅਸਥਾਨ ਦਾਤਣ ਸਾਹਿਬ ਲੇਹ ਦੇ ਮੇਨ ਬਜ਼ਾਰ ਵਿੱਚ ਸਥਿਤ ਹੈ। ਇੱਥੇ ਇੱਕ ਦਰੱਖ਼ਤ ਸੁਸ਼ੋਭਿਤ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਹੱਥਾਂ ਦੀ ਛੋਹ ਪ੍ਰਾਪਤ ਹੈ। ਇਸ ਸਥਾਨ ਬਾਰੇ ਇਹ ਕਿਹਾ ਜਾਂਦਾ ਹੈ ਕਿ ਆਪਣੀ ਲੇਹ ਯਾਤਰਾ ਸਮੇਂ ਗੁਰੂ ਜੀ ਇਸ ਅਸਥਾਨ ਉੱਤੇ ਬਿਰਾਜੇ ਸਨ। ਦਾਤਣ ਕਰਨ ਮਗਰੋਂ ਜ਼ਮੀਨ ਵਿੱਚ ਦਾਤਣ ਗੱਡਦਿਆਂ ਉਨ੍ਹਾਂ ਇਸ ਬੰਜਰ ਇਲਾਕੇ ਨੂੰ ਹਰਿਆ-ਭਰਿਆ ਹੋਣ ਦਾ ਵਰ ਦਿੱਤਾ ਸੀ। ਉਹ ਦਾਤਣ ਹੀ ਹੁਣ ਇੱਕ ਵਿਸ਼ਾਲ ਦਰੱਖ਼ਤ ਦੇ ਰੂਪ ਵਿੱਚ ਇੱਥੇ ਸੁਸ਼ੋਭਿਤ ਹੈ।



## 8 ਮਾਰਚ ਅੰਤਰਰਾਸ਼ਟਰੀ ਇਸਤਰੀ ਦਿਵਸ ਤੇ ਵਿਸ਼ੇਸ਼

# ਸਿੱਖ ਧਰਮ ਵਿਚ ਇਸਤਰੀ

**- ਪ੍ਰਮਿੰਦਰ ਸਿੰਘ ਪ੍ਰਵਾਨਾ**

510-415-9377

ਸਿੱਖ ਧਰਮ ਦਾ ਵਿਸ਼ਵ ਧਰਮਾਂ ਵਿਚ ਉੱਘਾ ਸਥਾਨ ਹੈ। ਸਿੱਖ ਧਰਮ ਵਿਚ ਇਸਤਰੀ ਅਤੇ ਮਰਦ ਦੀ ਬਰਾਬਰ ਦਾ ਦਰਜਾ ਹੈ। ਸਿੱਖ ਗੁਰੂਆਂ ਨੇ ਜਿੱਥੇ ਸਮਾਜ ਦੀਆਂ ਬੁਰਾਈਆਂ ਵਿਰੁਧ ਆਵਾਜ਼ ਉਠਾਈ ਉਥੇ ਇਸਤਰੀਆਂ ਦੀ ਬਰਾਬਰੀ ਦੀ ਵੀ ਹਾਮੀ ਭਰੀ, ਇਸਤਰੀਆਂ ਨੂੰ ਮਾਣ ਸਤਿਕਾਰ ਵਿਚ ਮਰਦਾਂ ਦੇ ਬਰਾਬਰ ਹੱਕ ਦਿੱਤਾ। ਇਸਤਰੀਆਂ, ਧਾਰਮਿਕ ਸੱਭਿਆਚਾਰਕ, ਸਮਾਜਿਕ ਵਿਵਹਾਰਕ ਖੇਤਰਾਂ ਵਿਚ ਨਿਰਪੱਖ ਹਿੱਸਾ ਲੈ ਸਕਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਮਰਦ ਦੀ ਬਰਾਬਰੀ ਦਾ ਫੁਰਮਾਨ ਕੀਤਾ। ਬਾਅਦ ਵਿਚ ਵੀ ਗੁਰੂਆਂ ਨੇ ਇਸਤਰੀ ਨੂੰ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਤ ਕੀਤਾ। ਸਿੱਖ ਇਤਿਹਾਸ ਵਿਚ ਇਸਤਰੀਆਂ ਦੀ ਸ਼ਰਧਾ, ਸੇਵਾ, ਬਹਾਦਰੀ, ਬਲੀਦਾਨ ਨੂੰ ਮਰਦਾਂ ਦੇ ਬਰਾਬਰ ਪੇਸ਼ ਕੀਤਾ।

ਸਿੱਖ ਗੁਰੂਆਂ ਨੇ ਸਮਾਜ ਵਿਚ ਇਸਤਰੀ ਦੀ ਦਸ਼ਾ ਸੁਧਾਰਨ ਲਈ ਹੋਕਾ ਦਿੱਤਾ ਤੇ ਸਤੀ ਦੀ ਰਸਮ, ਬਾਲ ਵਿਆਹ ਅਤੇ ਪਰਦੇ ਦੀ ਰਸਮ ਦੀ ਨਿਖੇਧੀ ਕੀਤੀ। ਇਸਤਰੀਆਂ ਨੂੰ ਪ੍ਰਚਾਰਕ ਅਤੇ ਪ੍ਰਬੰਧ ਨਾਲ ਜੋੜਿਆ।

ਪ੍ਰਾਣੀਆਂ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕਰਕੇ ਪ੍ਰਭੂ ਮਿਲਣ ਦਾ ਹਵਾਲਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ ਕਿ ਹੇ ਸਤਸੰਗਣ ਭੈਣੋ ਤੇ ਸਹੇਲੀਓ! ਆਓ ਪਿਆਰ ਨਾਲ ਇਕੱਠੀਆਂ ਹੋਈਏ, ਸਤਸੰਗ ਵਿਚ ਮਿਲ ਕੇ ਉਸ ਖਸਮ ਪ੍ਰਭੂ ਦੀਆਂ ਗੱਲਾਂ ਕਰੀਏ ਜੋ ਸਾਰੀਆਂ ਤਾਕਤਾਂ ਵਾਲਾ ਹੈ। ਹੇ ਸਹੇਲੀਓ, ਉਸ ਸਦਾ ਥਿਰ ਮਾਲਕ ਵਿਚ ਸਾਰੇ ਗੁਣ ਹੀ ਗੁਣ ਹਨ, ਉਸ ਤੋਂ ਵਿਛੜ ਕੇ ਸਾਰੇ ਔਗੁਣ ਸਾਡੇ ਵਿਚ ਆ ਜਾਂਦੇ ਹਨ। ਅੰਗ 17

ਇਸਤਰੀ ਰੂਪੀ ਪ੍ਰਾਣੀ ਦਾ ਦਾਜ ਕੀ ਹੈ -ਹੇ ਮੇਰੇ ਪਿਤਾ ਮੈਂ ਤੇਰੇ ਕੋਲੋਂ ਦਾਜ ਮੰਗਦੀ ਹਾਂ, ਮੈਨੂੰ ਹਰੀ ਪ੍ਰਭੂ ਦੇ ਨਾਮ ਦਾ ਦਾਨ ਦੇ, ਮੈਨੂੰ ਇਹੋ ਦਾਜ ਦੇਹ। ਮੈਨੂੰ ਹਰੀ ਦੇ ਨਾਮ ਦਾ ਹੀ ਦਾਜ ਦੇਹ, ਮੈਨੂੰ ਹਰੀ ਦੇ ਨਾਮ ਹੀ ਦਾਜ ਦੇ ਗਹਿਣੇ ਆਦਿ। ਧੰਨ ਦੇਹ ਇਸੇ ਦਾਜ ਨਾਲ ਮੇਰਾ ਪ੍ਰਭੂ ਪਤੀ ਨਾਲ 'ਵਿਆਹ ਸੋਹਣਾ ਲੱਗਣ ਲੱਗ ਪਏ। ਪ੍ਰਮਾਤਮਾ ਦੀ ਭਗਤੀ ਨਾਲ ਹੀ ਪ੍ਰਮਾਤਮਾ ਨਾਲ ਵਿਆਹ ਦਾ ਉਦਮ ਸੁਖਦਾਈ ਬਣਦਾ ਹੈ, ਜਿਸ ਜੀਵ ਮੁਟਿਆਰ ਨੂੰ ਗੁਰੂ ਨੇ ਸਤਿਗੁਰੂ ਨੇ ਦਾਨ ਇਹ ਦਾਜ ਦਿਵਾਇਆ ਹੈ। ਹਰੀ ਨਾਮ ਦੇ ਦਾਜ ਲਾਲ ਉਸ ਦੀ ਸ਼ੋਭਾ ਉਸ ਦੇ ਦੇਸ਼ ਵਿਚ ਸੰਸਾਰ ਵਿਚ ਹੋ ਜਾਂਦੀ ਹੈ। ਇਹ ਦਾਜ ਐਸ ਹੈ ਕਿ ਇਸ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹੋਰ ਬੰਦੇ ਜਿਹੜਾ ਦਾਜ ਰੱਖ ਕੇ ਵਿਖਾਉਂਦੇ ਹਨ, ਉਹ ਝੂਠਾ ਅਹੰਕਾਰ ਹੈ। ਉਹ ਕੱਚ ਹੈ, ਉਹ ਨਿਰਾ ਵਿਖਾਵਾ ਹੀ ਹੈ। ਹੇ ਮੇਰੇ ਪਿਤਾ, ਮੈਨੂੰ ਹਰੀ ਨਾਮ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇ- ਅੰਗ 79

ਜਨਮ ਦਾਤੀ ਇਸਤਰੀ ਨੂੰ ਮੰਦਾ ਆਖਣਾ ਠੀਕ ਨਹੀਂ ਹੈ ਕਿ ਇਸਤਰੀ ਤੋਂ ਜਨਮ ਲਈਦਾ ਹੈ। ਇਸਤਰੀ ਦੇ ਪੇਟ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਰਾਹੀਂ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਰਾਹੀਂ ਹੋਰ ਲੋਕਾਂ ਨਾਲ ਸਬੰਧ ਬਣਦਾ ਹੈ। ਇਸਤਰੀ ਰਾਹੀਂ ਹੀ ਜਗਤ ਦੀ ਉਤਪਤੀ ਦਾ ਰਸਤਾ ਚਲਦਾ ਹੈ। ਜੇ ਇਸਤਰੀ ਮਰ ਜਾਵੇ ਤਾਂ ਹੋਰ ਇਸਤਰੀ ਦੀ ਭਾਲ ਕਰੀਦੀ ਹੈ। ਇਸਤਰੀ ਤੋਂ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ, ਜਿਸ ਇਸਤਰੀ ਤੋਂ ਰਾਜੇ ਵੀ ਜਨਮ ਲੈਂਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ। ਕੋਈ ਵੀ ਜੀਵ ਇਸਤਰੀ ਤੋਂ ਬਿਨਾਂ ਪੈਦਾ ਨਹੀਂ ਹੋ ਸਕਦਾ। ਹੇ ਨਾਨਕ! ਕੇਵਲ ਇਕ ਸੱਚਾ ਪ੍ਰਭੂ ਹੀ ਹੈ ਜੋ ਇਸਤਰੀ ਤੋਂ ਨਹੀਂ ਜੰਮਿਆ। ਭਾਵੇਂ ਮਨੁੱਖ ਹੋਵੇ, ਭਾਵੇਂ ਇਸਤਰੀ ਜੋ ਵੀ ਆਪਣੇ ਮੂੰਹ ਨਾਲ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦੇ ਮੱਥੇ ਤੇ ਭਾਗਾਂ ਦੀ ਮਣੀ ਹੈ। ਭਾਵ ਉਹ ਦਾ ਮੱਥਾ ਭਾਗਾਂ ਵਾਲਾ ਹੈ। ਹੇ ਨਾਨਕ! ਉਹੀ ਮੁਖ ਉਸੇ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਹਣੇ ਲਗਦੇ ਹਨ -ਅੰਗ 473

ਇਸਤਰੀ ਤੇ ਹੋਏ ਅਤਿਆਚਾਰਾਂ ਦਾ ਹਵਾਲਾ ਹੈ ਕਿ-ਹੇ ਭਾਈ ਲਾਲੋ ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫੀਅਤ ਦੇਂਦਾ ਹਾਂ ਜੋ ਇਸ ਸ਼ਹਿਰ ਸ਼ੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ ਜ਼ੁਲਮ ਦੀ ਜੰਞ ਹੈ ਇਕੱਠੀ ਕਰਕੇ ਆ ਚੁੱਕਿਆ ਹੈ ਅਤੇ ਜ਼ੋਰ ਧੱਕੇ ਨਾਲ ਹਿੰਦ ਦੀ ਹਕੂਮਤ ਰੂਪੀ ਕੰਨਿਆ ਦਾਨ ਮੰਗ ਰਿਹਾ ਹੈ। ਸ਼ੈਦਪੁਰ ਵਿਚੋਂ ਹਯਾ ਅਤੇ ਧਰਮ ਦੋਵੇਂ ਲੋ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵਲੋਂ ਸ਼ੈਦਪੁਰ ਦੀਆਂ ਇਸਤਰੀਆਂ 'ਤੇ ਇਤਨੇ ਅਤਿਆਚਾਰ ਹੋ ਰਹੇ ਹਨ ਕਿ ਮਾਨੋ ਸ਼ੈਤਾਨ ਇਕ ਸ਼ਹਿਰ ਵਿਚ ਵਿਆਹ ਪੜਾ ਰਿਹਾ ਹੈ ਤੇ ਕਾਜ਼ੀਆਂ ਅਤੇ ਬ੍ਰਾਹਮਣਾਂ ਦੀ ਮਰਯਾਦਾ ਮਰ ਚੁੱਕੀ ਹੈ। ਮੁਸਲਮਾਨ ਔਰਤਾਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਕੁਰਾਨ ਦੀਆਂ ਆਇਤਾਂ ਪੜ ਰਹੀਆਂ ਹਨ ਅਤੇ ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉੱਚੀਆਂ ਜਾਤਾਂ ਦੀਆਂ ਨੀਵੀਆਂ ਜਾਤਾਂ ਦੀਆਂ ਹੋਰ ਵੀ ਸਭ ਹਿੰਦੂ ਇਸਤਰੀਆਂ, ਇਨਾਂ ਸਾਰੀਆਂ 'ਤੇ ਇਹੀ ਅਤਿਆਚਾਰ ਹੋ ਰਹੇ ਹਨ। ਹੇ ਨਾਨਕ! ਇਸ ਖ਼ੂਨੀ ਵਿਆਹ ਵਿਚ ਸ਼ੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ ਤੇ ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ-ਅੰਕ 722

ਸਤੀ ਦੀ ਰਸਮ ਬਾਰੇ ਸਪੱਸ਼ਟ ਕੀਤਾ ਹੈ ਕਿ-ਉਹ ਇਸਤਰੀਆਂ ਸਤੀ ਹੋ ਗਈਆਂ ਨਹੀਂ ਆਖੀਦੀਆਂ ਜੋ ਪਤੀ ਦੀ ਲਾਸ਼ ਨਾਲ ਸੜ ਮਰਦੀਆਂ ਹਨ। ਹੇ ਨਾਨਕ! ਜੋ ਪਤੀ ਦੀ ਮੌਤ ਤੇ ਵਿਛੋੜੇ ਦੀ ਸੱਟ ਨਾਲ ਹੀ ਮਰ ਜਾਣ ਉਨ੍ਹਾਂ ਨੂੰ ਸਤੀ ਹੋ ਗਈਆਂ ਸਮਝਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਸਤੀ ਸਮਝਣਾ ਚਾਹੀਦਾ ਹੈ ਜੋ ਪ੍ਰਤੀਬੁਤ ਧਰਮ ਵਿਚ ਰਹਿੰਦੀਆਂ ਹਨ। ਜੋ ਆਪਣੇ ਖਸਮ ਦੀ ਸੇਵਾ ਕਰਦੀਆਂ ਹਨ ਅਤੇ ਸਦਾ ਉਦਮ ਨਾਲ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ-ਅੰਗ 787

ਵਿਆਹੁਤਾ ਜੀਵਨ ਕੀ ਹੈ-ਜੋ ਸਿਰਫ਼ ਸਰੀਰਕ ਤੌਰ 'ਤੇ ਰਲ ਕੇ ਬਹਿਣਾ, ਉਨ੍ਹਾਂ ਨੂੰ ਅਸਲ ਇਸਤਰੀ ਖਸਮ ਨਹੀਂ ਆਖੀਦਾ, ਜਿਨਾਂ ਦੇ ਦੋਹਾਂ ਜਿਸਮਾਂ ਵਿਚ ਇਕੋ ਆਤਮਾ ਹੋ ਜਾਵੇ ਉਹ ਹੈ ਇਸਤਰੀ ਅਤੇ ਉਹ ਹੈ ਪਤੀ-ਅੰਗ 788

ਜਦੋਂ ਪ੍ਰਭੂ ਇਸਤਰੀ ਨੂੰ ਆਪਣੀ ਬਣਾ ਲੈਂਦਾ ਹੈ ਤਾਂ-ਹੇ ਪਾਂਡੇ! ਗੋਪਾਲ ਦਾ ਨਾਮ ਮਨ ਦੀ ਪੱਟੀ 'ਤੇ ਲਿਖ ਕੇ ਮਾਇਆ ਵੱਲ ਦੌੜਦੇ ਇਸ ਚੰਚਲ ਮਨ ਨੂੰ ਰੋਕ ਰੱਖ। ਤੇ ਥਾਂ ਸਿਰ ਭਾਵ ਅੰਤਰਿ ਆਤਮੇ ਟਿਕਾ ਰੱਖ। ਸ੍ਰਿਸ਼ਟੀ ਮਾਇਆ ਦੀ ਤ੍ਰਿਸ਼ਨਾ ਦੇ ਅਉਗੁਣ ਵਿਚ ਫਸ ਕੇ ਆਪੋ ਵਿਚ ਭਿੜ ਭਿੜ ਕੇ ਆਤਮਕ ਮੌਤ ਸਹੇੜ ਰਹੀ ਹੈ ਤਾਂ ਦੁਖੀ ਹੋ ਰਹੀ ਹੈ, ਹੇ ਪਾਂਡੇ! ਪ੍ਰਭੂ ਪਾਲਣਹਾਰ ਇਕ ਹੈ। ਸਾਰੇ ਜੀਵ ਉਸ ਦੀਆਂ ਨਾਰੀਆਂ ਹਨ। ਪਰ ਮਾਇਆ ਗ੍ਰਸੀ ਜੀਵ ਇਸਤਰੀ ਖਸਮ ਨੂੰ ਨਹੀਂ ਪਛਾਣਦੀ ਤੇ ਬਾਹਰ ਵੇਸ ਕਰਦੀ ਹੈ ਹੋਰ ਹੋਰ ਆਸਰੇ ਤੱਕਦੀ ਹੈ। ਜਿਸ ਜੀਵ ਇਸਤਰੀ ਨੂੰ ਪ੍ਰਭੂ ਨੇ ਪਰਾਏ ਘਰ ਜਾਂਦੀ ਨੂੰ ਹੋਰ ਆਸਰੇ ਤੱਕਦੀ ਨੂੰ ਰੋਕ ਲਿਆ ਹੈ। ਉਸ ਨੂੰ ਆਪਣੇ ਮਹਿਲ ਵਿਚ ਬੁਲਾ ਲਿਆ ਹੈ। ਉਸ ਦੇ ਜੀਵਨ ਰਾਹ ਵਿਚ ਤ੍ਰਿਸ਼ਨਾ ਦੀ ਕੋਈ ਰੋਕ ਨਹੀਂ ਪੈਂਦੀ। ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਨੇ ਉਸ ਨੂੰ ਸੰਵਾਰ ਲਿਆ ਹੈ। ਉਹ ਜੀਵ ਇਸਤਰੀ ਸਦਾਥਿਰ ਪ੍ਰਭੂ ਵਿਚ ਪਿਆਰ ਪਾਉਂਦੀ ਹੈ। ਉਹੀ ਸੁਹਾਗ-ਭਾਗਾਂ ਵਾਲੀ ਹੋ ਜਾਂਦੀ ਹੈ, ਕਿਉਂਕਿ ਪ੍ਰਭੂ ਨੇ ਉਸ ਨੂੰ ਆਪਣੀ ਬਣਾ ਲਿਆ ਹੈ-ਅੰਗ 933

ਸਿਰਫ਼ ਪ੍ਰਭੂ ਦਾ ਆਸਰਾ ਹੈ ਕਿ-ਹੇ ਪ੍ਰਭੂ! ਮਿਹਰ ਕਰ ਮੈਨੂੰ ਇਹ ਦਾਤ ਬਖ਼ਸ਼ ਕਿ ਮੈਂ ਦਿਨ ਰਾਤ ਤੇਰੀ ਸਿਫ਼ਤ ਸਲਾਹ ਕਰਦਾ ਰਹਾਂ। ਹੇ ਪ੍ਰਭੂ! ਮੇਰੇ ਵਾਸਤੇ ਤੂੰ ਹੀ ਪਿਤਾ ਹੈ, ਮੇਰੇ ਵਾਸਤੇ ਤੂੰ ਹੀ ਮਾਂ ਹੈ। ਤੂੰ ਹੀ ਮੈਨੂੰ ਜਿੰਦ ਦੇਣ ਵਾਲਾ ਹੈਂ, ਤੂੰ ਹੀ ਮੈਨੂੰ ਪ੍ਰਾਣ ਦੇਣ ਵਾਲਾ ਹੈ। ਤੂੰ ਮੇਰਾ ਮਾਲਕ ਹੈ, ਮੈਂ ਤੇਰਾ ਸੇਵਕ ਹਾਂ। ਤੇਰੇ ਤੋਂ ਬਿਨਾਂ ਹੋਰ ਕੋਈ ਮੇਰਾ ਆਸਰਾ ਨਹੀਂ ਹੈ-ਅੰਗ 1144

ਪ੍ਰਮਾਤਮਾ ਨੂੰ ਪਿਤਾ ਅਤੇ ਮਾਂ ਮੰਨਿਆ ਗਿਆ ਹੈ ਭਾਵ ਇਸਤਰੀ ਮਨੁੱਖ ਦਾ ਬਰਾਬਰ ਸਤਿਕਾਰ ਹੈ।

ਜੇ ਮਨੁੱਖ ਪਰਾਈ ਇਸਤਰੀ ਦੀ ਤ੍ਰਿਸ਼ਨਾ ਰੱਖਦਾ ਹੈ-ਕਿ ਵਿਕਾਰੀ ਬੰਦੇ ਦਾ ਟਿਕਾਣਾ ਸਦਾ ਉਸ ਅੱਗ ਵਿਚ ਰਹਿੰਦਾ ਹੈ ਜੋ ਅੱਗ ਸਦਾ ਬਲਦੀ ਰਹਿੰਦੀ ਹੈ, ਕਦੇ ਬੁਝਦੀ ਨਹੀਂ। ਅੰਨਾ ਪਾਪੀ ਆਪਣੀ ਵਹੁਟੀ ਛੱਡ ਦੇਂਦਾ ਹੈ ਤੇ ਪਰਾਈ ਜਨਾਨੀ ਵੱਲ ਝੱਖਾਂ ਮਾਰਦਾ ਹੈ। ਪਰਾਈ ਨਾਰ ਨੂੰ ਵੇਖ ਕੇ ਵੁਹ ਇਉਂ ਹੀ ਖ਼ੁਸ਼ ਹੁੰਦਾ ਹੈ ਜਿਵੇਂ ਤੋਤਾ ਸਿੰਬਲ ਰੁੱਖ ਵੇਖ ਕੇ ਖ਼ੁਸ਼ ਹੁੰਦਾ ਹੈ। ਪਰ ਉਸ ਨੂੰ ਸਿੰਬਲ ਰੁੱਖ ਤੋਂ ਕੁਝ ਹਾਸਲ ਨਹੀਂ ਹੁੰਦਾ। ਆਖ਼ਰੀ ਨੂੰ ਅਜਿਹਾ ਵਿਕਾਰੀ ਮਨੁੱਖ ਇਸ ਵਿਕਾਰ ਵਿਚ ਗ੍ਰਸਿਆ ਹੀ ਮਰ ਜਾਂਦਾ ਹੈ। ਜਿੱਥੇ ਪ੍ਰਭੂ ਦੀ ਭਗਤੀ ਹੁੰਦੀ ਹੈ, ਵਿਕਾਰੀ ਮਨੁੱਖ ਉਹ ਥਾਂ ਜਾ ਕੇ ਨਹੀਂ ਵੇਖਦਾ। ਜੀਵਨ ਦਾ ਸਿੱਧਾ ਰਾਹ ਛੱਡ ਕੇ ਵਿਕਾਰਾਂ ਦੇ ਉਲਟੇ ਰਸਤੇ ਪੈਂਦਾ ਹੈ। ਜਗਤ ਦੇ ਮੂਲ ਪ੍ਰਭੂ ਤੋਂ ਖੁੰਝ ਕੇ ਜਮਨ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ। ਨਾਮ ਅੰਮ੍ਰਿਤ ਡੋਲ ਕੇ ਵਿਕਾਰਾਂ ਦਾ ਜ਼ਹਿਰ ਲੁੱਟ ਕੇ ਖਾਂਦਾ ਹੈ। ਜਿਵੇਂ ਵੇਸਵਾ ਦੇ ਮੁਜਰੇ ਹੁੰਦੇ ਹਨ। ਸੋਹਣੀ ਸੋਹਦੀ ਪੁਸ਼ਾਕ ਪਾ ਕੇ ਸ਼ਿੰਗਾਰ ਕਰਦੀਆਂ ਹਨ। ਵੇਸਵਾ ਨੱਚਦੀ ਹੈ ਤੇ ਬੜੇ ਗਹੁ ਨਾਲ ਆਪਣੀ ਸੁਰ ਨੂੰ ਤੋਲਦੀ ਹੈ। ਬਸ ਇਸੀ ਵਿਕਾਰੀ ਜੀਵਨ ਦੇ ਕਾਰਨ ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ। ਨਾਮਦੇਵ ਇਹ ਇਕ ਵਿਚਾਰ ਦਾ ਬਚਨ ਆਖਦਾ ਹੈ ਕਿ ਜਿਸ ਮਨੁੱਖ ਦੇ ਮੱਥੇ 'ਤੇ ਪ੍ਰਭੂ ਦੀ ਬਖ਼ਸ਼ਿਸ਼ ਦਾ ਲੇਖ ਲਿਖਿਆ ਹੋਵੇ ਭਾਵ ਪਿਛਲੇ ਕਰਮਾਂ ਕਰਕੇ ਧੁਰੋਂ ਬਖਸਿਸ਼ ਹੁੰਦੀ ਹੈ ਉਹ ਵਿਕਾਰਾਂ ਵਲੋਂ ਹਟ ਕੇ ਸਤਿਗੁਰੂ ਦੀ ਸ਼ਰਨ ਪੈਂਦਾ ਹੈ। ਹੇ ਸੰਤ ਜਨੋ! ਗੁਰੂ ਦੀ ਸ਼ਰਨ ਪੈ ਕੇ ਹੀ ਸੰਸਾਰ ਸਮੁੰਦਰ ਦੇ ਵਿਕਾਰਾਂ ਤੋਂ ਪਾਰ ਲੰਘ ਸਕੋਗੇ-ਅੰਗ 1165

ਅੰਤਿਕਾ :-ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਵਿਚ ਇਸਤਰੀ ਜਾਤੀ ਲਈ ਉਤਸ਼ਾਹ ਬਲ ਹੈ ਕਿ ਹੀਣਭਾਵਨਾ ਤੋਂ ਉਪਰ ਉਠ ਕੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਢਾਲਣਾ ਹੈ। ਜੀਵ ਆਤਮਾ ਨੂੰ ਵਹੁਟੀ ਦਾ ਅਲੰਕਾਰ ਦੇ ਕੇ ਦੱਸਿਆ ਹੈ ਕਿ ਇਸਤਰੀ ਮਨੁੱਖ ਪ੍ਰਭੂ ਭਗਤੀ ਦੇ ਮਾਰਗ ਤੇ ਚਲ ਕੇ ਦੋਵੇਂ ਹੀ ਬਰਾਬਰ ਮੁਕਤੀ ਪਾ ਸਕਦੇ ਹਨ। ਇਸਤਰੀ ਮਰਦ ਬਰਾਬਰ ਹਨ।



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.



# GLOBAL ALLIANZ LAW FIRM LLP

US IMMIGRATION MADE EASY

## ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਣਾ !

**- ਡਾ. ਹਰਸ਼ਿੰਦਰ ਕੌਰ, ਐਮ.ਡੀ.**

ਅੱਜ ਕੱਲ ਪੂਰੇ ਜ਼ੋਰ ਸ਼ੋਰ ਨਾਲ ਧਰਮ ਦੇ ਨਾਂ ਤੇ ਹਿੰਸਾ ਭੜਕ ਰਹੀ ਹੈ। ਧਰਮ ਦੇ ਠੇਕੇਦਾਰਾਂ ਵੱਲੋਂ ਭੜਕਾਊ ਭਾਸ਼ਣਾਂ ਹੇਠ ਹਿੰਸਾ ਵਧਾਉਣ ਤੇ ਦੂਜੇ ਧਰਮ ਦੇ ਲੋਕਾਂ ਨੂੰ ਸਬਕ ਸਿਖਾਉਣ ਦਾ ਢੰਗ ਸਿਖਾਇਆ ਜਾ ਰਿਹਾ ਹੈ। ਅਜਿਹਾ ਕਈ ਵਾਰ ਵੇਖਣ ਵਿਚ ਆਇਆ ਹੈ। ਇਤਿਹਾਸ ਅਜਿਹੇ ਅਨੇਕ ਦੰਗਿਆਂ ਦੀ ਦਾਸਤਾਨ ਆਪਣੇ ਬੁੱਕਲ ਵਿਚ ਲੁਕਾਈ ਬੈਠਾ ਹੈ। ਇਸ ਤਰਾਂ ਦੇ ਦੰਗਿਆਂ ਵਿੱਚੋਂ ਕਦੇ ਕਿਸੇ ਨੂੰ ਕੁੱਝ ਹਾਸਲ ਨਹੀਂ ਹੋਇਆ। ਸਿਰਫ਼ ਇਨਸਾਨੀਅਤ ਹਰ ਵਾਰ ਸ਼ਰਮਸਾਰ ਹੁੰਦੀ ਹੈ ਤੇ ਅਨੇਕ ਮਾਵਾਂ ਆਪਣੀ ਉਜੜੀ ਕੁੱਖ ਨੂੰ ਲੈ ਕੇ ਰਬ ਨੂੰ ਕਸੂਰਵਾਰ ਠਹਿਰਾ ਕੇ ਸਬਰ ਕਰਦਿਆਂ ਅੱਖਾਂ ਮੀਟ ਜਾਂਦੀਆਂ ਹਨ। ਅਨੇਕ ਨੌਜਵਾਨ ਬੱਚੀਆਂ ਅਜਿਹੇ ਧਾਰਮਿਕ ਦੰਗਿਆਂ ਵਿਚ ਸਰੀਰਕ ਸ਼ੋਸ਼ਣ ਸਹਿੰਦੀਆਂ ਆਤਮਹੱਤਿਆ ਕਰ ਜਾਂਦੀਆਂ ਹਨ। ਬਥੇਰੇ ਗ਼ਰੀਬਾਂ ਦੀ ਹੱਕ ਹਲਾਲ ਦੀ ਕਮਾਈ ਇਨਾਂ ਦੰਗਿਆਂ ਵਿਚ ਲੁੱਟ ਲਈ ਜਾਂਦੀ ਹੈ ਤੇ ਘਰ ਬਾਰ ਫੂਕ ਦਿੱਤੇ ਜਾਂਦੇ ਹਨ।

ਜ਼ਿਆਦਾਤਰ ਲਾਸ਼ਾਂ ਤਾਂ ਦੰਗਾਈ ਸਾੜ ਫੂਕ ਕੇ ਸੁਆਹ ਕਰ ਦਿੰਦੇ ਹਨ ਜਾਂ ਕੱਟ ਵੱਢ ਦਿੰਦੇ ਹਨ ਪਰ ਜਿੰਨੀਆਂ ਕੁ ਕੱਟੀਆਂ ਵੱਢੀਆਂ ਪੋਸਟਮਾਰਟਮ ਲਈ ਪਹੁੰਚਦੀਆਂ ਹਨ, ਉਨਾਂ ਵਿੱਚੋਂ ਕਿਸੇ ਵੀ ਲੱਤ ਜਾਂ ਬਾਂਹ ਜਾਂ ਗੁਰਦੇ, ਦਿਲ, ਲਹੂ, ਫੇਫੜੇ, ਜਿਗਰ, ਅੱਖਾਂ, ਦੰਦ ਆਦਿ ਤੋਂ ਇਹ ਪਤਾ ਲਾਇਆ ਹੀ ਨਹੀਂ ਜਾ ਸਕਦਾ ਕਿ ਉਹ ਕਿਹੜੇ ਧਰਮ ਦਾ ਬੰਦਾ ਹੋਵੇਗਾ! ਯਾਨੀ ਕੁਦਰਤ ਨੇ ਹਰ ਜੰਮਦੇ ਬੱਚੇ ਨੂੰ ਇੱਕੋ ਜਿਹਾ ਹੀ ਬਣਾਇਆ ਹੁੰਦਾ ਹੈ, ਬੇਸ਼ਕ ਰੰਗ ਰੂਪ ਵੱਖ ਦਿਸੇ। ਵਿਤਕਰੇ ਦੀ ਫਿਤਰਤ ਹੀ ਇਨਸਾਨ ਨੂੰ ਆਪਣੇ ਬੱਚੇ ਦੇ ਮਨ ਵਿਚ ਵੰਡੀਆਂ ਪਾਉਣ ਤੇ ਧਾਰਮਿਕ ਅਡੰਬਰਾਂ ਦੀ ਵਲਗਣ ਵਿਚ ਬੰਨਣ ਉੱਤੇ ਮਜਬੂਰ ਕਰ ਦਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕੁੱਝ ਤੁਕਾਂ ਬਹੁਤ ਡੂੰਘਾ ਗਿਆਨ ਸਮੋਈ ਬੈਠੀਆਂ ਹਨ :-

**"ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥**
**ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥**
**ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥"**
**(ਅੰਗ ੮੮੭-੮੮੮)**

ਹੇ ਪੰਡਿਤ! ਵੇਦ ਆਦਿ ਧਰਮ ਪੁਸਤਕ ਦੇ ਉਪਦੇਸ਼ ਤੂੰ ਆਪਣੇ ਮਨ ਅੰਦਰ ਵਸਾਈ ਰੱਖ ਤੇ ਆਪਣੇ ਮਨ ਦਾ ਗੁੱਸਾ ਦੂਰ ਕਰ ਦੇ।

ਜਿਹੜਾ ਮਨੁੱਖ ਧਰਮ ਪੁਸਤਕਾਂ ਨੂੰ ਮੂਹੋਂ ਅਰਥਾਂ ਸਮੇਤ ਪੜਦਾ ਹੈ, ਪਰ ਉਸ ਦੇ ਹਿਰਦੇ ਵਿਚ ਪ੍ਰਮਾਤਮਾ ਨਹੀਂ ਵੱਸਦਾ, ਉਸ ਦੀ ਰਹਿਣੀ ਬੇਦਾਗ਼ ਨਹੀਂ ਹੈ ਤੇ ਹੋਰਨਾਂ ਨੂੰ ਜੋ ਧਰਮ-ਪੁਸਤਕਾਂ ਦਾ ਉਪਦੇਸ ਰਟਾਉਂਦਾ ਹੈ ਉਹ ਆਪ ਉਸ ਉੱਤੇ ਅਮਲ ਨਹੀਂ ਕਰਦਾ ਤਾਂ ਉਸ ਨੂੰ ਪੰਡਿਤ ਨਹੀਂ ਆਖਿਆ ਜਾ ਸਕਦਾ।

ਆਤਮਕ ਜੀਵਨ ਵੱਲੋਂ ਅੰਨਾ ਮਨੁੱਖ ਸਾਲਗਰਾਮ ਦੀ ਮੂਰਤੀ ਸਾਹਮਣੇ ਰੱਖ ਲੈਂਦਾ ਹੈ ਪਰ ਉਸ ਦਾ ਮਨ ਹੋਰ ਥਾਈਂ ਭਟਕਦਾ ਰਹਿੰਦਾ ਹੈ। ਅਜਿਹਾ ਮਨੁੱਖ ਮੱਥੇ ਉੱਤੇ ਤਿਲਕ ਵੀ ਲਾਉਂਦਾ ਹੈ ਤੇ ਮੂਰਤੀ ਦੇ ਪੈਰੀਂ ਵੀ ਪੈਂਦਾ ਹੈ ਪਰ ਸਿਰਫ਼ ਦੁਨੀਆ ਨੂੰ ਭਰਮਾਉਣ ਲਈ। ਕਿਸੇ ਧਨਾਢ ਦੇ ਘਰ ਜਾ ਕੇ ਅਜਿਹਾ ਮਨੁੱਖ ਪੈਸੇ ਲੈ ਕੇ ਸਿਰਫ਼ ਵਿਖਾਵਾ ਹੀ ਕਰਦਾ ਹੈ।

ਕੋਈ ਭਾਗਾਂ ਵਾਲਾ ਹੀ ਰਬ ਦੇ ਉਪਦੇਸ ਨੂੰ ਮਨ ਵਿਚ ਵਸਾ ਕੇ, ਉਸ ਉੱਤੇ ਅਮਲ ਕਰ ਕੇ ਮਾਇਆ ਦੇ ਮਕੜ ਜਾਲ ਵਿੱਚੋਂ ਬਚ ਨਿਕਲਦਾ ਹੈ ਅਤੇ ਕੋਈ ਭਾਗਾਂ ਵਾਲਾ ਮਨੁੱਖ ਹੀ ਅਜਿਹੇ ਧਰਮ ਦੇ ਉਪਦੇਸ ਦੇਣ ਵਾਲੇ ਦੇ ਸ਼ਰਨ ਪੈਂਦਾ ਹੈ।

ਇਨਾਂ ਅਰਥਾਂ ਰਾਹੀਂ ਬਹੁਤ ਕੁੱਝ ਸਮਝ ਆ ਜਾਂਦਾ ਹੈ। ਧਰਮ ਅਸਮਾਨ ਤੋਂ ਨਹੀਂ ਡਿੱਗਿਆ। ਕਿਸੇ ਨਾ ਕਿਸੇ ਧਰਤੀ ਉੱਤੇ ਪੈਦਾ ਹੋਣ ਵਾਲੇ ਮਨੁੱਖ ਨੇ ਹੀ ਰਚਿਆ ਤੇ ਉਸ ਦਾ ਮਕਸਦ ਧਰਤੀ ਉੱਪਰ ਵੱਸ ਰਹੇ ਜੀਵਾਂ ਨੂੰ ਸਹੀ ਸੇਧ ਦੇ ਕੇ ਇਕ ਕਾਨੂੰਨ ਅੰਦਰ ਬੰਨ ਕੇ ਰੱਖਣ ਦਾ ਜਤਨ ਸੀ। ਬਿਨਾਂ ਕਿਸੇ ਰੋਕ ਟੋਕ ਕੇ, ਬਿਨਾਂ ਕਿਸੇ ਭੈਅ ਦੇ, ਕਿਸੇ ਨੂੰ ਗ਼ਲਤ ਤੇ ਸਹੀ ਬਾਰੇ ਦੱਸਣਾ ਔਖਾ ਹੁੰਦਾ ਹੈ। ਜਿਵੇਂ ਲਾਲ ਬੱਤੀ ਤੋਂ ਬਿਨਾਂ ਕੋਈ ਚੌਂਕ 'ਤੇ ਰੁਕੇ ਹੀ ਨਾ ਤਾਂ ਸਭ ਦਾ ਐਕਸੀਡੈਂਟ ਹੁੰਦਾ ਰਹੇਗਾ, ਉਸੇ ਤਰਾਂ ਜਾਨਵਰ ਤੋਂ ਤਬਦੀਲ ਹੋਇਆ ਮਨੁੱਖ ਵੀ ਆਪਣੇ ਅੰਦਰਲੇ ਜਾਨਵਰ ਨੂੰ ਕਾਬੂ ਵਿਚ ਰੱਖਣ ਲਈ ਕੋਈ ਰੋਕ ਟੋਕ ਨਾ ਹੋਣ 'ਤੇ ਦੂਜੇ ਦਾ ਘਾਣ ਕਰਦਾ ਰਹੇਗਾ। ਇਸੇ ਲਈ ਇਕ ਗ਼ੈਬੀ ਸ਼ਕਤੀ ਦਾ ਡਰ ਤੇ ਉਸੇ ਸ਼ਕਤੀ ਰਾਹੀਂ ਵਧੀਆ ਜ਼ਿੰਦਗੀ ਜੀਊਣ ਦੇ ਗੁਰ, ਜਿਸ ਵਿਚ ਧੀਰਜ, ਠਰੰਮਾ, ਮੁਹੱਬਤ, ਸਾਂਝ, ਕਿਰਤ ਕਰਨੀ, ਦੂਜੇ ਦਾ ਹੱਕ ਨਾ ਮਾਰਨਾ, ਆਦਿ ਸ਼ਾਮਲ ਕੀਤੇ ਗਏ।

ਹਰ ਧਾਰਮਿਕ ਗ੍ਰੰਥ ਨੇ ਵੱਖੋ-ਵੱਖ ਤਰੀਕਿਆਂ ਰਾਹੀਂ ਰਬ ਨੂੰ ਪਾਉਣ, ਖ਼ੁਸ਼ ਕਰਨ ਤੇ ਆਪਣਾ ਜੀਵਨ ਸਾਰਥਕ ਕਰਨ ਦਾ ਢੰਗ ਸਮਝਾਇਆ ਹੈ, ਪਰ ਇੱਕ ਦੂਜੇ ਨੂੰ ਖ਼ਤਮ ਕਰਨ ਬਾਰੇ ਗੱਲ ਨਹੀਂ ਕੀਤੀ ਕਿਉਂਕਿ ਧਾਰਮਿਕ ਗ੍ਰੰਥ ਲਿਖਣ ਵਾਲੇ ਹਰ ਵਿਦਵਾਨ ਨੂੰ ਸਮਝ ਸੀ ਕਿ ਜੇ ਮਨੁੱਖੀ ਮਨ ਵਿਚਲਾ ਜਾਨਵਰ ਆਜ਼ਾਦ ਹੋ ਗਿਆ ਤਾਂ ਧਰਤੀ ਉੱਤੇ ਮਨੁੱਖੀ ਜ਼ਾਤ ਬਚਣੀ ਹੀ ਨਹੀਂ ਤੇ ਧਰਮ ਆਪਣੇ ਆਪ ਖ਼ਤਮ ਹੋ ਜਾਣਾ ਹੈ।

ਵਧੀਆ ਜ਼ਿੰਦਗੀ ਜੀਊਣ ਲਈ ਇਕ ਦੂਜੇ ਨੂੰ ਇੱਜ਼ਤ, ਮਾਣ-ਸਤਿਕਾਰ ਦੇਣ ਨਾਲ ਤੇ ਓਨਾ ਹੀ ਵਾਪਸ ਮਿਲਣ ਨਾਲ ਇਕ ਸਾਂਝ ਦਾ ਰਿਸ਼ਤਾ ਗੰਢਿਆ ਜਾਂਦਾ ਹੈ। ਇਹੀ ਰਿਸ਼ਤਾ ਵੱਖੋ-ਵੱਖ ਧਰਮਾਂ ਵਿਚ ਵੀ ਤੇ ਵੱਖੋ-ਵੱਖ ਮੁਲਕਾਂ, ਪਰੰਪਰਾਵਾਂ, ਸੱਭਿਆਤਾਵਾਂ, ਆਦਿ ਨੂੰ ਪ੍ਰਫੁੱਲਿਤ ਕਰਦਾ ਹੈ।

ਇੰਜ ਵੱਖੋ-ਵੱਖ ਗੁੱਟ ਹੁੰਦਿਆਂ ਹੋਇਆਂ ਵੀ ਤੇ ਵੱਖੋ-ਵੱਖ ਮੁਲਕ, ਜ਼ਬਾਨਾਂ, ਰੰਗ-ਰੂਪ ਹੁੰਦਿਆਂ ਵੀ ਹਰ ਕਿਸੇ ਨੂੰ ਆਪਣੀ ਸੋਚ ਅਨੁਸਾਰ ਜੀਊਣ ਦੀ ਖੁੱਲ ਮੰਨ ਕੇ ਸਾਰੇ ਇੱਕ ਦੂਜੇ ਨੂੰ ਖ਼ਤਮ ਕਰਨ ਦੀ ਸੋਚ ਨਹੀਂ ਪਾਲਦੇ।

ਇਹੀ ਕਾਰਨ ਹੈ ਕਿ ਭਾਵੇਂ ਨਾਸਤਕ ਹੋਣ ਤੇ ਭਾਵੇਂ ਹਿੰਦੂ ਮੁਸਲਿਮ, ਸਿੱਖ, ਈਸਾਈ, ਪਾਰਸੀ, ਜੈਨ, ਬੁੱਧ ਜਾਂ ਕੋਈ ਵੀ ਹੋਰ, ਸਭ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਇਕ ਦੂਜੇ ਤੋਂ ਸਮਾਨ ਖਰੀਦਣ ਤੋਂ ਲੈ ਕੇ ਅੰਗ-ਦਾਨ ਜਾਂ ਖ਼ੂਨ-ਦਾਨ ਕਰਨ ਤਕ ਕੋਈ ਵਿਤਕਰਾ ਮਹਿਸੂਸ ਨਹੀਂ ਕਰਦੇ।

ਜਦੋਂ ਕੋਈ ਜਣਾ ਧਰਮ ਦੀ ਆੜ ਹੇਠ ਭੜਕਾ ਕੇ ਦੰਗਾ ਕਰਨ ਲਈ ਉਕਸਾਉਂਦਾ ਹੈ ਤਾਂ ਸਪਸ਼ਟ ਹੈ ਕਿ ਧਰਮ ਨਾਲ ਉਸ ਦਾ ਕੋਈ ਲੈਣਾ-ਦੇਣਾ ਨਹੀ ਹੁੰਦਾ। ਉਸ ਦਾ ਆਪਣਾ ਸ਼ੈਤਾਨੀ ਮਨ ਆਪਣੇ ਆਕਾਵਾਂ ਤੋਂ ਕੁੱਝ ਹਾਸਲ ਕਰਨ ਲਈ ਜਾਨਵਰਾਂ ਵਾਲੀ ਪ੍ਰਵਿਰਤੀ ਉਜਾਗਰ ਕਰ ਲੈਂਦਾ ਹੈ। ਕੁੱਝ ਹਾਸਲ ਕਰ ਲੈਣ ਬਾਅਦ ਅਜਿਹਾ ਬੰਦਾ ਵਾਪਸ ਉਸੇ ਤਰਾਂ ਨਾਰਮਲ ਢੰਗ ਨਾਲ ਵਿਹਾਰ ਕਰਨ ਲੱਗ ਪੈਂਦਾ ਹੈ ਤੇ ਲੋੜ ਪੈਣ ਉੱਤੇ ਕਿਸੇ ਹੋਰ ਧਰਮ ਵਾਲੇ ਦਾ ਲਹੂ ਚੜਵਾਉਣ ਜਾਂ ਉਸ ਤੋਂ ਅੰਗ ਦਾਨ ਲੈਣ ਲੱਗਿਆਂ ਇੱਕ ਵਾਰ ਨਾਂ ਨੁੱਕਰ ਕਰਨ ਬਾਰੇ ਸੋਚਦਾ ਵੀ ਨਹੀਂ।

ਹੁਣ ਵੇਖੀਏ ਕਿ ਦੁਨੀਆ ਵਿਚ ਧਰਮ ਦੇ ਨਾਂ ਉੱਤੇ ਕਤਲ ਕਰਨ ਵਾਲਿਆਂ ਦਾ ਹਸ਼ਰ ਕੀ ਹੋਇਆ ਸੀ ਤੇ ਕੀ ਸੁਨੇਹਾ ਉਨਾਂ ਦੀਆਂ ਜ਼ਿੰਦਗੀਆਂ ਵਿੱਚੋਂ ਮਿਲਦਾ ਹੈ :-

1. ਹਿਟਲਰ, ਜਿਸ ਨੇ ਲੱਖਾਂ ਮਾਰੇ, ਆਪ ਖ਼ੁਦਕੁਸ਼ੀ ਕਰ ਕੇ ਮਰਿਆ।
2. ਮੁਸੌਲਿਨੀ, ਜਿਸ ਨੇ ਜ਼ੁਲਮ ਢਾਹਿਆ, ਆਪ ਵੀ ਗੋਲੀ ਦਾ ਸ਼ਿਕਾਰ ਹੋ ਗਿਆ।
3. ਸੱਦਾਮ ਹੁਸੈਨ ਨੂੰ ਚੂਹੇ ਵਾਂਗ ਖੁੱਡ ਵਿਚ ਲੁਕਣਾ ਪਿਆ ਤੇ ਅਖ਼ੀਰ ਫਾਂਸੀ ਚਾੜ੍ਹਿਆ ਗਿਆ।
4. ਓਸਾਮਾ ਬਿਨ ਲਾਦੇਨ ਵੀ ਉਡਾ ਦਿੱਤਾ ਗਿਆ।
5. ਗ਼ੱਦਾਫੀ ਨੇ ਵੀ ਅੱਤ ਦਾ ਜ਼ੁਲਮ ਢਾਹਿਆ ਪਰ ਅਖ਼ੀਰ ਲੋਕਾਂ ਹੱਥੋਂ ਕੁੱਤੇ ਦੀ ਮੌਤ ਮਾਰਿਆ ਗਿਆ।

ਸਪਸ਼ਟ ਹੈ ਜ਼ੁਲਮ ਕਰਨ ਵਾਲੇ ਆਪ ਵੀ ਜ਼ੁਲਮ ਦਾ ਸ਼ਿਕਾਰ ਹੋ ਜਾਂਦੇ ਹਨ। ਕੋਈ ਵੀ ਸਦੀਵੀ ਨਹੀਂ ਹੈ। ਹਰ ਕਿਸੇ ਦਾ ਅੰਤ ਹੋਣਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਜ਼ੁਲਮ ਢਾਹੁਣ ਵਾਲਿਆਂ ਦੀ ਜ਼ਿੰਦਗੀ ਸਰੀਰ ਖ਼ਤਮ ਹੋਣ ਤੱਕ ਹੁੰਦੀ ਹੈ ਜਦਕਿ ਪਿਆਰ ਵੰਡਣ ਵਾਲਿਆਂ ਦੀ ਜ਼ਿੰਦਗੀ ਕਦੇ ਮੁੱਕਦੀ ਹੀ ਨਹੀਂ ਕਿਉਂਕਿ ਹਰ ਸਦੀ ਵਿਚ ਉਨਾਂ ਨੂੰ ਯਾਦ ਕਰਨ ਵਾਲੇ ਅਗਾਂਹ ਆਉਂਦੇ ਰਹਿੰਦੇ ਹਨ।

ਇਸੇ ਲਈ ਨਫ਼ਰਤ ਵੰਡਣ ਵਾਲੇ ਆਪ ਉਸੇ ਦਲਦਲ ਵਿਚ ਡੁੱਬ ਜਾਂਦੇ ਹਨ ਤੇ ਉਨਾਂ ਨੂੰ ਬਚਾਉਣ ਵਾਸਤੇ ਉਨਾਂ ਦੇ ਆਪਣੇ ਵੀ ਅੱਗੇ ਨਹੀਂ ਆਉਂਦੇ। ਮਰਨ ਬਾਅਦ ਵੀ ਉਨਾਂ ਨੂੰ ਯਾਦ ਕਰਨ ਲੱਗਿਆਂ ਘ੍ਰਿਣਾ ਨਾਲ ਯਾਦ ਕੀਤਾ ਜਾਂਦਾ ਹੈ।

ਦੋ ਘਟਨਾਵਾਂ ਦਾ ਇੱਥੇ ਜ਼ਿਕਰ ਕਰਨਾ ਚਾਹੁੰਦੀ ਹਾਂ।

ਪਹਿਲੀ ਘਟਨਾ ਅਪੰਗ ਬੱਚਿਆਂ ਦੀ ਰੇਸ ਦੀ ਹੈ। ਜਿਉਂ ਹੀ 8 ਅਪੰਗ ਬੱਚਿਆਂ ਦੀ ਰੇਸ ਸ਼ੁਰੂ ਕਰਵਾਈ ਗਈ ਤਾਂ ਇਕ ਬੱਚੀ ਡਿੱਗ ਪਈ। ਅਗਾਂਹ ਲੰਘ ਚੁੱਕੇ ਬੱਚੇ ਝੱਟ ਰੁਕ ਗਏ ਤੇ ਵਾਪਸ ਮੁੜ ਕੇ ਉਨਾਂ ਨੇ ਉਸ ਬੱਚੀ ਨੂੰ ਆਪਣੇ ਮੋਢਿਆਂ ਦਾ ਸਹਾਰਾ ਦੇ ਕੇ ਖੜਾ ਕੀਤਾ ਤੇ ਸਾਰੇ ਬੱਚੇ ਇੱਕ ਦੂਜੇ ਦਾ ਹੱਥ ਫੜ ਕੇ ਇਕੱਠੇ ਹੀ ਦੌੜ ਕੇ ਅਖ਼ੀਰ ਤੱਕ ਪਹੁੰਚੇ। ਅਫ਼ਰੀਕਾ ਵਿਚ ਅਜਿਹੇ ਸਾਥ ਨੂੰ ਉਬੁੰਤੂ ਕਿਹਾ ਜਾਂਦਾ ਹੈ। ਇਸਦਾ ਮਤਲਬ ਹੈ ਦੂਜਿਆਂ ਪ੍ਰਤੀ ਇਨਸਾਨੀਅਤ ਦਾ ਪ੍ਰਗਟਾਵਾ-"ਮੈਂ ਹਾਂ, ਕਿਉਂਕਿ ਅਸੀਂ ਹਾਂ।" ਮਨੁੱਖ ਇਕੱਲਾ ਜੀਊਣ ਜੋਗਾ ਹੈ ਹੀ ਨਹੀਂ। ਇਸੇ ਲਈ ਇਸਨੂੰ "ਸੋਸ਼ਲ ਐਨੀਮਲ" ਕਿਹਾ ਜਾਂਦਾ ਹੈ। ਇਕੱਲੇ ਰਹਿ ਜਾਣ ਉੱਤੇ ਜ਼ਿੰਦਗੀ ਛੋਟੀ ਹੋ ਜਾਂਦੀ ਹੈ। ਇਹ ਤੱਥ ਮੈਡੀਕਲ ਸਾਇੰਸ ਸਾਬਤ ਕਰ ਚੁੱਕੀ ਹੈ। ਕੋਈ ਨਾ ਕੋਈ ਮੋਢਾ ਜ਼ਰੂਰ ਚਾਹੀਦਾ ਹੁੰਦਾ ਹੈ ਜਿਸ ਉੱਤੇ ਸਿਰ ਰੱਖ ਕੇ ਦਿਲ ਹੌਲਾ ਕੀਤਾ ਜਾ ਸਕੇ।

ਧਰਮ ਸ਼ੁਰੂ ਕਰਨ ਦਾ ਮਕਸਦ ਸੀ ਜਾਨਵਰ ਤੋਂ ਇਨਸਾਨ ਬਣਾਉਣਾ ਨਾ ਕਿ ਇਨਸਾਨੀਅਤ ਛਿੱਕੇ ਟੰਗ ਕੇ ਵਹਿਸ਼ੀਪੁਣੇ ਨੂੰ ਖੁੱਲ ਦੇਣੀ।

ਆਪਸੀ ਸਾਂਝ ਤੇ ਮੁਹੱਬਤ ਨੂੰ ਖ਼ਤਮ ਕਰ ਕੇ ਦੰਗਾ ਭੜਕਾਉਣ ਵਾਲੇ ਸਿਰਫ਼ ਆਪਣਾ ਉੱਲੂ ਸਿੱਧਾ ਕਰ ਰਹੇ ਹੁੰਦੇ ਹਨ। ਉਸ ਪਿੱਛੇ ਸਿਆਸੀ ਲਾਹਾ ਹੋਵੇ, ਪੈਸਾ ਹੋਵੇ ਜਾਂ ਮਨ ਅੰਦਰ ਭਰੀ ਕਿਸੇ ਪੁਰਾਣੀ ਹਾਰ ਦੀ ਕੜਵਾਹਟ, ਮਰਦੇ ਸਭ ਧਰਮਾਂ ਦੇ ਆਮ ਬੰਦੇ ਹੀ ਹਨ ਜਿਨਾਂ ਦਾ ਉਸ ਸੋਚ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ।

ਭਲਾ ਸੋਚ ਕੇ ਵੇਖੀਏ। ਇੱਕੋ ਮਾਂ ਦੇ ਜਾਏ, ਇਕੱਠੇ ਖੇਡੇ, ਇੱਕੋ ਜੀਨ ਨਾਲ ਜੁੜੇ, ਸਿਰਫ਼ ਸਰਹੱਦਾਂ ਵੰਡ ਦੇਣ ਨਾਲ ਜੇ ਵੰਡੇ ਜਾਣ ਤਾਂ ਜਾਨੀ ਦੁਸ਼ਮਨ ਬਣਾਉਣ ਵਾਲੇ ਤਾਂ ਸਿਆਸੀ ਲਾਹਾ ਲੈਣ ਵਾਲੇ ਹੀ ਹੋਏ ਜਿਨਾਂ ਨੇ ਰਾਜਗੱਦੀਆਂ ਸਾਂਭੀਆਂ! ਦੰਗੇ ਭੜਕਾਉਣ ਵਾਲਿਆਂ ਦਾ ਆਪਣਾ ਨੁਕਸਾਨ ਕਦੇ ਵੀ ਦੰਗਿਆਂ ਵਿਚ ਨਹੀਂ ਹੋਇਆ। ਉਹ ਤਾਂ ਬਾਅਦ ਵਿਚ ਕੁਦਰਤੀ ਕਹਿਰ ਦੇ ਸ਼ਿਕਾਰ ਹੁੰਦੇ ਹਨ। ਦੰਗਿਆਂ ਦੌਰਾਨ ਤਾਂ ਨਿਮਾਣਿਆਂ ਦੇ ਘਰ ਸੜਦੇ ਹਨ, ਦੁਕਾਨਾਂ ਲੁੱਟੀਆਂ ਜਾਂਦੀਆਂ ਹਨ ਤੇ ਘਰ ਦੀਆਂ ਔਰਤਾਂ ਦੀ ਬੇਪਤੀ ਕੀਤੀ ਜਾਂਦੀ ਹੈ। ਅਜਿਹਾ ਕਰਨਾ ਕਿਸੇ ਧਾਰਮਿਕ ਗ੍ਰੰਥ ਵਿਚ ਨਹੀਂ ਲਿਖਿਆ। ਫੇਰ ਇਹ ਧਾਰਮਿਕ ਦੰਗੇ ਕਿਵੇਂ ਹੋਏ? ਸਿਰਫ਼ ਇੱਕ ਸ਼ੈਤਾਨੀ ਦਿਮਾਗ਼ ਦੀ ਉਪਜ ਹੀ ਹੋਏ ਜਿਨਾਂ ਨੇ ਆਪਣਾ ਉੱਲੂ ਸਿੱਧਾ ਕਰ ਲਿਆ।

'ਏਕੁ ਪਿਤਾ ਏਕਸ ਕੇ ਹਮ ਬਾਰਿਕ', 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ', 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ', ਸ਼ਬਦਾਂ ਦੀ ਡੂੰਘਿਆਈ ਸਮਝਣ ਤੋਂ ਬਾਅਦ ਪ੍ਰਤੱਖ ਹੋ ਜਾਂਦਾ ਹੈ ਕਿ ਸਾਰੇ ਇਕ ਦੂਜੇ ਦੇ ਪੂਰਕ ਹਨ ਤੇ ਸਭਨਾਂ ਦਾ ਰਬ ਇੱਕੋ ਹੈ। ਸਿਰਫ਼ ਉਸ ਨੂੰ ਪੂਜਣ ਤੇ ਮੰਨਣ ਦੇ ਢੰਗ ਵੱਖ ਹਨ। ਜੇ ਰਬ ਇੱਕ ਹੈ ਤਾਂ ਫਿਰ ਉਸ ਦੇ ਨਾਂ 'ਤੇ ਆਪੋ ਵਿਚ ਮਾਰ ਧਾੜ ਕਿਉਂ?

ਸਫ਼ਰ ਤਾਂ ਸਿਰਫ਼ ਜੰਮਣ ਤੋਂ ਮਰਨ ਤੱਕ ਦਾ ਹੈ। ਉਸ ਨੂੰ ਖ਼ੂਬਸੂਰਤ ਤੇ ਯਾਦਗਾਰੀ ਕਿਉਂ ਨਾ ਬਣਾਇਆ ਜਾਵੇ? ਇਸ ਵਾਸਤੇ ਦੰਗਾ ਕਰਨ ਲਈ ਉਕਸਾਉਣ ਵਾਲਿਆਂ ਨੂੰ ਪਛਾਣ ਕੇ ਉਨਾਂ ਵਿਰੁੱਧ ਇਕਜੁੱਟ ਹੋ ਕੇ ਆਵਾਜ਼ ਚੁੱਕਣ ਦਾ ਵੇਲਾ ਹੈ।

ਜੇ ਮੁਲਕ ਦੀ ਸਰਹੱਦ ਉੱਤੇ ਜਾਨ ਵਾਰਨ ਵਾਲਿਆਂ ਨੇ ਕਦੇ ਨਹੀਂ ਸੋਚਿਆ ਕਿ ਮੈਂ ਮੁਸਲਮਾਨ ਹਾਂ ਤਾਂ ਸਿਰਫ਼ ਮੁਸਲਮਾਨਾਂ ਨੂੰ ਬਚਾਉਣ ਲਈ ਮਰਾਂਗਾ ਜਾਂ ਮੈਂ ਸਿੱਖ ਹਾਂ ਤਾਂ ਸਿਰਫ਼ ਸਿੱਖ ਬਚਾਵਾਂਗਾ, ਤਾਂ ਫਿਰ ਮੁਲਕ ਦੇ ਅੰਦਰ ਇਹ ਵਿਤਕਰਾ ਕਿਉਂ?

ਜਿਸ ਦੂਜੀ ਘਟਨਾ ਦਾ ਮੈਂ ਜ਼ਿਕਰ ਕਰਨਾ ਹੈ, ਉਸ ਬਾਰੇ ਪੜ ਕੇ ਬਥੇਰਿਆਂ ਦੀਆਂ ਅੱਖਾਂ ਖੁੱਲ ਜਾਣਗੀਆਂ। ਇੱਕ ਫੌਜੀ ਹਸਪਤਾਲ ਵਿਚ ਐਮਰਜੈਂਸੀ ਵਿਚ ਇਕ ਬਜ਼ੁਰਗ ਨੀਮ ਬੇਹੋਸ਼ ਪਿਆ ਸੀ। ਜਿਉਂ ਹੀ ਐਮਰਜੈਂਸੀ ਦੇ ਬਾਹਰ ਇਕ ਮੇਜਰ ਨੂੰ ਵਰਦੀ ਵਿਚ ਨਰਸ ਨੇ ਵੇਖਿਆ ਤਾਂ ਦੌੜ ਕੇ ਉਸ ਦਾ ਹੱਥ ਫੜ ਕੇ ਅੰਦਰ ਲੈ ਆਈ। ਸਿੱਧਾ ਉਸ ਬਜ਼ੁਰਗ ਦੇ ਮੰਜੇ ਕੋਲ ਬਿਠਾ ਕੇ ਮਰੀਜ਼ ਦੇ ਕੰਨ ਨੇੜੇ ਰਤਾ ਉੱਚੀ ਜਿਹੀ ਬੋਲੀ, "ਤੁਹਾਨੂੰ ਜਿਸ ਦੀ ਉਡੀਕ ਸੀ, ਤੁਹਾਡਾ ਬੇਟਾ ਆ ਗਿਐ।" ਬਜ਼ੁਰਗ ਦੇ ਸਰੀਰ ਵਿਚ ਕੋਈ ਹਿਲਜੁਲ ਨਹੀਂ ਹੋਈ। ਨਰਸ ਨੇ ਫੇਰ ਉੱਚੀ ਸਾਰੀ ਕਿਹਾ, "ਕਲ ਦੇ ਬੇਟਾ ਬੇਟਾ ਕਹਿ ਕੇ ਬੇਹੋਸ਼ ਹੋ ਗਏ ਓ। ਹੁਣ ਬੇਟਾ ਆਇਐ ਤਾਂ ਅੱਖਾਂ ਵੀ ਨਹੀਂ ਖੋਲਦੇ ਪਏ।" ਬਜ਼ੁਰਗ ਫਿਰ ਵੀ ਨਹੀਂ ਹਿੱਲੇ। ਨਰਸ ਨੇ ਮੇਜਰ ਨੂੰ ਸੰਬੋਧਨ ਕਰ ਕੇ ਕਿਹਾ, "ਆਖ਼ਰੀ ਸਾਹਾਂ 'ਤੇ ਨੇ। ਸ਼ੁਕਰ ਹੈ ਤੁਸੀਂ ਵੇਲੇ ਸਿਰ ਪਹੁੰਚ ਗਏ ਹੋ। ਸਿਰਫ਼ ਇੱਕੋ ਰਟ ਲਾਈ ਬੈਠੇ ਸਨ ਕਿ ਆਖ਼ਰੀ ਸਾਹ ਛੱਡਣ ਤੋਂ ਪਹਿਲਾਂ ਫੌਜੀ ਵਰਦੀ ਵਿਚ ਆਪਣਾ ਪੁੱਤਰ ਵੇਖਣੈ। ਅੱਖਾਂ ਨੂੰ ਠੰਡ ਪੈ ਜਾਣ ਬਾਅਦ ਹੀ ਸੁਆਸ ਛੱਡਾਂਗਾ। ਇਸੇ ਨੂੰ ਆਖ਼ਰੀ ਤਮੰਨਾ ਮੰਨ ਲਵੋ। ਅਸੀਂ ਤਾਂ ਆਸ ਲਾਹ ਬੈਠੇ ਸਾਂ ਕਿ ਹੁਣ ਇਨਾਂ ਦੀ ਆਖ਼ਰੀ ਤਮੰਨਾ ਪੂਰੀ ਨਹੀਂ ਹੋ ਸਕਣੀ। ਵਿਚਾਰਿਆਂ ਦੀ ਅੱਖਾਂ ਦੀ ਰੌਸ਼ਨੀ ਵੀ ਚਲੀ ਗਈ ਹੈ।" ਏਨਾ ਕਹਿੰਦਿਆਂ ਨਰਸ ਫੇਰ ਰਤਾ ਉੱਚੀ ਬੋਲੀ, "ਬਾਪੂ ਜੀ, ਤੁਹਾਡਾ ਪੁੱਤਰ ਫੌਜੀ ਵਰਦੀ ਪਾ ਕੇ ਆਇਆ ਖੜੈ। ਜੇ ਤੁਸੀਂ ਅੱਖਾਂ ਨਾ ਖੋਲੀਆਂ ਤਾਂ ਹੁਣੇ ਵਾਪਸ ਚਲਾ ਜਾਏਗਾ।" ਇਸ ਵਾਰ ਬਜ਼ੁਰਗ ਦੇ ਸਰੀਰ ਵਿਚ ਰਤਾ ਹਰਕਤ ਹੋਈ ਤੇ ਉਨਾਂ ਦੀਆਂ ਉਂਗਲਾਂ ਫਰਕੀਆਂ। ਮੇਜਰ ਨੇ ਅਗਾਂਹ ਹੋ ਕੇ ਉਨਾਂ ਦਾ ਹੱਥ ਘੁੱਟ ਲਿਆ। ਨਰਸ ਨੇ ਮੇਜਰ ਨੂੰ ਕੋਲ ਹੀ ਕੁਰਸੀ ਡਾਹ ਦਿੱਤੀ। ਬਜ਼ੁਰਗ ਨੇ ਹਲਕਾ ਸਿਰ ਘੁਮਾ ਕੇ ਅੱਖ ਖੋਲੀ ਤਾਂ ਉਸ ਨੂੰ ਧੁੰਧਲੀ ਜਿਹੀ ਫੌਜੀ ਵਰਦੀ ਦਿਸ ਪਈ। ਅੱਖਾਂ 'ਚੋਂ ਨੀਰ ਵਹਿ ਤੁਰਿਆ ਤੇ ਹੱਥ ਰਤਾ ਹੋਰ ਜ਼ੋਰ ਦੀ ਘੁੱਟ ਲਿਆ। ਬਸ ਇਸ ਤੋਂ ਬਾਅਦ ਬਜ਼ੁਰਗ ਨੀਮ-ਬੇਹੋਸ਼ ਹੋ ਗਏ ਪਰ ਹੱਥ ਘੁੱਟੀ ਰੱਖਿਆ। ਨਰਸ ਨੇ ਆ ਕੇ ਮੇਜਰ ਨੂੰ ਆਰਾਮ ਕਰਨ ਲਈ ਕਿਹਾ ਤਾਂ ਮੇਜਰ ਨੇ ਨਾ ਕਰ ਦਿੱਤੀ। ਰਾਤ ਭਰ ਉੱਥੇ ਹੀ ਹੱਥ ਫੜ ਕੇ ਬੈਠਿਆ ਰਿਹਾ ਤੇ ਸਵੇਰੇ ਜਦੋਂ ਬਜ਼ੁਰਗ ਦੀ ਮੌਤ ਹੋ ਗਈ, ਤਾਂ ਹੱਥ ਛੁਡਾਇਆ।

ਨਰਸ ਨੇ ਉਸ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਤੁਸੀਂ ਧੰਨ ਹੋ ਜੋ ਏਨਾ ਪਿਆਰ ਕਰਨ ਵਾਲਾ ਪਿਓ ਮਿਲਿਆ ਸੀ। "ਬੜੀ ਤਕਲੀਫ਼ ਝੱਲ ਕੇ ਗਏ ਨੇ। ਪਰ ਜ਼ਿੱਦ ਸੀ ਕਿ ਪੁੱਤਰ ਵੇਖੇ ਬਗ਼ੈਰ ਸੁਆਸ ਨਹੀਂ ਤਿਆਗਣੇ," ਨਰਸ ਅੱਖਾਂ ਪੂੰਝਦੇ ਮੇਜਰ ਦੇ ਮੋਢੇ 'ਤੇ ਹੱਥ ਰੱਖਦਿਆਂ ਬੋਲੀ।

ਬਾਕੀ ਸਫ਼ਾ 31 'ਤੇ




## ਜਨਮ ਦਿਨ ਉਪਰ ਵਿਸ਼ੇਸ਼

# .ਫ਼ਖ਼ਰ-ਏ-ਕੌਮ ਸਿਰਦਾਰ ਕਪੂਰ ਸਿੰਘ

**- ਜੈਤੇਗ ਸਿੰਘ ਅਨੰਤ**

ਸਿਰਦਾਰ ਕਪੂਰ ਸਿੰਘ ਸਿੱਖ ਕੌਮ ਦੇ ਮਹਾਨ ਵਿਦਵਾਨ ਤੇ ਚਿੰਤਕ ਹੋਏ ਹਨ। ਉਹ ਫ਼ਾਰਸੀ, ਉਰਦੂ, ਸੰਸਕ੍ਰਿਤ, ਅੰਗਰੇਜ਼ੀ ਅਤੇ ਪੰਜਾਬੀ ਦੇ ਚੋਟੀ ਦੇ ਸਿਆਸਤਦਾਨ ਸਨ। ਉਹ ਸਿੱਖ ਦਰਸ਼ਨ, ਚਿੰਤਨ ਤੇ ਇਤਿਹਾਸ ਪ੍ਰਤੀ ਅਥਾਹ ਰੁਚੀ ਰੱਖਦੇ ਸਨ। ਭਾਵੇਂ ਸਿਰਦਾਰ ਸਾਹਿਬ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ, ਜ਼ਿਲਾ ਲੁਧਿਆਣਾ ਸੀ ਪਰ ਜ਼ਮੀਨ ਜਾਇਦਾਦ ਦੇ ਸਬੰਧ ਵਿੱਚ ਉਨਾਂ ਦਾ ਪਰਿਵਾਰ ਚੱਕ ਨੰਬਰ 531 ਲਾਇਲਪੁਰ ਵਿੱਚ ਟਿਕਿਆ ਹੋਇਆ ਸੀ। ਇਸੇ ਪਿੰਡ ਵਿੱਚ 2 ਮਾਰਚ, 1909 ਨੂੰ ਉਨਾਂ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿਤਾ ਦੀਦਾਰ ਸਿੰਘ ਦੇ ਘਰ ਹੋਇਆ। ਉਨਾਂ ਨੇ ਮੁੱਢਲੀ ਤੋਂ ਪ੍ਰਾਇਮਰੀ ਤਕ ਦੀ ਵਿੱਦਿਆ ਆਪਣੇ ਪਿੰਡ ਵਿੱਚੋਂ ਹੀ ਪ੍ਰਾਪਤ ਕੀਤੀ।

ਨੌਵੀਂ ਤੇ ਦਸਵੀਂ ਜਮਾਤ ਦੀ ਪੜਾਈ ਲਈ ਉਨਾਂ ਨੇ ਖ਼ਾਲਸਾ ਹਾਈ ਸਕੂਲ, ਲਾਇਲਪੁਰ ਵਿੱਚ ਦਾਖ਼ਲਾ ਲੈ ਲਿਆ। ਇਸ ਸਕੂਲ ਦੇ ਹੈੱਡਮਾਸਟਰ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਸਨ। ਦਸਵੀਂ ਦੀ ਪ੍ਰੀਖਿਆ ਵਿੱਚ ਸਿਰਦਾਰ ਕਪੂਰ ਸਿੰਘ ਪੰਜਾਬ ਭਰ ਵਿੱਚੋਂ ਅੱਵਲ ਆਏ। ਇਸ ਸਫ਼ਲਤਾ ਸਦਕਾ ਉਹ ਮਾਸਟਰ ਤਾਰਾ ਸਿੰਘ ਜੀ ਦੀ ਅੱਖ ਦਾ ਤਾਰਾ ਬਣ ਗਏ। ਮਾਸਟਰ ਜੀ ਨਾਲ ਉਨਾਂ ਦੀ ਨੇੜਤਾ ਤੇ ਪਿਆਰ-ਮੁਹੱਬਤ ਦਾ ਆਲਮ ਇੱਥੋਂ ਹੀ ਸ਼ੁਰੂ ਹੋਇਆ। ਬਾਲ ਕਪੂਰ ਸਿੰਘ ਮਿਹਨਤੀ ਵਿਦਿਆਰਥੀ ਸੀ। ਮਗਰੋਂ ਉੱਚ ਪੜਾਈ ਲਈ ਉਨਾਂ ਨੇ ਗੌਰਮਿੰਟ ਕਾਲਜ, ਲਾਹੌਰ ਵਿੱਚ ਦਾਖ਼ਲਾ ਲੈ ਲਿਆ। ਵਿਦਿਆਰਥੀ ਜੀਵਨ ਵਿੱਚ ਵੀ ਉਹ ਸਿੱਖੀ ਵਿੱਚ ਪ੍ਰਪੱਕ ਤੇ ਪੂਰੇ ਨਿੱਤਨੇਮੀ ਸਨ। ਘਰੋਂ ਮਾਇਕ ਤੌਰ 'ਤੇ ਹੱਥ ਤੰਗ ਹੋਣ ਕਾਰਨ ਉਨਾਂ ਛੋਟੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਫ਼ੀਸ ਲੈ ਕੇ ਟਿਊਸ਼ਨ ਪੜਾਉਣੀ ਸ਼ੁਰੂ ਕਰ ਦਿੱਤੀ। ਉਨਾਂ ਕੈਂਬਰਿਜ ਯੂਨੀਵਰਸਿਟੀ ਤੋਂ ਫ਼ਿਲਾਸਫ਼ੀ ਦੀ ਪੜਾਈ ਕੀਤੀ। ਅੰਗਰੇਜ਼ਾਂ ਦੇ ਸਮੇਂ ਸਿੱਖਾਂ ਵਿੱਚੋਂ ਆਈ.ਸੀ.ਐਸ. ਬਣਨ ਵਾਲੇ ਗਿਣੇ-ਚੁਣੇ ਪ੍ਰਮੁੱਖ ਵਿਅਕਤੀਆਂ ਵਿੱਚੋਂ ਸਿਰਦਾਰ ਕਪੂਰ ਸਿੰਘ ਇੱਕ ਸਨ।

ਦੇਸ਼ ਦੀ ਵੰਡ ਤੋਂ ਪਹਿਲਾਂ ਤੇ ਬਾਅਦ ਵਿੱਚ ਸਿਰਦਾਰ ਕਪੂਰ ਸਿੰਘ ਅਨੇਕਾਂ ਥਾਵਾਂ 'ਤੇ ਡਿਪਟੀ ਕਮਿਸ਼ਨਰ ਦੇ ਅਹੁਦੇ 'ਤੇ ਬਿਰਾਜਮਾਨ ਰਹੇ। ਉਹ ਨਿਡਰ, ਨਿਰਭੈ, ਨਿਝੱਕ, ਬੇਬਾਕ, ਦਲੇਰ ਤੇ ਸੱਚੇ-ਸੁੱਚੇ ਅਫ਼ਸਰ ਸਨ। ਉਨਾਂ ਦੇ ਸਾਹਾਂ ਵਿੱਚ ਸਿੱਖੀ ਦੀ ਧੜਕਣ ਸੀ। ਉਹ ਸਿੱਖੀ ਦੀ ਸ਼ਾਨ ਤੇ ਸਵੈਮਾਨ ਅੱਗੇ ਕੋਈ ਸਮਝੌਤਾ ਨਹੀਂ ਕਰ ਸਕਦੇ ਸਨ। ਉਹ ਮੂੰਹ ਫੁੱਟ ਤੇ ਬੇਪ੍ਰਵਾਹ ਅਫ਼ਸਰ ਸਨ। ਇਹੋ ਕਾਰਨ ਸੀ ਕਿ ਉਨਾਂ ਨੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਦੇ ਭੇਜੇ ਸਰਕੂਲਰ, ਜਿਸ ਵਿੱਚ ਸਿੱਖਾਂ ਨੂੰ ਜਰਾਇਮ-ਪੇਸ਼ਾ ਗਰਦਾਨਿਆ ਗਿਆ ਸੀ, ਨੂੰ ਪੈਰਾਂ ਦੀ ਜੁੱਤੀ ਥੱਲੇ ਰੋਂਦ ਦਿੱਤਾ। ਮਾਸਟਰ ਤਾਰਾ ਸਿੰਘ ਨੇ ਸਿੱਖਾਂ ਖ਼ਿਲਾਫ਼ ਰਚੀ ਜਾ ਰਹੀ ਇਸ ਵੱਡੀ ਸਾਜ਼ਿਸ਼ ਦੇ ਵਿਰੋਧ ਵਿੱਚ ਆਵਾਜ਼ ਬੁਲੰਦ ਕੀਤੀ। ਪੰਡਤ ਜਵਾਹਰ ਲਾਲ ਨਹਿਰੂ ਨੇ ਮੁਆਫ਼ੀ ਮੰਗੀ ਪਰ ਇਹ ਮੁਆਫ਼ੀ ਇੰਨੀ ਮਹਿੰਗੀ ਪਈ ਕਿ ਸਿਰਦਾਰ ਕਪੂਰ ਸਿੰਘ ਨੂੰ ਡਿਪਟੀ ਕਮਿਸ਼ਨਰ ਦੀ ਕੁਰਸੀ ਤੋਂ ਮੁਕਤ ਕਰ ਦਿੱਤਾ ਗਿਆ। ਉਨਾਂ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਨਾਂ ਨੇ ਸਰਕਾਰੀ ਭੇਦ ਖੁੱਲੇ ਤੌਰ 'ਤੇ ਪ੍ਰਗਟ ਕਰਨ ਦੀ ਹਿੰਮਤ ਵਿਖਾਈ ਸੀ।

ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਸਿਰਦਾਰ ਕਪੂਰ ਸਿੰਘ ਨੂੰ 2 ਸਤੰਬਰ, 1950 ਨੂੰ ਨੌਕਰੀ ਤੋਂ ਜਬਰੀ ਬਰਖ਼ਾਸਤ ਕਰ ਦਿੱਤਾ। ਉਨਾਂ ਪੰਜਾਬ ਸਰਕਾਰ ਖ਼ਿਲਾਫ਼ ਪੰਜਾਬ ਹਾਈ ਕੋਰਟ ਸ਼ਿਮਲਾ ਵਿੱਚ ਕੇਸ ਦਾਇਰ ਕੀਤਾ। ਲੰਮਾ ਸਮਾਂ ਕੇਸ ਚੱਲਿਆ ਪਰ ਇਨਸਾਫ਼ ਪੱਲੇ ਨਾ ਪਿਆ। ਹੁਣ ਉਹ ਆਪਣੀਆਂ ਰਚਨਾਵਾਂ ਨੂੰ ਪੁਸਤਕਾਂ ਦੇ ਰੂਪ ਵਿੱਚ ਪੰਥ ਦੀ ਝੋਲੀ ਪਾਉਣ ਲੱਗੇ। ਇਨਾਂ ਵਿੱਚੋਂ 'ਸਪਤਸਿੰਗ' ਵਿੱਚ ਚੋਟੀ ਦੇ ਸੱਤ ਮਹਾਂ ਪੁਰਖਾਂ ਦੀ ਜੀਵਨ ਗਾਥਾ, ਸਾਡੇ ਲਈ ਚਾਨਣ ਮੁਨਾਰਾ ਹੈ। 'ਪੁੰਦੀਕ' ਉਨਾਂ ਦੇ ਸੰਸਕ੍ਰਿਤ ਨਿਬੰਧਾਂ ਦੀ ਉੱਚ ਕੋਟੀ ਦੀ ਪੁਸਤਕ ਹੈ। 'ਬਹੁ-ਵਿਸਤਾਰ' ਉਨਾਂ ਦੀ ਧਾਰਮਿਕ ਅਤੇ ਇਤਿਹਾਸਕ ਨਿਬੰਧਾਂ ਵਿੱਚ ਰਚੀ ਪੁਸਤਕ ਹੈ। 'ਬਿਖਮਹਿ ਅੰਮ੍ਰਿਤ' ਵੀ ਸੁੰਦਰ ਸ਼ਾਹਕਾਰ ਹੈ। ਆਪ ਦੀ ਪੁਸਤਕ 'ਸਾਚੀ ਸਾਖੀ' ਜਗਤ ਪ੍ਰਸਿੱਧ ਪੁਸਤਕ ਹੈ। ਅੰਗਰੇਜ਼ੀ ਵਿੱਚ 'ਪ੍ਰਾਸ਼ਰ ਪ੍ਰਸ਼ਨ **("The Baisakhi of Guru Gobind Singh)** ਵੀ ਉੱਤਮ ਰਚਨਾ ਹੈ। ਪੁਸਤਕ 'ਸਪਤਸਿੰਗ' ਲੰਮਾ ਸਮਾਂ ਐਮ.ਏ. ਤੇ ਗਿਆਨੀ ਦੀਆਂ ਜਮਾਤਾਂ ਨੂੰ ਪੜਾਈ ਜਾਂਦੀ ਰਹੀ ਹੈ।

1962 ਵਿੱਚ ਭਾਰਤ ਦੀਆਂ ਤੀਜੀਆਂ ਲੋਕ ਸਭਾ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਸਿਰਦਾਰ ਕਪੂਰ ਸਿੰਘ ਨੂੰ ਲੁਧਿਆਣਾ ਲੋਕ ਸਭਾ ਦੀ ਸੀਟ ਤੋਂ ਖੜਾ ਕੀਤਾ। ਉਹ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਮੰਗਲ ਸਿੰਘ ਨੂੰ ਹਰਾ ਕੇ ਦਿੱਲੀ ਪਾਰਲੀਮੈਂਟ ਵਿੱਚ ਬੈਠੇ। ਪੰਜਾਬ ਦੇ ਪੁਨਰਗਠਨ ਬਾਰੇ 3 ਸਤੰਬਰ 1966 ਨੂੰ ਲੋਕ ਸਭਾ ਵਿੱਚ ਇੱਕ ਬਿੱਲ ਪੇਸ਼ ਕੀਤਾ ਗਿਆ। ਸਿਰਦਾਰ ਜੀ ਨੇ ਜਿੱਥੇ ਇਸ ਬਿੱਲ ਦਾ ਵਿਰੋਧ ਕੀਤਾ, ਉੱਥੇ ਹੀ ਇਸ ਨੂੰ ਠੁਕਰਾਉਣ ਦੇ ਤਿੰਨ ਕਾਰਨ ਵੀ ਪੇਸ਼ ਕੀਤੇ। ਉਨਾਂ ਦੀ ਇਸ ਇਤਿਹਾਸਕ, ਮਹੱਤਵਪੂਰਨ ਤੇ ਤਰਕ ਭਰਪੂਰ ਤਕਰੀਰ ਨੇ ਸਰਕਾਰੀ ਬੈਂਚਾਂ ਨੂੰ ਵੀ ਕਾਇਲ ਕਰ ਦਿੱਤਾ। ਸੰਨ 1967 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਉਹ ਸਮਰਾਲੇ ਤੋਂ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ ਵਿੱਚ ਪੁੱਜੇ।

ਸਿਰਦਾਰ ਕਪੂਰ ਸਿੰਘ ਦੀ ਸਿੱਖ ਰਾਜਨੀਤੀ ਵਿੱਚ ਵਿਸ਼ੇਸ਼ ਭੂਮਿਕਾ ਰਹੀ ਹੈ। 'ਆਨੰਦਪੁਰ ਦੇ ਮਤੇ' ਦਾ ਡਰਾਫ਼ਟ ਉਨਾਂ ਨੇ ਹੀ ਤਿਆਰ ਕੀਤਾ। ਅਕਾਲ ਤਖ਼ਤ 'ਤੇ ਬਣਾਏ 'ਅਗਨ ਕੁੰਡਾਂ' ਨੂੰ ਢਾਹੁਣ ਹਿੱਤ ਉਨਾਂ ਨੇ ਆਵਾਜ਼ ਬੁਲੰਦ ਕੀਤੀ ਸੀ। ਸਿਰਦਾਰ ਕਪੂਰ ਸਿੰਘ ਨੂੰ ਸਿੱਖਾਂ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਨੇ 13 ਅਕਤੂਬਰ 1973 ਨੂੰ 'ਪ੍ਰੋਫ਼ੈਸਰ ਆਫ਼ ਸਿੱਖਿਜ਼ਮ' ਦੀ ਮਹਾਨ ਉਪਾਧੀ ਨਾਲ ਸਨਮਾਨਤ ਕੀਤਾ। ਸਾਕਾ ਨੀਲਾ ਤਾਰਾ ਨੇ ਸਿਰਦਾਰ ਕਪੂਰ ਸਿੰਘ 'ਤੇ ਡੂੰਘਾ ਅਸਰ ਕੀਤਾ ਤੇ ਹੌਲ਼ੀ-ਹੌਲ਼ੀ ਉਨਾਂ ਦੇ ਸਰੀਰ ਦੀ ਹਰਕਤ ਖ਼ਤਮ ਹੋ ਗਈ। 18 ਅਗਸਤ 1986 ਨੂੰ ਅੰਮ੍ਰਿਤ ਵੇਲੇ ਫ਼ਖ਼ਰ-ਏ-ਕੌਮ ਸਿਰਦਾਰ ਕਪੂਰ ਸਿੰਘ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ। ਉਨਾਂ ਦਾ ਵਿਛੋੜਾ ਸਿੱਖ ਭਾਈਚਾਰੇ ਲਈ ਅਸਹਿ ਤੇ ਅਕਹਿ ਸੀ। ਉਨਾਂ ਦੀ ਖ਼ੂਬਸੂਰਤ ਸ਼ਖ਼ਸੀਅਤ 'ਸਿਰਦਾਰ ਕਪੂਰ ਸਿੰਘ ਸਕੂਲ ਆਫ਼ ਸਿੱਖ ਥੌਟ' ਦੀ ਜਨਮਦਾਤੀ ਹੈ।

**ਸਰਦਾਰ ਕਪੂਰ ਸਿੰਘ ਦਾ ਪਾਰਲੀਮੈਂਟ ਵਿਚ ਦਿੱਤਾ ਭਾਸ਼ਨ:**

ਸ੍ਰੀਮਤੀ ਪ੍ਰਧਾਨ ਸਾਹਿਬ ਜੀਓ,

ਮੈਂ ਇਸ ਬਿੱਲ ਨੂੰ ਬੜੇ ਗਹੁ ਨਾਲ ਵਾਚਿਆ ਹੈ ਅਤੇ ਗ੍ਰਹਿ ਮੰਤਰੀ ਗੁਲਜਾਰੀ ਲਾਲ ਨੰਦਾ ਜੀ ਨੇ ਜੋ ਭਾਸ਼ਨ ਹੁਣੇ ਹੁਣੇ ਦਿੱਤਾ ਹੈ ਮੈਂ ਉਸ ਨੂੰ ਬੜੇ ਧਿਆਨ ਨਾਲ, ਇਕ ਮਨ ਹੋ ਕੇ ਸੁਣਿਆ ਅਤੇ ਸਮਝਿਆ ਹੈ।

ਗ੍ਰਹਿ ਮੰਤਰੀ ਜਿਸ ਮਸਲੇ ਨੂੰ ਲੋਕ ਸਭਾ ਵਿਚ ਪੇਸ਼ ਕਰਨ ਉਸ ਨੂੰ ਗਹੁ ਨਾਲ ਸੁਣਨਾ ਹੀ ਯੋਗ। ਸ੍ਰੀਮਤੀ ਪ੍ਰਧਾਨ ਜੀਓ, ਮੇਰੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ ਹੈ ਕਿ ਮੈਂ ਇਸ ਸਾਰੇ ਦੇ ਸਾਰੇ ਬਿਲ ਦਾ ਵਿਰੋਧ ਕਰਾਂ। ਇਹ ਬਿਲ ਗੰਦਾ ਆਂਡਾ ਹੈ ਜਿਸ ਦੇ ਦੰਦ ਪਿਆ ਮਾਰੇ, ਪਰ ਇਹ ਨਾ-ਖਾਣ ਵਾਲੀ ਅਭਕਸ਼ ਵਸਤੂ



ਹੈ ਤੇ ਨਾ-ਪਚਣ ਵਾਲੀ ਵੀ। ਕੋਈ ਸੋਝੀਵਾਨ ਬੰਦਾ ਤਾਂ ਇਸ ਨੂੰ ਕਬੂਲ ਕਰ ਨਹੀਂ ਸਕਦਾ। ਸ੍ਰੀ ਮਹਾਵੀਰ ਤਿਆਗੀ-ਇਹ ਤਾਂ ਆਪੋ ਆਪਣੇ ਹਾਜਮੇ ਉਤੇ ਨਿਰਭਰ ਹੈ। ਕਪੂਰ ਸਿੰਘ-ਮੇਰੇ ਮਨ ਵਿਚ ਕੋਈ ਸ਼ੰਕਾ ਨਹੀਂ ਕਿ ਭਾਵੇ ਸਿੱਖਾਂ ਦਾ ਹਾਜਮਾਂ ਤੇ ਉਨਾਂ ਦੀ ਪਾਚਨ ਸ਼ਕਤੀ ਕਿਤਨੀ ਵੀ ਪ੍ਰਬਲ ਕਿਉਂ ਨਾ ਹੋਵੇ, ਜਿਵੇ ਕਿ ਮੇਰੇ ਮਿਤ੍ਰ ਤਿਆਗੀ ਜੀ ਨੇ ਸੰਕਤ ਕੀਤਾ ਹੈ, ਇਸ ਗੰਦੇ ਆਂਡੇ ਨੂੰ ਖਾਣ ਨਾਲ ਉਨਾਂ ਨੂੰ ਢਿੱਡ ਪੀੜ ਹੀ ਪਵੇਗੀ। ਮੈਂ ਆਪਣੇ ਵੋਟਰਾਂ ਦੇ ਨਾਂ ਉਤੇ ਆਪਣੇ ਚੋਣ ਹਲਕੇ ਦੇ ਨਾਂ ਉਤੇ, ਸਮੂਹ ਸਿੱਖਾਂ ਦੇ ਨਾਂ ਉਤੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਉਤੇ ਬਿਲ ਨੂੰ ਰੱਦ ਕਰਦਾ ਹਾਂ। ਤਿੰਨ ਕਾਰਨ ਇਸ ਨੂੰ ਨਾ-ਕਬੂਲਣ ਦੇ ਹਨ। ਇੱਕ ਤਾਂ ਇਹ ਪਾਪ-ਭਰੀ ਮਨਸਾ ਦੀ ਉਪਜ ਹੈ। ਦੂਜੇ ਇਸਨੂੰ ਜਮਾਉਣ ਵਾਲੀ ਦਾਈ ਕੁਚੱਜੀ ਹੈ। ਤੀਜੇ ਇਹ ਦੇਸ਼ ਦੇ ਸਮੂਚੇ ਲਾਭਾਂ ਲਈ ਹਾਨੀਕਾਰਕ ਹੈ ਅਤੇ ਇਸ ਨਾਲ ਦੇਸ਼ ਉਤੇ ਰਾਜ ਕਰਨ ਵਾਲੀ ਜਾਤੀ ਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ ਤੇ ਇੰਝ ਮੁਲਕ ਕਮਜ਼ੋਰ ਹੋਵਗਾ। ਸ੍ਰੀ ਮਹਾਵੀਰ ਤਿਆਗੀ -ਇਹ ਬੱਚਾ ਹਰਾਮੀ ਤਾਂ ਨਹੀਂ ਹੈ। ਸ੍ਰੀ ਕਪੂਰ ਸਿੰਘ-ਹਰਾਮੀ ਨਾ ਹੋਵੇ ਪਰ ਇਸ ਦੀ ਪੈਦਾਇਸ਼ ਪਾਪ-ਭਰੇ ਸੰਕਲਪ ਦਵਾਰਾ ਹੋਈ ਹੈ ਅਤੇ ਇਹ ਮੁੱਢੋਂ ਹੀ ਜਾਤ ਕੁਜਾਤ ਹੈ। ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾਂ ਹਾਂ ਕਿਉਕਿ ਸਿੱਖਾਂ ਨਾਲ ਜੋ ਵਿਸਾਹ-ਘਾਤ ਸੁਤੰਤਰ ਭਾਰਤ ਵਿਚ ਕੀਤਾ ਗਿਆ ਹੈ,ਇਹ ਉਸ ਦੀ ਆਖਰੀ ਕੜੀ ਹੈ। ਹਿੰਦੂਸਤਾਨ ਦੀ ਬਹੁਗਿਣਤੀ ਦੇ ਲੀਡਰਾਂ ਵੱਲੋਂ ਸਿੱਖਾਂ ਨੂੰ ਜੋ ਵਿਸ਼ਵਾਸ ਦਿਵਾਏ ਗਏ ਸੀ ਅਤੇ ਕਾਂਗਰਸ ਜਿਹੜੇ ਲਾਰੇ ਪਿਛਲੇ 30-35 ਸਾਲ ਤੋਂ ਲਾਉਂਦੀ ਰਹੀ ਉਨਾਂ ਦਾ ਹੁਣ ਪਾਜ ਖੁੱਲ ਗਿਆ ਹੈ। ਇਹ ਗੱਲ ਇਸ ਲੋਕ ਸਭਾ ਲਈ ਜਨਤਾ ਲਈ ਸਾਰੇ ਹਿੰਦੂਸਤਾਨ ਦੇ ਵਾਸੀਆਂ ਲਈ ਅਤੇ ਸਾਰੀ ਦੁਨੀਆਂ ਦੇ ਸੱਜਣ ਪੁਰਸ਼ਾਂ ਲਈ ਸੁਣਨੀ ਤੇ ਸਮਝਣੀ ਗੁਣਕਾਰੀ ਹੋਵਗੀ ਜਿਹੜੀ ਕਥਾਂ ਕਿ ਸਿੱਖਾਂ ਨਾਲ ਕੀਤੇ ਗਏ ਵਿਸਾਹਘਾਤ ਦੀ ਮੈਂ ਅੱਜ ਸੁਨਾਣ ਲੱਗਾ। ਵਿਸਾਹਘਾਤ ਕਾਂਗਰਸੀ ਹਿੰਦੂ, ਲੀਡਰਾਂ ਨੇ ਜਾਣ-ਬੁਝ ਕੇ ਅਤੇ ਕ੍ਰਿਤਘਨਾਂ ਦਵਾਰਾ ਉਸ ਸਿੱਖ ਕੌਮ ਨਾਲ ਕੀਤਾ ਹੈ ਜਿਸ ਸਿੱਖ ਕੌਮ ਨੇ ਹਿੰਦੂ, ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ। ਇਹ ਵਿਸ਼ਾਹਘਾਤ ਉਨਾਂ ਸਿੱਖਾਂ ਨਾਲ ਕੀਤਾ ਗਿਆ ਹੈ ਜਿਹੜੇ ਕਿ ਧਰਮ ਦੇ ਰੱਖਿਅਕ ਤੇ ਦੇਸ਼ ਦੇ ਵੈਰੀਆਂ ਦੇ ਸ਼ਤਰੂ ਹਨ। ਇਹ ਧੋਖਾ ਉਨਾਂ ਸਿੱਖਾਂ ਨਾਲ ਹੋਇਆ ਹੈ ਜਿਨਾਂ ਦਾ ਹੌਂਸਲਾ ਕੁਰਬਾਨੀ ਅਤੇ ਦੇਸ਼ ਭਗਤੀ ਸੰਸਾਰ ਵਿਚ ਪ੍ਰਸਿੱਧ ਹੈ। ਉਸ ਸਿੱਖ ਜਾਤੀ ਨਾਲ ਹੋਏ ਵਿਸਾਹਘਾਤ ਦੀ ਕਹਾਣੀ ਮੈਂ ਅੱਜ ਬਿਆਨ ਕਰਨ ਦੀ ਆਗਿਆ ਚਾਹੁੰਦਾ ਹਾਂ ਜਿਨਾਂ ਨਾਲ ਕਿ ਵਿਸ਼ਵਾਸਘਾਤ ਬਿਗਾਨਿਆਂ ਨੇ ਨਹੀਂ ਸਗੋਂ ਆਪਣਿਆਂ ਨੇ ਕੀਤਾ ਹੈ। ਇਹ ਉਹ ਸਿੱਖ ਹਨ ਜਿਹੜੇ ਸਵੇਰੇ ਸ਼ਾਮ ਅਰਦਾਸ ਵਿਚ ਕਹਿੰਦੇ ਹਨ, ਸਿੱਖਾਂ ਨੂੰ ਵਿਸਾਹ ਦਾਨ ਭਰੋਸਾ ਦਾਨ। ਜੋ ਵਿਸ਼ਵਾਸ ਕਰਦੇ ਹਨ ਅਤੇ ਵਿਸ਼ਵਾਸਘਾਤ ਦੀ ਉਮੀਦ ਦੂਜਿਆਂ ਕੋਲੋਂ ਨਹੀਂ ਰੱਖਦੇ। ਅਸਾਡੇ ਬਜ਼ੁਰਗ ਅਤੇ ਰਿਸ਼ੀ ਜੋ ਕਿ ਹਿੰਦੂਆਂ ਤੇ ਸਿੱਖਾਂ ਦੋਹਾਂ ਦੇ ਪੂਜਯ ਹਨ ਵਿਸ਼ਵਾਸਘਾਤ ਨਾਲੋਂ ਵੱਡਾ ਮਹਾਨ ਪਾਪ ਹੋਰ ਕੋਈ ਨਹੀਂ ਗਿਣਦੇ ਸਨ। ਮਹਾਂਭਾਰਤ (ਆਂਦਿਪਰਵਮ 74 25) ਵਿਚ ਲਿਖਿਆ ਹੈ। ਯੋ ਅਨਯਾਥਾਸੰਤਾਤਮਾਨਮ ਅਨਯਥਾਂ ਪ੍ਰਤਿਪਦਯਤ ਕਿੰਤਣ ਨ ਕ੍ਰਤਮ ਪਾਪਮ ਚੋਰਣਾਤਮਾਪਹਾਰਿਣਮ॥ ਅਰਥਾਤ ਜਿਸ ਦੇ ਮਨ ਵਿਚ ਹੋਰ ਹੈ ਪਰ ਬਚਨਾਂ ਦਵਾਰਾ ਹੋਰ ਪ੍ਰਗਟ ਕਰਦਾ ਹੈ ਉਸ ਕੋਲੋਂ ਕੋਈ ਪਾਪ ਵੀ ਅਸੰਭਵ ਨਹੀਂ ਹੈ, ਕਿਉਂ ਜੋ ਆਪਣੀ ਆਤਮਾ ਦਾ ਚੋਰ ਅਤੇ ਡਾਕੂ ਤਾਂ ਉਹ ਸਪੱਸ਼ਟ ਹੈ ਹੀ। ਮੈਂ ਇਸ ਸਦਨ ਦੇ ਮੈਂਬਰਾਂ ਨੂੰ ਬਨਤੀ ਕਰਦਾਂ ਹਾਂ ਕਿ ਉਹ ਆਪਣਾ ਧਿਆਨ 1929 ਦੀ ਹਿਮ ਰਿਤੂ ਵੱਲ ਲੈ ਜਾਣ ਜਦੋਂਕਿ ਲਾਹੌਰ ਵਿਚ ਰਾਵੀ ਦੇ ਕੰਢੇ ਉਤੇ ਸਰਬ ਹਿੰਦ ਕਾਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਅਤੇ ਜਦੋਂ ਹਿੰਦੂਸਤਾਨ ਲਈ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ। ਮਾਘ ਦੀ ਉਸ ਠੰਡੀ ਰਾਤ ਮੈਂ ਇਕ ਵਿਦਿਆਰਥੀ-ਵਾਲੰਟੀਅਰ ਦੇ ਰੂਪ ਵਿਚ ਉਥੇ ਮੌਜੂਦ ਸਾਂ। ਉਸਤੋਂ ਪਹਿਲੇ ਦਿਨ ਸਿੱਖਾਂ ਨੇ ਆਪਣੇ ਲੀਡਰ ਬਾਬਾ ਖੜਕ ਸਿੰਘ ਸਰਕਰਦਗੀ ਵਿਚ ਪੰਜ ਲੱਖ ਨਰ ਨਾਰੀ ਦਾ ਸ਼ਾਨਦਾਰ ਜਲਸਾ ਕੱਢਿਆ ਸੀ ਜਿਸ ਬਾਬਤ ਕਿ ਲੰਡਨ ਦ ਟਾਈਮਜ਼ ਅਖਬਾਰ ਨੇ ਲਿਖਿਆ ਸੀ ਕਿ- ਇਸ ਜਲਸੇ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ। ਉਸ ਤੋਂ ਦੂਜੇ ਦਿਨ ਮਹਾਤਮਾ ਗਾਂਧੀ ਪੰਡਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ ਬਾਬਾ ਖੜਕ ਸਿੰਘ ਜੀ ਦੇ ਨਿਵਾਸ ਅਸਥਾਨ ਚਬੁਰਜੀ ਵਿਖ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਆਜ਼ਾਦ ਹੋ ਜਾਏਗਾ ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਏਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ ਤੇ ਕਬੂਲ ਨਾ ਹੋਵੇ ਅਤੇ ਕਿਸੇ ਮਤਲਬ ਦਾ ਮਤਾ ਵੀ ਕਾਂਗਰਸ ਨੇ ਪਾਸ ਕਰ ਦਿੱਤਾ। ਉਸ ਤੋਂ ਪਿੱਛੇ ਸਨ 1947 ਤਕ ਇਸ ਮਤੇ ਦੀ ਪ੍ਰੋੜਤਾ ਕਈ ਵਾਰ ਕਾਂਗਰਸ ਨੇ ਕੀਤੀ ਅਤੇ ਸੰਨ 1950 ਤਕ ਇਸ ਮਤੇ ਨੂੰ ਕਾਂਗਰਸ ਨੇ ਅਮੰਨਾ ਨਹੀਂ ਕੀਤਾ। 1950 ਵਿਚ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉਤੇ ਅਮਲ ਕਰਨ ਤੋਂ ਸਿੱਧਾ ਤੇ ਸਾਫ ਇਨਕਾਰ ਕਰ ਦਿੱਤਾ ਗਿਆ। ਸਿੱਖ ਜਿਹੜੇ ਕਿ ਵਿਸਾਹ ਪਾਲਣ ਵਾਲੇ ਤੇ ਵਿਸ਼ਵਾਸ ਕਰਨ ਵਾਲ ਹਨ ਉਨਾਂ ਨੇ ਪੂਰੇ 20 ਸਾਲ ਕਾਂਗਰਸ ਦੇ ਵਿਸ਼ਵਾਸ ਉਤੇ ਪੂਰਾ ਭਰੋਸਾ ਰੱਖਿਆ ਅਤ ਜਦੋਂ ਵੀ ਉਨਾਂ ਨੂੰ ਅੰਗਰੇਜ਼ਾਂ ਵੱਲੋਂ ਜਾਂ ਮੁਸਲਮਾਨਾਂ ਵੱਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪਸ਼ਕਾਸ਼ ਵੀ ਹੋਈ ਉਹ ਉਨਾਂ ਨੇ ਤੁਰੰਤ ਨਾ-ਮਨਜ਼ੂਰ ਕਰ ਦਿੱਤੀ। ਇਸ ਸਮੇ ਵਿਚ ਮੁਸਲਮਾਨਾਂ ਵਲੋਂ ਤੇ ਅੰਗਰੇਜ਼ਾਂ ਵਲੋਂ ਇਕ ਤੋਂ ਵੱਧ ਵਾਰ ਸਿੱਖਾਂ ਨੂੰ ਸੁਤੰਤਰ ਰਾਜ ਆਪਣਾ ਆਜ਼ਾਦ ਦੇਸ਼ ਦੇਣ ਤਕ ਦੇ ਯਤਨ ਹੋਏ ਜਿਹੜਾ ਦੇਸ਼ ਕਿ ਦਰਿਆ ਘੱਘਰ ਤੋਂ ਲੈ ਕੇ ਚਨਾਬ ਦੇ ਕੰਡਿਆਂ ਤੱਕ ਮਿਥਿਆ ਗਿਆ ਸੀ ਪਰ ਸਿੱਖਾਂ ਨ ਇਸ ਨੂੰ ਕਬੂਲਣੋਂ ਨਾਂਹ ਕਰ ਦਿੱਤੀ। ਹੁਣ ਮੈਂ ਸੰਨ 1932 ਵਲ ਆਉਂਦਾ ਹਾਂ ਜਦੋਂ ਲੰਦਨ ਵਿਚ ਦੂਜੀ ਗੋਲ ਮੇਜ ਕਾਨਫਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ ਕਿ ਕੌਂਸਲ ਆਫ ਇੰਡੀਆ ਦੇ ਮੈਂਬਰ ਸਨ। ਉਸ ਸਮੇ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ ਸਰਦਾਰ ਬਹਾਦੂਰ ਸ਼ਿਵਦੇਵ ਸਿੰਘ ਦਵਾਰਾ ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਉਹ ਕਾਂਗਰਸ ਨਾਲੋਂ ਆਪਣਾ ਸੰਬੰਧ ਪੱਕੇ ਤੌਰ ਤੇ ਤੋੜ ਲੈਣ ਤਾਂ ਅੰਗਰੇਜ਼ ਸਿੱਖਾਂ ਨੂੰ ਪੰਜਾਬ ਅਤੇ ਹਿੰਦੂਸਤਾਨ ਵਿਚ ਇਤਨੀ ਠੋਸ ਸ਼ਕਤੀ ਦੇ ਦੇਣਗੇ ਜਿਸ ਦਵਾਰਾ ਕਿ ਜਦੋਂ ਉਹ ਹਿੰਦੂਸਤਾਨ ਨੂੰ ਆਜ਼ਾਦ ਕਰਨ ਸਿੱਖ ਹਿੰਦੂਸਤਾਨ ਦੇ ਤੀਜੇ ਭਾਈ ਵਾਲ ਬਣ ਸਕਣ। ਇਹ ਮਾਸਟਰ ਤਾਰਾ ਸਿੰਘ ਜਿਸ ਦੇ ਔਗੁਣਾ ਨੂੰ ਦਿਨ ਰਾਤ ਗਿਣਿਆ ਜਾਂਦਾ ਹੈ ਇਹ ਮਾਸਟਰ ਤਾਰਾ ਸਿੰਘ ਜਿਹੜਾ ਹੱਦ ਤੋਂ ਵੱਧ ਸਰਲ ਸੁਭਾ ਹੈ ਉਸ ਨੇ ਇਹ ਭਾਰੀ ਪੇਸ਼ਕਸ਼ ਫੌਰਨ ਨਾ ਮਨਜ਼ੂਰ ਕਰ ਦਿੱਤੀ। ਸ੍ਰੀਮਤੀ ਪ੍ਰਧਾਨ ਸਾਹਿਬ ਮੈਂ ਉਸ ਵਲ ਕੈਂਬਰਿਜ ਦੀ ਯੂਨੀਵਰਸਿਟੀ ਵਿਚ ਵਿਦਿਆਰਥੀ ਸਾਂ ਅਤੇ ਇਹ ਸਾਰੀਆਂ ਮੇਰੇ ਸਾਹਮਣੇ ਤੋਂ ਹੱਥੀ ਹੋਈਆਂ। ਹੁਣ ਤੀਜੀ ਸਾਖੀ ਸੁਣੋ। ਸੰਨ 1946 ਜੁਲਾਈ ਦੇ ਮਹੀਨੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ ਜਿਸ ਵਿਚ ਕਿ ਸਿੱਖਾਂ ਨਾਲ ਕੀਤੇ ਗਏ ਰਾਜਸੀ ਪ੍ਰਣ ਦੁਹਰਾਏ ਗਏ। 6 ਜੁਲਾਈ 1946 ਨੂੰ ਕਾਂਗਰਸ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਕ ਪ੍ਰੈਸ ਕਾਨਫਰੰਸ ਕਲਕੱਤੇ ਵਿਚ ਕੀਤੀ ਜਿਸ ਵਿਚ ਫੱਫੇ ਕੁੱਟਣੀਆਂ ਵਾਲੇ ਇਹ ਸ਼ਬਦ ਕਹੇ ਗਏ, ਪੰਜਾਬ ਦੇ ਬਹਾਦੂਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿੱਸਦੀ ਕਿ ਹਿੰਦੂਸਤਾਨ ਦ ਉਤਰ ਵਿਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਵੇ ਜਿਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ। ਇਨਾਂ ਕਾਵਯਮਈ ਸ਼ਬਦਾਂ ਨਾਲ ਸਿੱਖਾਂ ਨੂੰ ਆਜ਼ਾਦ ਭਾਰਤ ਵਿਚ ਇਕ ਸੁਤੰਤਰ ਦੇਸ਼ ਦੇਣ ਦਾ ਬਚਨ ਦਿੱਤਾ ਗਿਆ। ਚੌਥੀ ਸਾਖੀ ਇਉਂ ਹੈ ਕਿ ਸੰਨ 1946 ਦੀਆਂ ਸਰਦੀਆਂ ਵਿਚ ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਨਾਂ ਨੇ ਸਰਦਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵਲੋਂ ਇਹ ਸੁਨੇਹਾ ਦਿੱਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਦੇ ਨਾਲ ਰਲ ਕੇ ਹੀ ਰਹਿਣਾ ਚਾਹੁੰਦੇ ਹਨ ਤਾਂ ਉਨਾਂ ਸ਼ੁਭ ਇੱਛਾਂ ਦੇ ਪ੍ਰਗਟਾਵੇ ਲਈ ਜੋ ਕਿ ਅੰਗਰਜ਼ੀ ਜਾਤੀ ਦੇ ਹਿਰਦੇ ਵਿਚ ਸਿੱਖਾਂ ਲਈ ਹਨ ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸਚਤ ਕਰਨ ਲਈ ਤਿਆਰ ਹੈ ਜਿਸ ਵਿਚ ਕਿ ਉਹ ਜਿੱਥੇ ਤਕ ਸਿੱਖ ਹੋਮਲੈਂਡ ਸਿੱਖਾਂ ਦੀ ਪਿਤ੍ਰੀ ਭੂਮੀ ਅਥਵਾ ਸਿੱਖਸਤਾਨ ਦਾ ਸੰਬਧ ਹੈ ਅਰਥਾਤ ਘੱਗਰ ਤੋਂ ਚਨਾਬ ਵਿਚਲਾ ਇਲਾਕਾ ਉਥੇ ਹਿੰਦੂਸਤਾਨ ਦੀ ਤਕਸੀਮ ਹੋਣ ਪਿੱਛੋਂ ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਾਨੂੰਨ ਲਾਗੂ ਕਰ ਸਕੇ ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ। ਸ.ਬਲਦੇਵ ਸਿੰਘ ਨੇ ਝਟਪਟ ਇਹ ਸਾਰੀ ਗੱਲਬਾਤ ਨਹਿਰੂ ਜੀ ਨੂੰ ਜਾ ਦੱਸੀ ਤੇ ਉਨਾਂ ਦੀ ਸਲਾਹ ਨਾਲ ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿੱਤੀ। ਜੇ ਸਿੱਖ ਉਸ ਵੇਲੇ ਇਹ ਮੰਨ ਲੈਂਦੇ ਤਾਂ ਇਹ ਕਾਂਗਰਸ ਦੇ ਪੰਡਤ ਜਵਾਹਰ ਲਾਲ ਨਹਿਰੂ ਦਵਾਰਾ ਸੰਨ 1946 ਦੀ ਕਲਕੱਤੇ ਵਿਚ ਕੀਤੀ ਪਸ਼ਕਸ਼ ਨਾਲੋਂ

ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦਵਾਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸ਼ਾਂ ਵਿਚ ਸ਼ਕਤੀਸ਼ਾਲੀ ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਸਕਦੇ ਸਨ। ਪੰਜਵੀਂ ਗੱਲ ਇਉਂ ਹੈ ਕਿ ਸੰਨ 1947 ਅਪ੍ਰੈਲ ਦੇ ਮਹੀਨੇ ਵਿਚ ਮਿਸਟਰ ਜਿਨਾਹ ਨੇ ਬਰਾਤਨਵੀ ਸਰਕਾਰ ਦੇ ਕੁਝ ਉਘੇ ਲੀਡਰਾਂ ਨਾਲ ਸਲਾਹ ਕਰਕੇ ਸਿੱਖਾਂ ਨੂੰ ਇਹ ਇਕ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨਾਲ ਕੀਤੀ ਗਈ ਤੇ ਪਿੱਛੋਂ ਮਹਾਰਾਜਾ ਪਟਿਆਲਾ ਨਾਲ। ਪੇਸ਼ਕਸ਼ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇਕ ਸੁਤੰਤਰ ਦੇਸ਼ ਸਥਾਪਤ ਕਰਕੇ ਪਾਣਪੀਤ ਤੋਂ ਲੈ ਕ ਰਾਵੀ ਦਰਿਆ ਦੇ ਕੰਢਿਆਂ ਤੱਕ ਦੇ ਇਲਾਕੇ ਵਿਚ ਮਿਲਾ ਦਿੱਤੇ ਜਾਣ। ਇਹੋ ਦੇਸ਼ ਸਿੱਖਸਤਾਨ ਬਣ ਜਾਵੇ ਅਤੇ ਫਿਰ ਇਹ ਸਿੱਖਸਤਾਨ ਪਾਕਿਸਤਾਨ ਨਾਲ ਸੰਧੀ ਕਰਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ। ਮਾਸਟਰ ਤਾਰਾ ਸਿੰਘ ਨੇ ਤਾਂ ਇਹ ਪੇਸ਼ਕਸ਼ ਬਿਨਾਂ ਕਿਸੇ ਨਾਲ ਸਲਾਹ ਕੀਤੇ ਦੇ ਹੀ ਠੁਕਰਾ ਦਿੱਤੀ ਪਰ ਮਹਾਰਾਜਾ ਪਟਿਆਲੇ ਨੇ ਸ.ਪਟੇਲ ਤੇ ਸ੍ਰੀ ਜਵਾਹਰ ਲਾਲ ਨਹਿਰੂ ਨਾਲ ਸਲਾਹ ਕਰਕੇ ਇਸ ਨੂੰ ਰੱਦ ਕਰ ਦਿੱਤਾ। ਛੇਵੀਂ ਕੜੀ ਇਸ ਕਥਾ ਦੀ ਇਉਂ ਹੈ,

9 ਦਸੰਬਰ 1946 ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਊਐਂਟ ਅਸੈਂਬਲੀ ਦੀ ਪਹਿਲੀ ਬੈਠਕ ਦਿਲੀ ਵਿਚ ਹੋਈ ਤਾਂ ਉਸ ਸਮੇ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਪੰਡਤ ਜਵਾਹਰ ਲਾਲ ਨਹਿਰੂ ਨੇ ਪਹਿਲਾਂ ਤੇ ਬੁਨਿਆਦੀ ਮਤਾ ਪੇਸ਼ ਕੀਤਾ ਜਿਸ ਵਿਚ ਇਹ ਸ਼ਬਦ ਅੰਕਿਤ ਹਨ। ਘੱਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਅਸੀਂ ਸਾਰੇ ਸੰਸਾਰ ਦੇ ਰੂਬਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰਿਆਂ ਨੂੰ ਦਿੰਦੇ ਹਾਂ। ਇਸ ਲਈ ਇਹ ਇਕ ਪਵਿੱਤਰ ਸੌਗੰਦ ਹੈ ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।' (ਆਪਣੀ ਸਵਾਰਥ ਸਿਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆਂ ਸਹੁੰਆ ਸੌਗਦਾ ਖਾ ਲੈਣੀਆਂ ਕਾਂਗਰਸ ਲਈ ਕੋਈ ਨਵੀਂ ਗੱਲ ਨਹੀ ਜਾਪਦੀ। 16 ਮਾਰਚ ਸੰਨ 1931 ਨੂੰ ਮਹਾਤਮਾ ਗਾਂਧੀ ਗੁਰਦੁਆਰਾ ਸੀਸ ਗੰਜ ਦੇ ਇਕ ਵਿਸ਼ੇਸ਼ ਦੀਵਾਨ ਵਿਚ ਗਏ ਜਿਥੇ ਕਿ ਉਨਾਂ ਨੂੰ ਮਾਣ ਪੱਤਰ ਦਿਤਾ ਗਿਆ। ਉਨਾਂ ਕੋਲੋਂ ਪੁੱਛਗਿੱਛ ਕੀਤੀ ਗਈ ਕਿ ਜੇ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਤੋਂ ਖਿਸਕ ਗਈ ਤਾਂ ਫਿਰ ਸਿੱਖ ਕੀ ਕਰਨਗੇ। ਮਹਾਤਮਾਂ ਗਾਂਧੀ ਨੇ ਜੋ ਉਤਰ ਦਿੱਤਾ ਉਹ ਉਨਾਂ ਦੇ ਅਖਬਾਰ ਯੰਗ ਇੰਡੀਆ ਮਿਤੀ 19 ਮਾਰਚ 1931 ਵਿਚ ਛਪਿਆ ਹੋਇਆ ਹੈ ਅਤੇ ਉਸ ਵਿਚ ਇਹ ਸ਼ਬਦ ਹਨ 'ਸਰਦਾਰ ਮਧੂਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਦਾ ਪਾਲਨ ਕਰੇਗੀ ਅਤੇ ਕਦੇ ਕੋਈ ਅਜਿਹਾ ਕਦਮ ਨਹੀਂ ਚੁਕੇਗੀ ਕਿ ਜਿਸ ਨਾਲ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ। ਭਰਾਵੋ, ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾ□ਗੀ ਜਿਸ ਨੂੰ ਸਿੱਖ ਆਪੂ ਪਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ।'.ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਜਾਤੀ ਨਾਲ ਤਾਂ ਕੀ ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ..ਸਿੱਖੋ, ਭਾਈਓ ਤੇ ਭੈਣੋ ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸ਼ੰਸੇ ਛੱਡ ਦਿਓ..ਇਸ ਤੋਂ ਵੱਧ ਮੈਂ ਹੋਰ ਕੀ ਆਖਾਂ। ਪਰਮਾਤਮਾ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ ਉਨਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ। ਜਦੋਂ ਪੁੱਛਿਆ ਗਿਆ ਕਿ ਜੇ ਸਿੱਖਾਂ ਨਾਲ ਧੋਖਾ ਹੋਇਆ ਤਾਂ ਮੁਲਕ ਆਜ਼ਾਦ ਹੋਣ ਉਤੇ ਸਿੱਖ ਤਾਂ ਨਿਹੱਥਲ ਹੋ ਜਾਣਗੇ ਤੇ ਸਾਰੀ ਤਾਕਤ ਹਿੰਦੂਆਂ ਦੇ ਹੱਥ ਚਲੀ ਜਾਵੇਗੀ ਤਾਂ ਮਹਾਤਮਾ ਗਾਂਧੀ ਨੇ ਉਤਰ ਦਿੱਤਾ ਕਿ ਉਸ ਸਮੇ ਸਿੱਖਾਂ ਦਾ ਇਹ ਹੱਕ ਹੋਵਗਾ ਕਿ ਉਹ ਹੱਥ ਵਿਚ ਤਲਵਾਰ ਫੜ ਕੇ ਬਗਾਵਤ ਕਰਨ ਅਤੇ ਵਾਹਿਗੁਰੂ ਅਤੇ ਮਨੁੱਖਜਾਤੀ ਦੀ ਆਤਮਾ ਉਨਾਂ ਦੀ ਸਹਾਇਤਾ ਕਰਨਗੇ।) ਜੋ ਲੋਕ ਰੱਬ ਦੇ ਭਓ ਤੇ ਗੁਰੂ ਦੇ ਡਰ ਤੋਂ ਆਜ਼ਾਦ ਹੋ ਕੇ ਝੂਠੀਆਂ ਸਹੁੰਆਂ-ਸੁਗੰਦਾ ਰਾਜਸੀ ਪੱਧਰ ਉਤੇ ਚੁੱਕਦੇ ਹਨ ਅਤੇ ਉਨਾਂ ਦੀ ਅੰਤਮ ਗਤੀ ਦੀ ਬਾਬਤ ਮੈਂ ਕੀ ਆਖਾਂ। ਜਿਨਾਂ ਦੇ ਮਨ ਵਿਚੋਂ ਸ਼ਰਮ ਉਡ ਚੁੱਕੀ ਹੈ ਉਥੇ ਜਿਨਾਂ ਨਾਲ ਵਿਸ਼ਵਾਸਘਾਤ ਹੋਇਆ ਹੈ ਉਹ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਦੇ ਹੋਰ ਕਰ ਵੀ ਕੀ ਸਕਦੇ ਹਨ। ਸਿੱਖ ਇਸ ਸਮੇ ਗੁਰੂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦੀ ਨਵਿਰਤੀ ਲਈ ਅਰਦਾਸ ਕਰ ਰਹੇ ਹਨ। ਪਰ ਜਿਨਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ ਉਹ ਆਪਣੀ ਤਵਾਰੀਖ ਆਪ ਹੀ ਘੜ ਲੈਂਦੇ ਹਨ। ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸ-ਘਾਤ ਦੀ ਇਸ ਦੁਖਦਾਈ ਕਥਾ ਦਾ ਵਰਣਨ ਕਰ ਰਿਹਾਂ ਹਾਂ ਤਾਂ ਜੋ ਆਉਣ ਵਾਲੀਆਂ ਨਸਲਾਂ ਸਚਾਈ ਤੋਂ ਜਾਣੂ ਹੋ ਜਾਣ। ਹੁਣ ਮੈਂ ਸੱਤਵੀਂ ਸਾਖੀ ਵਲ ਆਉਂਦਾ ਹਾਂ।

12 ਮਈ 1947 ਨੂੰ ਹਿੰਦੂਸਤਾਨ ਦੇ ਗਵਰਨਰ ਜਨਰਲ ਲਾਰਡ ਮਾਊਂਬਟਨ ਪੰਡਤ ਜਵਾਹਰ ਲਾਲ ਨਹਿਰੂ ਨਵਾਬ ਲਿਆਕਤ ਅਲੀ ਖਾਂ ਅਤੇ ਸਰਦਾਰ ਬਲਦੇਵ ਸਿੰਘ ਬਰਤਾਨਵੀ ਸਰਕਾਰ ਦੇ ਸੱਦ ਉਤੇ ਲੰਦਨ ਨੂੰ ਹਵਾਈ ਜਹਾਜ਼ ਰਾਹੀਂ ਗਏ ਤਾਂ ਜੋ ਉਥੇ ਹਿੰਦੂਸਤਾਨ ਦੀ ਫਿਰਕੂ ਅੜਚਨ ਦੇ ਹਲ ਲੱਭਣ ਦਾ ਆਖਰੀ ਯਤਨ ਕੀਤਾ ਜਾਵੇ। ਜਦੋਂ ਮੁਸਲਿਮ ਲੀਗ ਤੇ ਕਾਂਗਰਸ ਵਿਚਕਾਰ ਕੋਈ ਗੱਲ ਬਾਤ ਨੇਪਰੇ ਨਾ ਚੜ ਸਕੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੰਦੂਸਤਾਨ ਨੂੰ ਵਾਪਸੀ ਰਵਾਨਗੀ ਮਿਥ ਲਈ ਤਾਂ ਬਰਤਾਨਵੀ ਸਰਕਾਰ ਦੇ ਇਕ ਪ੍ਰਮੁਖ ਨੇਤਾ ਨੇ ਸਰਦਾਰ ਬਲਦਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇਕ ਦੋ ਦਿਨ ਪਿਛੇ ਠਹਿਰ ਜਾਣ ਤੱਦ, ਅਜਿਹੇ ਪ੍ਰਬੰਧ ਸੰਭਵ ਹਨ ਜਿਨਾਂ ਦਵਾਰਾ ਕਿ ਸਿੱਖ ਆਪਣੇ ਪੈਰਾਂ ਉਤੇ ਖੜੇ ਹੋ ਕੇ ਸੰਸਾਰ ਦੀ ਤਵਾਰੀਖ ਵਿਚ ਭਾਈਵਾਲੀ ਪਾ ਸਕਣ।' ਸਰਦਾਰ ਬਲਦੇਵ ਸਿੰਘ ਨੇ ਬਿਨਾਂ ਵਿਲੰਬ ਦੇ ਅਤੇ ਸ਼੍ਰਸ਼ਟਾਚਾਰ ਦੇ ਵਿਰੁੱਧ ਇਹ ਭੇਤ ਵਾਲੀ ਗੱਲ ਝਟ ਪੰਡਤ ਨਹਿਰੂ ਨੂੰ ਜਾ ਦੱਸੀ ਅਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ ਹਿੰਦੂਸਤਾਨ ਵਾਪਸ ਆਉਣ ਲਈ, ਉਨਾਂ ਨਾਲ ਹੀ ਹਵਾਈ ਜਹਾਜ ਵਿੱਚ ਆ ਸਵਾਰ ਹੋਏ। ਵਿਦਾਇਗੀ ਵੇਲੇ ਸਰਦਾਰ ਬਲਦੇਵ ਸਿੰਘ ਨੇ ਸੰਸਾਰ ਦੇ ਪੱਤਰਕਾਰਾਂ ਦਵਾਰਾ ਬਿਨਾਂ ਨੀਤੀ ਵਿਚਾਰ ਦੇ ਇਉਂ ਦਮਗਜਾ ਮਾਰਿਆ ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ ਨਾ ਕੁਝ ਲੋਚਦੇ ਹਨ ਸਿਵਾਏ ਇਸ ਗਲ ਦੇ ਕਿ ਅੰਗਰੇਜ਼ ਬਿਸਤਰਾ ਬੋਰੀਆ ਗੋਲ ਕਰਕੇ ਹਿੰਦੂਸਤਾਨ ਨੂੰ ਛੱਡ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾਦਵਾਰਾ ਪ੍ਰਾਪਤ ਕਰਨਗੇ।' ਹੁਣ ਅੱਠਵੀਂ ਤੇ ਅੰਤਲੀ ਸਾਖੀ ਇਉਂ ਹੈ ਕਿ ਜੁਲਾਈ 1947 ਵਿਚ ਅਣਵੰਡੇ ਪੰਜਾਬ ਦੀ ਲੇਜਿਸਲਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਇਕ ਬੈਠਕ ਦਿੱਲੀ ਵਿਚ ਹੋਈ ਜਿਥੇ ਕਿ ਉਨਾਂ ਨੇ ਸਰਬ ਸੰਮਤੀ ਨਾਲ ਹਿੰਦੂਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜਤਾ ਕੀਤੀ। ਉਸ ਮਤੇ ਵਿਚ ਇਹ ਸ਼ਬਦ ਵੀ ਮੌਜੂਦ ਹਨ- ਹਿੰਦੂਸਤਾਨ ਦੀ ਵੰਡ ਤੋਂ ਪਿੱਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ ਉਸ ਵਿਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਬਾਨਣੂ ਬੰਨਿਆ ਜਾਏ।' ਇਹ ਪੰਜਾਬ ਦੇ ਉਹੋ ਹਿੰਦੂ ਹਨ ਜਿਨਾਂ ਦੀ ਕਿ ਬੁਧੀ ਨਾਲੋਂ ਉਨਾਂ ਦੀ ਕੁਚੇਸ਼ਟਾ ਵਧੇਰੇ ਪ੍ਰਬਲ ਹੈ, ਜਿਨਾਂ ਨੇ ਭਾਰਤ ਸੁਤੰਤਰ ਹੋਣ ਪਿੱਛੋਂ ਕੋਈ ਢੰਗ ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ ਜਿਸ ਦਵਾਰਾ ਕਿ ਸਿੱਖਾਂ ਨੂੰ ਹੀਣ ਬਣਾ ਕੇ ਆਪਣੇ ਅਧੀਨ ਰੱਖ ਸਕਣ। ਅੱਜ ਜਿਹੜਾ ਬਿਲ ਅਸੀਂ ਵਿਚਾਰ ਰਹੇ ਹਾਂ ਇਹ ਉਸ ਘਿਰਣਾ-ਭਰੀ ਕਥਾ ਦਾ ਹੀ ਅੰਤਮ ਅਧਿਆਏ ਹੈ, ਜਿਹੜੀ ਕਥਾ ਮੈਂ ਹੁਣ ਸੁਣਾ ਚੁੱਕਾ ਹਾਂ। ਜਦੋਂ ਸੰਨ 1950 ਵਿਚ ਸੁਤੰਤਰ ਹਿੰਦੂਸਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਅਥਵਾ ਅਕਾਲੀ ਮੈਂਬਰਾਂ ਨੇ, ਗੱਜਵੱਜ ਕੇ ਕਿਹਾ ਕਿ- ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ। ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।' ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖਰੜੇ ਉਤੇ ਦਸਤਖਤ ਕਰਨ ਤੋਂ ਉਕਾ ਹੀ ਨਾਂਹ ਕਰ ਦਿੱਤੀ ਤਾਂ ਜੋ ਸਭ ਸੰਸਾਰ ਅਤੇ ਆਉਣ ਵਾਲੀਆਂ ਨਸਲਾਂ ਸਪੱਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹਘਾਤ ਕਰਕੇ ਬਣਾਇਆ ਗਿਆ ਹੈ ਅਤੇ ਇਸ ਕਾਰਨ ਸਿੱਖਾਂ ਦੀ ਆਤਮਾ ਇਸ ਨੂੰ ਸਵੀਕਾਰ ਕਰਨ ਉਤੇ ਮਜ਼ਬੂਰ ਨਹੀਂ ਕੀਤੀ ਜਾ ਸਕਦੀ। ਸ੍ਰੀਮਤੀ ਪ੍ਰਧਾਨ ਜੀਊ, ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ, ਬੀਤ ਚੁੱਕੇ ਅਠਾਰਾਂ ਸਾਲਾਂ ਵਿਚ ਸਿੱਖਾਂ ਦੀ ਜੋ ਦੁਰਗਤੀ ਹੋਈ ਹੈ ਅਤੇ ਸਿੱਖਾਂ ਨਾਲ ਜੋ ਧੱਕੇ ਇਨਾਂ ਰਾਜਸੀ ਤੇ ਫਰੰਗੀ ਹਿੰਦੂਆਂ ਨੇ ਕੀਤੇ ਹਨ ਉਸ ਦੁੱਖ ਭਰੇ ਕਾਂਡ ਨੂੰ ਮੈਂ ਅੱਜ ਸਮੇ ਦੀ ਥੁੜ ਦੇ ਕਾਰਨ ਨਹੀਂ ਛੋਂਹਦਾ। ਕੇਵਲ ਇਨਾਂ ਦੱਸਾਗਾਂ ਕਿ ਜਦੋਂ ਸੰਨ 1954 ਵਿਚ ਮਾਸਟਰ ਤਾਰਾ ਸਿੰਘ ਨੇ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਵਾਇਆ ਕਿ ਕਾਂਗਰਸ ਤੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਹੋਏ ਤਦ ਪੰਡਤ ਜਵਾਹਰ ਲਾਲ ਨਹਿਰੂ ਨੇ ਬਿਨਾ ਝਿਜਕ ਉਤਰ ਦਿੱਤਾ ਕਿ 'ਹੁਣ ਸਮਾਂ ਬਦਲ ਗਿਆ ਹੈ।' ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਹੁਣ ਸਮਾਂ ਬਦਲ ਗਿਆ ਹੈ। ਹੁਣ ਮੈਨੂੰ ਇਸ ਬਿਲ ਉਤੇ ਥੋੜੀ ਜਿਹੀ ਟੀਕਾ ਟਿੱਪਣੀ ਕਰਨ ਦੀ ਆਗਿਆ ਦਿੱਤੀ ਜਾਵੇ। 21 ਮਾਰਚ 1966 ਨੂੰ ਗ੍ਰਹਿ ਮੰਤਰੀ ਨੇ ਸੁਪਰੀਮ ਕੋਰਟ ਦੇ ਇਕ ਜੱਜ ਦੀ ਪ੍ਰਧਾਨਗੀ ਹੇਠ ਕਮਸ਼ੀਨ ਨੀਯਤ ਕੀਤਾ ਕਿ ਪੰਜਾਬ ਦੇ ਪੰਜਾਬੀ ਤੇ ਹਿੰਦੀ ਭਾਗਾਂ ਨੂੰ ਵੱਖਰੇ-ਵੱਖਰੇ ਕਰਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਤ ਕੀਤੇ ਜਾਣ ਅਤੇ ਇਹ ਵੰਡ ਸੰਨ 1961 ਦੀ ਜਨਸੰਖਿਆਂ ਦੇ ਆਧਾਰ ਉਤੇ ਹੋਵੇ ਅਤੇ ਇਹ ਵੰਡ ਕਰਨ ਸਮੇ ਤਹਸੀਲਾਂ ਦੀਆਂ ਹੱਦਾਂ ਨਾਂ ਤੋੜੀਆਂ ਜਾਣ। ਇਨਾਂ ਤਿੰਨਾਂ ਆਦੇਸ਼ਾਂ ਦੇ ਗੁਹਜ ਰਹੱਸ ਨੂੰ ਜੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾ□ਗਾ ਕਿ ਇਨਾਂ ਦਾ ਭਾਵ ਪੰਜਾਬ ਨੂੰ ਨਿਰਬਲ ਕਰਨਾ ਅਤੇ ਸਿੱਖਾਂ ਦਾ ਲੱਕ ਤੋੜਨਾ ਸੀ। 'ਸ਼ਾਹ ਕਮੀਸ਼ਨ' ਨੇ ਇਸ ਗ੍ਰਹਜ ਰਹੱਸ ਨੂੰ ਸਮਝਣ ਵਿਚ ਅਣਗਹਿਲੀ ਨਹੀਂ ਵਿਖਾਈ। ਜਿੰਨਾਂ ਛੋਟੇ ਤੋਂ ਛੋਟਾ ਪੰਜਾਬ ਹੋ ਸਕਿਆ ਉਸ ਤੋਂ ਵੱਧ ਉਨਾਂ ਨਹੀਂ ਬਣਨ ਦਿੱਤਾ ਅਤੇ ਉਨਾਂ ਨੇ ਪੰਜਾਬ ਨੂੰ ਹੀਣਾ ਕਰਨ ਲਈ ਜੋ ਕੁਝ ਸਰ ਬਣ ਸਕਿਆ ਹੈ ਕੀਤਾ ਹੈ, ਤਾਂ ਜੋ ਪੰਜਾਬ ਦਾ ਇਲਾਕਾ ਤੇ ਹੱਕ ਖੋਹ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਜਾ ਸਕੇ। ਡਲਹੌਜੀ ਪੰਜਾਬ ਕੋਲੋਂ ਖੋਹ ਲਈ ਹੈ ਕਿ ਇਹ ਪਹਾੜੀ ਇਲਾਕਾ ਹੈ ਅਤੇ ਮੋਰਨੀ ਜਿਹੜਾ ਕਿ ਡਲਹੌਜੀ ਨਾਲੋਂ ਵੀ ਉਚੇਰਾ ਹੈ ਉਹ ਹਰਿਆਣੇ ਨੂੰ ਦੇ ਦਿੱਤਾ ਹੈ ਕਿ ਹਿੰਦੂ ਵੱਸਦੇ ਹਨ। ਇਹ ਦੁੱਖਦਾਈ ਕਥਾ ਇਉਂ ਜਾਰੀ ਹੈ ਅਤੇ ਨਵੀਆਂ ਕੜੀਆਂ ਘੜ ਕੇ ਪੰਜਾਬ ਨੂੰ ਪ੍ਰਾਧੀਨ ਤੇ ਨਿਰਬਲ ਕਰਨ ਦੇ ਭਰਪੂਰ ਜਤਨ ਕੀਤੇ ਗਏ ਹਨ। ਸਿੱਟੇ ਵਜੋਂ ਪੰਜਾਬ ਹੁਣ ਐਵੇ ਇਕ ਚੋਪੜਿਆਂ ਲਪਿਆ ਜ਼ਿਲਾ ਪ੍ਰੀਸ਼ਦ ਰਹਿ ਗਿਆ ਹੈ ਅਤੇ ਇਹ ਸਿੱਖਾਂ ਲਈ ਇਕ ਕੁਰਾਟੀਨ ਬਣਾ ਦਿੱਤਾ ਗਿਆ ਹੈ। ਦੁਖ ਦੀ ਗੱਲ ਇਹ ਹੈ ਕਿ ਇਨਾ ਪਾਪ ਕਰਮਾਂ ਦੀ ਪੂਰਤੀ ਲਈ ਦੇਸ਼ ਦੀ ਜੁਡੀਸ਼ਰੀ ਨੂੰ ਵਰਤਿਆ ਗਿਆ ਹੈ। (ਸੰਨ 1964 ਵਿਚ ਇਨਾਂ ਸਤਰਾਂ ਦਾ ਲਿਖਾਰੀ ਦਿੱਲੀ ਪਾਰਲੀਮੈਂਟ ਵਿਚ ਪਾਰਲੀਮੈਂਟਰੀ ਸੁਤੰਤਰ ਪਾਰਟੀ ਦਾ ਸੈਕਟਰੀ ਸੀ ਅਤੇ ਇਸ ਹੈਸਿਅਤ ਵਿਚ ਉਹ ਮਦਰਾਸ ਸੁਤੰਤਰ ਪਾਰਟੀ ਦੇ ਨੇਤਾ ਤੇ ਨਿਰਮਾਤਾ ਸ੍ਰੀ ਰਾਜਗੋਪਾਲਾਚਾਰੀ ਨੂੰ ਮਿਲਣ ਗਿਆ ਤਦ ਰਾਜਾ ਜੀ ਨੇ ਦੱਸਿਆ ਕਿ ਸੰਨ 1946 ਵਿਚ ਹੀ ਉਨਾਂ ਨੇ ਮਾਸਟਰ ਤਾਰਾ ਸਿੰਘ **("Dear Old Master Ji")** ਨੂੰ ਖਬਰਦਾਰ ਕਰ ਦਿੱਤਾ ਸੀ ਕਿ ਹੁਣ ਜੋ ਕੁੱਝ ਸਿੱਖ ਪ੍ਰਾਪਤ ਕਰ ਸਕਦੇ ਹਨ, ਅੰਗਰੇਜਾਂ ਤੇ ਮੁਸਲਮਾਨਾਂ ਨਾਲ ਸੁਲਹ ਸਫਾਈ ਕਰਕੇ ਲੈ ਲੈਣ, ਪਿਛੋਂ ਹਿਦੂਆਂ ਨੇ ਕੁਝ ਵੀ ਨਹੀਂ ਦੇਣਾ ਦਵਾਣਾ। ਮੈਂ ਮੁੜਨ ਉਪਰਾਂਤ ਮਾਸਟਰ ਤਾਰਾ ਸਿੰਘ ਜੀ ਕੋਲੋਂ ਇਹ ਗੱਲ ਪੁੱਛੀ ਤਾਂ ਕਹਿਣ ਲੱਗੇ, 'ਹਾਂ ਗੱਲ ਹੋਈ ਤਾਂ ਸੀ, ਪਰ ਅਸੀਂ ਸੋਚਿਆ ਕਿ ਇਉਂ ਹਿੰਦੂਆਂ ਉਤੇ ਅਸਾਡੀ ਬੇਭਰੋਸਗੀ ਪ੍ਰਗਟ ਹੋਵਗੀ ਅਤੇ ਅਸੀਂ ਚੁੱਪ ਵੱਟੀ ਰੱਖੀ।'

**ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।**
**ਬਿਖੁ ਫਲਿ ਮੀਠਾ ਚਾਰਿ ਦਿਨ ਫਿਰਿ ਹੋਵ ਤਾਤਾ ਰਾਮ।।**
**(ਸ੍ਰੀ ਗੁਰੂ ਗ੍ਰੰਥ ਸਾਹਿਬ)**

ਸ੍ਰੀਮਤੀ ਪ੍ਰਧਾਨ ਜੀਊ ਮੈਨੂੰ ਇਹ ਕਹਿਣ ਦੀ ਆਗਿਆ ਦਿਉ ਕਿ ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ ਜੋ ਪਾਪ ਸਭ ਤੋਂ ਵੱਡਾ ਕਾਂਗਰਸੀ ਹਾਕਮਾਂ ਨੇ ਕੀਤਾ ਹੈ ਉਹ ਇਹ ਹੈ ਕਿ ਉਨਾਂ ਨੇ ਨਿਯਾਲਯਾਂ ਦੇ ਉਚ-ਅਧਿਕਾਰਿਆਂ ਨੂੰ ਮਹਾਨ ਅਨਿਅਏਂ ਦੇ ਰਾਜਸੀ ਕੰਮਾਂ ਲਈ ਵਰਤਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕਾਂ ਦਾ ਭਰੋਸਾ ਅਦਾਲਾਤਾਂ ਤੋਂ ਉਠ ਗਿਆ ਹੈ। ਤਦ ਹੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨ 20 ਜੁਲਾਈ 1966 ਨੂੰ ਇਹ ਮਤਾ ਪਾਸ ਕੀਤਾ- ਸਿੱਖਾਂ ਨਾਲ ਸੰਬੰਧਤ ਮਸਲਿਆਂ ਬਾਰੇ ਜੋ ਅਦਾਲਤੀ ਜਾਂਚ ਪੜਤਾਲਾਂ ਤੇ ਰਿਪੋਰਟਾਂ ਸੁਤੰਤਰ ਭਾਰਤ ਵਿਚ ਹੋਈਆਂ ਹਨ, ਉਨਾਂ ਉਤੇ ਦੀਰਘ ਵਿਚਾਰ ਕਰਨ ਪਿੱਛੋਂ, ਇਹ ਸਿੱਟਾ ਨਿਕਲਦਾ ਹੈ ਕਿ ਆਜ਼ਾਦ ਹਿੰਦੂਸਤਾਨ ਵਿਚ ਅਦਾਲਤਾਂ ਅਤੇ ਅਦਾਲਤੀ ਕਾਰਵਾਈਆਂ ਉਤੇ ਰਾਜਸੀ ਹਿੰਦੂਆਂ ਨੇ ਅਯੋਗ ਪ੍ਰਬਾਵ ਇਸ ਪ੍ਰਕਾਰ ਪਾਏ ਹੋਏ ਹਨ ਕਿ ਸਿੱਖਾਂ ਨੂੰ ਕਿਸੇ ਅਦਾਲਤੀ ਢੰਗ ਅਤੇ ਰਾਹ ਦਵਾਰਾ ਇਨਸਾਫ ਦੀ ਉਮੀਦ ਨਹੀਂ ਰਹਿ ਗਈ।' ਮਾਨਯਵਰ ਮਹਿਲਾ ਪ੍ਰਧਾਨ ਸਾਹਿਬ, ਹੋ ਸਕਦਾ ਹੈ ਕਿ ਮੇਰੇ ਕੋਲੋਂ ਪੁੱਛਿਆ ਜਾਵੇ, ਅਤੇ ਮੈਂ ਵੇਖ ਰਿਹਾ ਹਾਂ ਕਿ ਕਈ ਭਲੇ ਅਤੇ ਸੱਜਣ ਮੈਂਬਰ ਇਸ ਸਭਾ ਵਿਚ ਬੈਠ ਹਨ ਜਿਨਾਂ ਦੇ ਮਨ ਵਿਚ ਕਈ ਇਸ ਪ੍ਰਕਾਰ ਦੇ ਪ੍ਰਸ਼ਨ ਉਠ ਰਹੇ ਹੋਣਗੇ' ਇਹ ਸਰਦਾਰ ਕਪੂਰ ਸਿੰਘ, ਸਿਆਣਾ ਬਿਆਣਾ ਹੋ ਕੇ ਸਿੱਖਾਂ ਦੀ ਗੱਲ ਲੋਕ ਸਭਾ ਵਿਚ ਕਿਉਂ ਛੇੜ ਬੈਠਾ ਹੈ ? ਸਾਡੇ ਦੇਸ਼ ਵਿਚ ਅਫਿਰਕੂ ਰਾਜ ਸਥਾਪਤ ਹੋ ਚੁੱਕਾ ਹੈ ਅਤੇ ਸਾਂਝੀਆਂ ਵੋਟਾਂ ਨਾਲ ਰਾਜ ਕਰਨ ਦਾ ਵਿਧਾਨ ਬਣ ਗਿਆ ਹੈ। ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਿਵੇ ਹੋ ਸਕਦਾ ਹੈ, ਵਿਧਾਨ ਵਿਚ ਤਾਂ ਸਿੱਖ ਹਿੰਦੂ ਦਾ ਵਿਤਕਰਾ ਮੰਨਿਆ ਹੀ ਨਹੀਂ ਗਿਆ।' ਇਨਾਂ ਪ੍ਰਸ਼ਨਾਂ ਦਾ ਉਤਰ ਮੈਂ ਸਹਿਜ ਹੀ ਦੇ ਸਕਦਾ ਹਾਂ। ਵਿਧਾਨ ਅਤੇ ਕਾਨੂੰਨ ਤਾਂ ਕਿਤਾਬਾਂ ਵਿਚ ਲਿਖੇ ਹੁੰਦੇ ਹਨ, ਪਰ ਉਨਾਂ ਉਤੇ ਜਿਸ ਢੰਗ ਨਾਲ ਅਮਲ ਕੀਤਾ ਜਾਂਦਾ ਹੈ, ਉਹ ਗੱਲ ਹੋਰ ਹੈ। ਗੱਲ ਕਹਿਣ ਦੀ ਹੋਰ ਹੁੰਦੀ ਤੇ ਕਰਨ ਦੀ ਹੋਰ, ਇਹ ਰਾਜਨੀਤੀ ਦਾ ਰਹਸੱਯ ਹੈ। ਜਿਹੜੇ ਲੋਕ ਇਸ ਪ੍ਰਕਾਰ ਦੀਆਂ ਭੁੱਲ ਭੁਲਾਣੀਆਂ ਵਿਚ ਸਿੱਖਾਂ ਨੂੰ ਪਾਉਣ ਦਾ ਯਤਨ ਕਰਦੇ ਹਨ, ਉਹ ਜਾਂ ਤਾਂ ਸਿੱਖਾਂ ਵਾਂਗ ਹੀ ਸਿੱਧੜ ਹਨ ਅਤੇ ਜਾਂ ਲੋੜ ਤੋਂ ਵਧ ਚਲਾਕ। ਮੁੰਡੂਕੋਪਨਸ਼ਿਦ ਵਿਚ ਲਿਖਿਆ ਹੈ ਕਿ ਸੰਸਾਰ ਆਤਮਾ ਦੀਆਂ ਚਾਰ ਗਤੀਆਂ ਤੋਂ ਉਤਪੰਨ ਹੁੰਦਾ ਹੈ। ਇਸ ਨੂੰ 'ਚਤਰਪਾਦ' ਕਿਹਾ ਹੈ। ਇਸ ਤਰਾਂ ਅੱਜਕਲ ਦੇ ਰਾਜ ਪਰਪੰਚ ਦੇ ਵੀ ਚਾਰ ਪੈਰ ਹਨ, ਪਾਰਲੀਮੈਂਟ, ਨੌਕਰਸ਼ਾਹੀ, ਅਦਾਲਤਾਂ ਅਤੇ ਪ੍ਰੈਸ। ਜਿਤਨਾਂ ਚਿਰ ਰਾਜ ਦੇ ਇਨਾਂ ਚਹੁੰ ਅੰਗਾਂ ਦੀ ਰੂਪ ਰੇਖਾ ਨਾ ਪਛਾਣੀ ਜਾਵੇ, ਉਤਨਾ ਚਿਰ ਹਿੰਦੁਸਤਾਨ ਵਿਚ ਸਿੱਖਾਂ ਦੀ ਦੁਖ ਭਰੀ ਯੋਜਨਾ ਦੀ ਸੋਝੀ ਨਹੀਂ ਆ ਸਕਦੀ। ਅਦਾਲਤਾਂ ਤੇ ਨੌਕਰਸ਼ਾਹੀ ਬਾਬਤ ਮੈਂ ਖੁਲ ਸੰਕੇਤ ਕਰ ਚੁੱਕਾ ਹਾਂ। ਹੁਣ ਮੈਂ ਪਾਰਲੀਮੈਂਟ ਵਲ,ਇਸ ਲੋਕ ਸਭਾ ਵਲ, ਕੁੱਝ ਇਸ਼ਾਰੇ ਕਰਦਾ ਹਾਂ। ਇਹ ਲੋਕ ਸਭਾ ਮਹਾਨ ਗੌਰਵਸ਼ਾਲੀ ਸੰਸਥਾ ਹੈ ਅਤੇ ਇਸ ਦੇ ਸਤਿਕਾਰ ਨੂੰ ਕੋਈ ਭੰਗ ਕਰਨ ਦਾ ਅਧਿਕਾਰੀ ਨਹੀਂ ਹੈ। ਪਰੰਤੂ ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਸਾਂਝੇ ਵੋਟਾਂ ਦੀ ਚੋਣ ਰਾਹੀਂ ਉਹ ਦੋ ਚਾਰ ਤੋਂ ਵੱਧ ਆਪਣੇ ਮੈਂਬਰ ਇਥੇ ਭੇਜ ਨਹੀਂ ਸਕਦੇ। ਇਹ ਦੋਹ ਚਹੁੰ ਮੈਂਬਰਾਂ ਨੂੰ ਵੀ ਖੁਲੀ ਤੇ ਨਿਰਭੈ ਹੋ ਕੇ ਗੱਲ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਪਿਛਲੇਰੇ ਮਹੀਨਿਆਂ ਵਿਚ ਹੀ ਇਹ ਵੇਖਣ ਵਿਚ ਆਇਆ ਹੈ ਕਿ ਘੱਟ ਗਿਣਤੀ ਦੇ ਮੈਂਬਰਾਂ ਨੂੰ, ਬਿਨਾਂ ਸੁਣੇ ਤ ਬਿਨਾਂ ਵਿਚਾਰੇ, ਲੋਕ ਸਭਾ ਵਿਚੋਂ ਖਾਰਜ ਕਰ ਦਿੱਤਾ ਜਾਂਦਾ ਹੈ ਅਤੇ ਪਿਛੋਂ ਵੀ ਆਪਣਾ ਦੁੱਖ ਹੋਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਅਜਿਹੀ ਲੋਕ ਸਭਾ ਦਵਾਰਾ ਸਿੱਖ ਆਪਣੇ ਦੁੱਖਾਂ ਦੀ ਨਵਿਰਤੀ ਕਿਵੇ ਕਰਨ ? ਹੁਣ ਮੈਂ ਪ੍ਰੈਸ ਦੀ ਗੱਲ ਕਰਦਾ ਹਾਂ। ਸਾਡੇ ਦੇਸ਼ ਦਾ ਪ੍ਰੈਸ ਆਜ਼ਾਦ ਹੈ ਅਤੇ ਬਹੁਤ ਹੱਦ ਤੱਕ ਨਿਰਪੱਖ ਵੀ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਸਿੱਖਾਂ ਦਾ ਸਵਾਲ ਹੋਵੇ, ਉਸ ਵੇਲੇ ਉਨਾਂ ਦਾ ਰਵੱਈਆ ਕੀ ਹੁੰਦਾ ਹੈ। ਕੁਝ ਸਾਲ ਹੋਏ ਇੰਗਲੈਂਡ ਵਿਚ ਕਈ ਅਖਬਾਰਾਂ ਦੇ ਮਾਲਕ ਲਾਰਡ ਬੀਵਰਬਰੁਕ ਦੀ ਪ੍ਰਧਾਨ ਮੰਤਰੀ ਬਾਲਡਵਿਨ ਨਾਲ ਖੜਕ ਪਈ ਸੀ ਤਦ ਬਾਲਡਵਿਨ ਨੇ ਪ੍ਰੈਸ ਬਾਰੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਕਿਹਾ ਸੀ- 'ਪ੍ਰੈਸ ਕੋਲ ਸ਼ਕਤੀ ਹੈ, ਪਰ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ। ਇਨਾਂ ਕੋਲ ਕੰਜਰਾਂ ਤੇ ਕੰਜਰੀਆਂ ਵਾਲੇ ਸਭ ਅਧਿਕਾਰ ਹਨ।' ਮੈਂ ਇਸ ਤੋਂ ਵੱਧ ਕੁਝ ਨਹੀਂ ਕਹਿੰਦਾ। ਮੈਂ ਬਹੁਤ ਕੁਝ ਕਹਿ ਚੁੱਕਾ ਹਾਂ ਜਿਸ ਨਾਲ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮਤੇ ਨੰਬਰ 2, ਜਿਹੜਾ ਕਿ 20 ਜੁਲਾਈ 1966 ਨੂੰ ਪਾਸ ਕੀਤਾ ਗਿਆ, ਦੇ ਪਿਛੋਕੜ ਦੀ, ਜਿਥੋਂ ਤਕ ਕਿ ਇਸ ਦਾ ਸੰਬੰਧ ਇਸ ਬਿਲ ਨਾਲ ਹੈ, ਸਮਝ ਪੈ ਸਕਦੀ ਹੈ। ਉਹ ਮਤਾ ਇਉਂ ਹੈ- 'ਸਿੱਖ ਨਿਸਚੈ ਕਰਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਹ ਆਪਣੀ ਪੂਰੀ ਸ਼ਕਤੀ ਨਾਲ, ਐਸੇ ਹਮਲੇ ਦਾ ਮੁਕਾਬਲਾ ਕਰਨਗੇ, ਜਿਸ ਦਾ ਭਾਵ ਸਿੱਖਾਂ ਨੂੰ ਆਜ਼ਾਦ ਹਿੰਦੁਸਤਾਨ ਵਿਚ ਘਟੀਆ ਦਰਜੇ ਦੇ ਅਤੇ ਗੌਰਵ-ਰਹਿਤ ਸ਼ਹਿਰੀ ਬਣਾ ਦੇਣਾ ਹੋਵੇ।' ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਫੌਰਨ ਚੁੱਕੇ ਜਾਣ ਤਾ ਜੋ ਸਿੱਖ ਹਿੰਦੂਸਤਾਨ ਵਿਚ, ਬਰਾਬਰ ਦੇ ਭਰਾ ਬਣ ਕੇ ਰਹਿ ਸਕਣ- (1) ਜਿਹੜੇ ਸਿੱਖ ਇਲਾਕੇ ਜਾਣ ਬੁੱਝ ਕੇ ਅਤੇ ਬਿਨ ਕਾਰਨ ਨਵੇ ਪੰਜਾਬ ਵਿਚੋਂ ਕੱਢ ਦਿੱਤੇ ਗਏ ਹਨ ਅਤੇ ਜੋੜ ਨਹੀਂ ਗਏ, ਜਿਹਾ ਕਿ, ਗੁਰਦਾਸਪੁਰ ਜ਼ਿਲੇ ਦਾ ਇਲਾਕਾ ਜਿਸ ਵਿਚ ਡਲਹੌਜ਼ੀ ਸ਼ਾਮਲ ਹੈ, ਅੰਬਾਲੇ ਦਾ ਜ਼ਿਲਾ ਸਣੇ ਚੰਡੀਗੜ, ਪੰਜੌਰ, ਕਾਲਕਾ ਤੇ ਅੰਬਾਲਾ ਸਦਰ ਦੇ ਅਤੇ ਊਨੇ ਦੀ ਸਾਰੀ ਤਹਿਸੀਲ ਅਤੇ ਨਾਲਾਗੜ ਦਾ 'ਦੇਸ਼' ਨਾਮ ਦਾ ਇਲਾਕਾ,ਸਰਸੇ ਦੀ ਤਹਿਸੀਲ, ਗੂਹਲਾ ਸਬ-ਤਹਿਸੀਲ ਸਣੇ ਟੋਹਾਣਾ ਅਤੇ ਰਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲੇ ਵਿਚ ਹਨ, ਕਰਨਾਲ ਜ਼ਿਲੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਦਾ ਗੰਗਾ ਨਗਰ ਜ਼ਿਲਾ, ਇਨਾਂ ਇਲਾਕਿਆਂ ਨੂੰ ਝੱਟ-ਪੱਟ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ ਤਾਂਕਿ ਸਾਰੇ ਨਾਲ ਲੱਗਦੇ ਸਿੱਖ ਵਸੋਂ ਦੇ ਇਲਾਕੇ ਇਕੱਠੇ ਹੋ ਕੇ, ਸੁਤੰਤਰ ਭਾਰਤ ਅੰਦਰ, ਸਿੱਖ ਹੋਮਲੈਂਡ ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ, ਜਿਸ ਵਿਚ ਸਿੱਖਾਂ ਤੇ ਸਿੱਖੀ ਦੇ ਵਿਸ਼ੇਸ਼ ਹੱਕ ਰਾਖਵੇ ਹੋਣ। (2) ਇਸ ਨਵੇ ਨਿਰਮਤ ਹੋਏ ਪੰਜਾਬ ਨੂੰ ਉਹੋ ਜਿਹੇ ਅਧਿਕਾਰ ਤੇ ਪਦਵੀ ਦਿੱਤੀ ਜਾਵੇ ਜਿਹੜੀ ਕਿ, ਸੰਨ 1950 ਵਿਚ, ਹਿੰਦੂਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਨੂੰ ਪ੍ਰਾਪਤ ਹੋਏ ਸਨ।' ਸ੍ਰੀਮਤੀ ਜੀਓ, ਮੈਂ ਹੁਣ ਆਪਣਾ ਭਾਸ਼ਨ ਸਮਾਪਤ ਕਰ ਚੁੱਕਾ ਹਾਂ। ਸਾਰੇ ਸਿੱਖਾਂ ਅਤੇ ਸਿੱਖ ਪੰਥ ਦੇ ਨਾਮ ਉਤੇ, ਜਿਨਾਂ ਦੀ ਜੱਥਬੰਦੀ ਕਿ ਸ਼੍ਰੋਮਣੀ ਅਕਾਲੀ ਦਲ ਹੈ, ਮੈਂ ਇਸ ਬਿੱਲ ਨੂੰ ਰੱਦ ਕਰਦਾ ਹਾਂ, ਇਸ ਦਾ ਵਿਰੋਧ ਕਰਦਾ ਹਾਂ, ਇਸ ਨੂੰ ਨਾਮੰਨਜੂਰ ਕਰਦਾ ਹਾਂ, ਅਤੇ ਇਸ ਬਿਲ ਦੇ ਪਿਛੇ ਜਿਹੜੀਆਂ ਭਾਵਨਾਵਾਂ ਹਨ ਉਨਾਂ ਨੂੰ ਧਿਰਕਾਰਦਾ ਹਾਂ। ਮੈਂ ਹਿੰਦ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਛੇਤੀ ਤੋਂ ਛੇਤੀ ਵਿਧਾਨਕ ਕਦਮ ਚੁੱਕੇ ਜਿਸ ਦੁਆਰਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਉਨਾਂ ਮੰਗਾਂ ਦੀ, ਜਿਨਾਂ ਦੀ ਵਿਆਖਿਆ ਕਿ ਮੈਂ ਹੁਣ ਕਰ ਚੁੱਕਾ ਹਾਂ, ਪੂਰਤੀ ਹੋਵੇ। ਮਾਨਯੋਗ ਪ੍ਰਧਾਨ ਦੇਵੀ ਜੀਓ, ਮੈਂ ਆਪਦਾ ਧੰਨਵਾਦ ਕਰਦਾ

# ਪੱਥਰ ਪਾੜ ਕੇ ਉੱਗੀ ਕਰੂੰਬਲ: ਸੰਨੀ ਹਿੰਦੁਸਤਾਨੀ



- ਮਿੰਟੂ ਬਰਾੜ ਆਸਟ੍ਰੇਲੀਆ
+ 61 434 289 905

ਅਖੀਰ ਪੱਥਰ ਪਾੜ ਕੇ ਉੱਗ ਹੀ ਆਈ 'ਸੰਨੀ ਹਿੰਦੁਸਤਾਨੀ' ਰੂਪੀ ਕਰੂੰਬਲ। ਕਰੂੰਬਲ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਹਾਲੇ ਦਰਖ਼ਤ ਬਣਨ ਲਈ ਉਸ ਦਾ ਸਫ਼ਰ ਬਹੁਤ ਲੰਮੇਰਾ ਹੈ ਅਤੇ ਹਾਲੇ ਹੋਰ ਬਹੁਤ ਤੂਫ਼ਾਨ ਰਾਹ ਰੋਕਣ ਲਈ ਤਿਆਰ ਖੜੇ ਹਨ।

ਅੱਜ ਸਾਰਾ ਬਠਿੰਡਾ ਤਾਂ ਕੀ ਪੂਰਾ ਪੰਜਾਬ ਹੀ ਨਹੀਂ, ਪੂਰਾ ਹਿੰਦੁਸਤਾਨ ਹੀ ਸੰਨੀ ਦੀ ਇਸ ਜਿੱਤ 'ਤੇ ਖੀਵਾ ਹੋਇਆ ਫਿਰਦਾ ਹੈ। ਪਿਛਲੇ ਵਰੇ ਤੱਕ ਹਿੰਦੁਸਤਾਨ ਅਤੇ ਪੰਜਾਬ ਨੂੰ ਤਾਂ ਛੱਡੋ 'ਸਾਡਾ ਆਪਣਾ ਸੰਨੀ' ਕਹਿਣ ਵਾਲੇ ਬਠਿੰਡੇ ਦੇ ਲੋਕਾਂ ਦੀ ਉਸ ਨਾਲ ਸਿਰਫ਼ ਏਨੀ ਕੁ ਸਾਂਝ ਹੋਵੇਗੀ ਕਿ ਜਦੋਂ ਉਹ ਬੂਟ ਪਾਲਿਸ਼ ਕਰਨ ਲਈ ਉਨਾਂ ਨੂੰ ਅਰਜ਼ ਕਰਦਾ ਹੋਵੇਗਾ ਕਿ 'ਬਾਬੂ ਜੀ ਬੂਟ ਪਾਲਿਸ਼ ਕਰਵਾ ਲਵੋ ਬਹੁਤ ਸੋਹਣੇ ਬਣਾ ਦੇਵਾਂਗਾ' ਤਾਂ ਮੂਹਰੋਂ 'ਚੱਲ-ਚੱਲ ਅੱਗੇ ਜਾ ਮੈਂ ਨਹੀਂ ਕਰਵਾਉਣੇ ਪਾਲਿਸ਼।' ਜਾ ਫੇਰ 'ਮੈਂ ਤਾਂ ਪੰਜ ਨਹੀਂ ਤਿੰਨ ਦੇਵਾਂਗਾ ਕਰਨੇ ਆ ਕਰ ਨਹੀਂ ਜਾ ਅਗਾਂਹ ਤੁਰਦਾ ਹੋ।' ਇਹ ਗੱਲ ਮੈਂ ਕੋਈ ਅੰਦਾਜ਼ੇ ਨਾਲ ਨਹੀਂ ਲਿਖ ਰਿਹਾ ਹਾਂ ਇਹ ਇਕ ਜ਼ਮੀਨੀ ਸਚਾਈ ਹੈ। ਲੱਖਾਂ-ਪਤੀ ਅਕਸਰ ਰਿਕਸ਼ੇ ਵਾਲੇ ਤੋਂ ਲੈ ਕਿ ਇਹੋ-ਜਿਹੇ ਹੋਰ ਗ਼ਰੀਬਾਂ ਨਾਲ ਇਕ-ਇਕ ਰੁਪਈਏ ਦੀ ਤੋੜ-ਭੰਨ ਕਰਦੇ ਤੁਸੀਂ ਅਕਸਰ ਦੇਖੇ ਹੋਣਗੇ।

ਮੇਰੇ ਜੀਵਨ ਦਾ ਵੱਡਾ ਹਿੱਸਾ ਬਠਿੰਡੇ 'ਚ ਬੀਤਿਆ ਸੋ ਬਹੁਤ ਨੇੜੇ ਤੋਂ ਜਾਣਦਾ ਹਾਂ ਬਠਿੰਡੇ ਬਾਰੇ। ਪਰ ਕੱਲ ਜਦੋਂ ਸੰਨੀ ਜਿੱਤਿਆ ਤਾਂ ਮੈਂ ਆਪਣੇ ਭੂਆ ਦੇ ਪੁੱਤ ਮਨਜਿੰਦਰ ਸਿੰਘ ਧਾਲੀਵਾਲ ਨੂੰ ਫ਼ੋਨ ਲਾ ਲਿਆ। ਸਿਰਫ਼ ਇਹ ਜਾਣਨ ਲਈ ਕਿ ਜ਼ਮੀਨੀ ਪੱਧਰ ਤੇ ਕੀ ਚੱਲ ਰਿਹਾ ਹੈ ਸੰਨੀ ਦੇ ਜਿੱਤਣ 'ਤੇ! ਉਹ ਕਹਿੰਦੇ ਯਾਰ ਕਮਾਲ ਕਰ ਦਿੱਤੀ ਮੁੰਡੇ ਨੇ, ਹਾਲੇ ਕਲ ਪਰਸੋਂ ਦੀ ਗੱਲ ਹੈ ਸਾਡੇ ਕੋਲ ਗੈਸ ਏਜੰਸੀ ਤੇ ਆਉਂਦਾ ਹੁੰਦਾ ਸੀ ਅਤੇ ਮੇਰੇ ਅਤੇ ਦਰਸ਼ਨ ਦੋਨਾਂ ਦੇ ਬੂਟ ਪਾਲਿਸ਼ ਕਰਨ ਦਾ ਅਸੀਂ ਉਸ ਨਾਲ ਪੱਕਾ ਠੇਕਾ ਪੰਜ ਰੁਪਿਆਂ 'ਚ ਮੁਕਾਇਆ ਹੋਇਆ ਸੀ। ਇਸ ਤਰਾਂ ਦੇ ਕਿੱਸੇ ਅੱਜ ਬਹੁਤ ਸਾਰੇ ਬਠਿੰਡਾ ਨਿਵਾਸੀਆਂ ਦੇ ਮੂੰਹ ਤੇ ਹਨ।

ਪਰ ਸੱਚ ਇਹ ਹੈ ਕਿ ਅੱਜ ਤੋਂ ਪਹਿਲਾਂ ਕਦੇ ਵੀ ਸੰਨੀ ਜਾਂ ਗ਼ੁਬਾਰੇ ਵੇਚਦੀ ਉਸ ਦੀ ਮਾਂ ਅਤੇ ਭੈਣ ਬਾਰੇ ਉਹ ਵਿਚਾਰ ਅਤੇ ਸਤਿਕਾਰ ਕਿਸੇ ਦੇ ਮਨ ਵਿਚ ਨਹੀਂ ਹੋਵੇਗਾ ਜੋ ਅੱਜ ਬਣਿਆ। ਸੋਚ ਕੇ ਦੇਖੋ ਕਿ ਜਦੋਂ ਇਕ ਲਾਲ ਬੱਤੀਆਂ ਤੇ ਖੜੀ ਕਾਰ ਦਾ ਸ਼ੀਸ਼ਾ ਕੋਈ ਗ਼ੁਬਾਰੇ ਵੇਚਣ ਵਾਲੀ ਮਾਂ ਜਾਂ ਭੈਣ ਖੜਕਾਉਂਦੀ ਹੋਵੇਗੀ ਤਾਂ ਮਾਫ਼ੀ ਚਾਹੁੰਦਾ ਹਾਂ ਕਿ ਉਨਾਂ ਨੂੰ ਸਿਰਫ਼ ਦੋ ਹੀ ਕਿਸਮ ਦੀਆਂ ਨਜ਼ਰਾਂ ਅੱਗੋਂ ਮਿਲਦੀਆਂ ਹੋਣਗੀਆਂ। ਇਕ ਤਾਂ ਗ਼ੁਸੈਲੀਆਂ ਅੱਖਾਂ ਜੋ ਇਹ ਕਹਿ ਰਹੀਆਂ ਹੁੰਦੀਆਂ ਹਨ ਕਿ ਚੱਲ ਪਰੇ ਸਵੇਰੇ-ਸਵੇਰੇ ਗੰਦੇ ਹੱਥ ਮੇਰੀ ਕਾਰ ਨੂੰ ਨਾਂ ਲਾ, ਜਾ ਐਵੇਂ ਦਿਮਾਗ਼ ਨਾ ਚੱਟ। ਦੂਜੀਆਂ ਉਹ ਹਵਸ ਭਰੀਆਂ ਨਜ਼ਰਾਂ ਜੋ ਗ਼ਰੀਬੀ 'ਚੋਂ ਝਲਕ ਰਹੇ ਪਿੰਡੇ ਦਾ ਨਾਪ ਲੈਂਦੀਆਂ ਤੇ ਖਚਰੀ ਜਿਹੀ ਹਾਸੀ ਹੱਸਦਿਆਂ ਹੁੰਦੀਆਂ।

ਅੱਜ ਤੱਕ ਬਹੁਤ ਸਾਰੇ ਲੋਕ ਹੋਣਗੇ ਜੋ ਉਨਾਂ ਨਾਲ ਦੋਹਰੇ ਮਤਲਬ ਵਾਲਿਆਂ ਟੁੱਚੀਆਂ ਜਿਹੀਆਂ ਗੱਲਾਂ ਕਰ ਕੇ ਆਪਣਾ ਅਤੇ ਆਪਣੇ ਸਾਥੀਆਂ ਦਾ ਮਨ ਪਰਚਾਵਾ ਕਰਦੇ ਹੋਣਗੇ। ਪਰ ਅੱਜ ਉਨਾਂ ਹੀ ਲੋਕਾਂ ਨੂੰ ਸੰਨੀ 'ਆਪਣਾ', ਉਸ ਦੀ ਮਾਂ 'ਮਹਾਨ' ਔਰਤ ਅਤੇ ਉਸ ਦੀਆਂ ਭੈਣਾਂ ਬਹੁਤ 'ਕਿਸਮਤ' ਵਾਲੀਆਂ ਮਹਿਸੂਸ ਹੋ ਰਹੀਆਂ ਹੋਣਗੀਆਂ।

ਜਿਹੜੇ ਬਠਿੰਡੇ 'ਚ ਸੰਨੀ ਨੂੰ ਆਪਣਾ ਬੂਟ ਪਾਲਿਸ਼ ਵਾਲਾ ਡੱਬਾ ਰੱਖਣ ਨੂੰ ਥਾਂ ਨਹੀਂ ਮਿਲਦੀ ਸੀ ਉਸ ਦੀ ਮਿਹਨਤ ਰੰਗ ਲਿਆਈ, ਉਸ ਦੀ ਕਿਸਮਤ ਨੇ ਸਾਥ ਦਿੱਤਾ ਅਤੇ ਅੱਜ ਸਾਰਾ ਬਠਿੰਡਾ ਵੱਡੇ-ਵੱਡੇ ਹੋਰਡਿੰਗਜ਼ ਨਾਲ ਭਰਿਆ ਪਿਆ ਹੈ। ਹਰ ਕੋਈ ਕਾਹਲਾ ਹੋਇਆ ਫਿਰਦਾ ਉਸ ਦੇ ਸਵਾਗਤ ਲਈ। ਲੋਕਾਂ ਤੋਂ ਵੀ ਕਾਹਲਾ ਉਸ ਦਾ ਭਵਿੱਖ ਦਿਖਾਈ ਦੇ ਰਿਹਾ।

ਸੰਨੀ ਨੇ 'ਬਾਬਾ ਨਜ਼ਮੀ' ਦੇ ਇਸ ਸ਼ੇਅਰ ਨੂੰ ਪੁਖ਼ਤਾ ਕਰ ਦਿੱਤਾ ਹੈ ਕਿ

"ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ
ਤੇ ਮੰਜ਼ਿਲ ਦੇ ਮੱਥੇ ਦੇ ਉੱਤੇ ਤਖ਼ਤੀ ਲਗਦੀ ਉਨਾਂ ਦੀ
ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ।"

ਛੋਟੀ ਉਮਰੇ ਬਾਪ ਦਾ ਸਾਇਆ ਸਿਰ ਤੋਂ ਉੱਠ ਜਾਣਾ,




ਘਰ ਵਿਕ ਜਾਣਾ, ਮਾਂ ਅਤੇ ਭੈਣਾਂ ਦਾ ਗ਼ੁਬਾਰੇ ਵੇਚਣਾ ਅਤੇ ਫਿਰ ਘਰ ਦਾ ਭਾਰ ਚੁੱਕਣ ਲਈ ਖ਼ੁਦ ਬੂਟ ਪਾਲਿਸ਼ ਕਰਦਿਆਂ ਵੀ ਆਪਣਾ ਸ਼ੌਕ ਨਾ ਮਰਨ ਦੇਣਾ, ਕਿਸੇ ਸਾਧਾਰਨ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ। ਸੰਨੀ ਨੇ ਝੁਠਲਾ ਦਿੱਤਾ ਉਨਾਂ ਲੋਕਾਂ ਨੂੰ ਜੋ ਸ਼ਿਕਵੇ ਕਰਦੇ ਹਨ ਕਿ ਗ਼ਰੀਬੀ ਮਾਰ ਗਈ, ਮਾਂ ਬਾਪ ਅਨਪੜ ਸਨ ਇਸ ਲਈ ਕੁਝ ਨਾ ਬਣ ਸਕਿਆ, ਵਧੀਆ ਸਕੂਲ 'ਚ ਨਾ ਪੜਨ ਕਾਰਨ ਅੱਗੇ ਨਹੀਂ ਵੱਧ ਸਕਿਆ, ਆਲਾ ਦੁਆਲੇ ਚੰਗਾ ਮਹੌਲ ਨਹੀਂ ਸੀ ਅਤੇ ਸਭ ਤੋਂ ਵੱਡੀ ਗੱਲ ਕੋਈ ਉਸਤਾਦ ਨਹੀਂ ਮਿਲਿਆ ਸਿਖਾਉਣ ਲਈ।

ਜਦੋਂ ਦਾ ਸੰਨੀ ਚਕਾਚੌਂਧ ਦੀ ਦੁਨੀਆ 'ਚ ਆਇਆ ਉਸ ਦਿਨ ਤੋਂ ਲੈ ਕੇ ਉਸ ਦੇ ਜਿੱਤਣ ਤੋਂ ਬਾਅਦ ਦੇ ਬਿਆਨ ਸੁਣ ਕੇ ਕੀ ਕੋਈ ਕਹਿ ਸਕਦਾ ਕਿ ਇਹ ਮੁੰਡਾ ਸਿਰਫ਼ ਛੇ ਪੜਿਆ? ਉਸ ਦੀ ਲਿਆਕਤ, ਗ਼ਰੀਬੀ ਦੇ ਥਪੇੜਿਆਂ 'ਚੋਂ ਪੈਦਾ ਹੋਈ ਹੈ। ਉਹ ਆਪਣੇ ਆਪ ਨੂੰ ਮਹਾਨ (ਲੈਜੈਂਡ) ਨਹੀਂ ਕਹਿੰਦਾ, ਭਾਵੇਂ ਚੈਨਲ ਵਾਲੇ ਬਾਰ-ਬਾਰ ਉਸ ਦੇ ਗ਼ਰੀਬੀ 'ਚੋਂ ਉੱਠੇ ਹੋਣ ਦੀ ਹਮਦਰਦੀ ਲੈਣ ਦਾ ਮਾਹੌਲ ਬਣਾਉਂਦੇ ਰਹੇ ਹਨ। ਇੱਥੇ ਜ਼ਿਕਰਯੋਗ ਹੈ ਕਿ ਇਹ ਕਿ ਮੁੱਢ ਤੋਂ ਮਨੋਰੰਜਨ ਦੀ ਦੁਨੀਆ ਇਸ ਜਜ਼ਬਾਤੀ ਹਥਿਆਰ ਨੂੰ ਵੱਡੇ ਪੱਧਰ ਤੇ ਭੁਨਾਉਂਦੀ ਰਹੀ ਹੈ। ਕੁਝ ਗੱਲ ਹੁੰਦੀ ਹੈ ਬਾਕੀ ਬਣਾ ਕੇ ਪੇਸ਼ ਕਰਨ 'ਚ ਮਾਹਿਰ ਰਹੀ ਹੈ। ਪਰ ਸੰਨੀ ਨੇ ਜਦ ਵੀ ਗੱਲ ਕੀਤੀ ਹੈ ਤਾਂ ਸ਼ਿਕਵੇ ਨਹੀਂ ਕੀਤੇ, ਉਸ ਨੇ ਸਿਰਫ਼ ਏਨਾ ਕਿਹਾ ਹੈ ਕਿ ਮੈਂ ਜ਼ਿੰਦਗੀ 'ਚ ਆਪਣੇ ਸੁਪਨੇ ਪੂਰੇ ਕਰਨੇ ਸਨ ਸੋ ਇਸ ਲਈ ਕੋਈ ਵੀ ਕੰਮ ਕਰ ਸਕਦਾ ਸੀ ਤੇ ਕਰ ਸਕਦਾ ਹਾਂ। ਜਿੱਥੇ ਸੰਨੀ ਦੀ ਕਲਾ 'ਚ ਪਰਪੱਕਤਾ ਦਿਖਾਈ ਦੇ ਰਹੀ ਹੈ ਉੱਥੇ ਉਹ ਆਪਣੀ ਉਮਰ ਨਾਲੋਂ ਕਿਤੇ ਸਮਝਦਾਰ ਦਿਖਾਈ ਦੇ ਰਿਹਾ ਹੈ।

ਹੁਣ ਗੱਲ ਕਰਦੇ ਹਾਂ ਇਸ ਕਰੂੰਬਲ ਦੇ ਦਰਖ਼ਤ ਬਣਨ ਦੇ ਸਫ਼ਰ 'ਚ ਆਉਣ ਵਾਲੇ ਤੂਫ਼ਾਨਾਂ ਦੀ। ਕਈ ਪੱਖ ਵਿਚਾਰਨਯੋਗ ਹਨ। ਸਫਲਤਾ ਦਾ ਨਸ਼ਾ, ਚੱਕਾ ਚੌਂਧ ਦੀ ਜ਼ਿੰਦਗੀ, ਮਾਇਆ ਦਾ ਜਾਲ, ਵਾਹ ਜੀ ਵਾਹ ਸੁਣਨ ਦੀ ਆਦਤ, ਮੌਕਾਪ੍ਰਸਤ ਲੋਕ ਅਤੇ ਸਲਾਹਕਾਰ ਆਦਿ। ਇਹਨਾਂ ਗੱਲਾਂ ਤੋਂ ਬਚਨ ਦੇ ਨੁਕਤੇ ਸਾਡੀਆਂ ਪ੍ਰਚਲਿਤ ਕਹਾਵਤਾਂ 'ਚੋਂ ਬੜੇ ਸੁਖਾਲੇ ਲੱਭੇ ਜਾ ਸਕਦੇ ਹਨ। ਜਿਹੜੀ ਗ਼ਰੀਬੀ ਉਸ ਲਈ ਪੱਥਰ ਪਾੜਨ ਦੀ ਪ੍ਰੇਰਨਾ ਬਣੀ ਹੁਣ ਅਚਾਨਕ ਜਦੋਂ ਅਮੀਰੀ ਵਿਚ ਤਬਦੀਲ ਹੋਵੇਗੀ ਤਾਂ ਬੱਸ ਉਹੀ ਖ਼ਤਰਾ ਸਿਰ ਤੇ ਮੰਡਰਾਉਣਾ ਜੋ ਇਕ ਬੱਚੇ ਨੂੰ ਗਰਮ-ਸਰਦ ਹੋਣ ਦਾ ਹੁੰਦਾ ਹੈ। ਭਰ ਜੋਬਨ ਗਰਮੀ 'ਚ ਜੂਝਦੇ ਨੂੰ ਬਰਫ਼ ਵਾਲੇ ਠੰਢੇ ਪਾਣੀ ਨਾਲ ਇਕ ਬਾਰ ਰਾਹਤ ਤਾਂ ਜ਼ਰੂਰ ਮਿਲਦੀ ਹੈ ਪਰ ਸਰੀਰ ਦੇ ਗਰਮ-ਸਰਦ ਹੋਣ ਦਾ ਖ਼ਤਰਾ ਵੀ ਬਹੁਤ ਹੁੰਦਾ ਹੈ। ਯਾਰੀ ਤੇ ਸਰਦਾਰੀ ਕਿਸੇ-ਕਿਸੇ ਨੂੰ ਰਾਸ ਆਉਂਦੀ ਹੈ। ਕਹਿੰਦੇ ਹਨ ਕਿ ਜਦੋਂ ਸਫਲਤਾ ਸਿਰ ਚੜ ਬੋਲਦੀ ਹੈ ਤਾਂ ਬੰਦਾ ਆਰਾਮ-ਪ੍ਰਸਤ ਹੋ ਹੀ ਜਾਂਦਾ। ਪਰ ਯਾਦ ਰੱਖਣ ਵਾਲੀ ਇਕ ਰੂਸੀ ਕਹਾਵਤ ਹੈ ਕਿ "ਸਫਲਤਾ ਅਤੇ ਆਰਾਮ ਕਦੇ ਇਕੱਠੇ ਨਹੀਂ ਸੌਂਦੇ।"

ਜਿਵੇਂ ਮਾੜੇ ਦੀ ਜ਼ਨਾਨੀ ਹਰ ਇਕ ਦੀ ਭਾਬੀ ਹੁੰਦੀ ਹੈ ਓਵੇਂ ਤਕੜੇ ਨੂੰ ਵੀ ਹਰ ਕੋਈ ਆਪਣਾ ਰਿਸ਼ਤੇਦਾਰ ਕਹਿਣ ਲੱਗ ਜਾਂਦਾ ਹੈ। ਅੱਜ ਸੰਨੀ ਨਾਲ ਆਪਣੀਆਂ ਫ਼ੋਟੋਆਂ ਵਾਲੇ ਹੋਰਡਿੰਗ ਲਾਉਣ ਵਾਲਿਆਂ 'ਚੋਂ ਕਈਆਂ ਨੇ ਸੰਨੀ ਨੂੰ ਉਸ ਦੇ ਸੰਘਰਸ਼ ਦੇ ਵਕਤ 'ਚ ਆਪਣੇ ਥੜੇ ਨਹੀਂ ਚੜਣ ਦਿੱਤਾ ਹੋਣਾ। ਹੁਣ ਕਈ ਉਸ ਨਾਲ ਅਗਾਊਂ ਇਕਰਾਰਨਾਮੇ ਲਿਖਾਈ ਫਿਰਦੇ ਹੋਣਗੇ।

ਮੁੱਕਦੀ ਗੱਲ ਇਸ ਤੋਂ ਅੱਗੇ ਦਾ ਸਫ਼ਰ ਸੰਨੀ ਲਈ ਹੋਰ ਚੁਣੌਤੀਆਂ ਭਰਿਆ ਹੋਵੇਗਾ। ਅਸਲੀ ਪਰਖ ਹੁਣ ਹੋਵੇਗੀ। ਸੰਨੀ ਨੂੰ ਇਕ ਗੱਲ ਆਪਣੇ ਧਿਆਨ 'ਚ ਜ਼ਰੂਰ ਰੱਖਣੀ ਚਾਹੀਦੀ ਹੈ ਕਿ ਉਸ ਤੋਂ ਪਹਿਲਾਂ ਵੀ 'ਦਸ' ਹੋਰ ਜਣੇ ਇਹ ਖ਼ਿਤਾਬ ਜਿੱਤ ਚੁੱਕੇ ਹਨ। ਪਰ ਕੁਝ ਕੁ ਦਿਨਾਂ ਦੀ ਚਕਾਚੌਂਧ ਤੋਂ ਬਾਅਦ ਕੁਝ ਜ਼ਿਆਦਾ ਨਹੀਂ ਸੁਣਿਆ ਉਨਾਂ ਬਾਰੇ। ਨੇੜੇ ਤੋਂ ਜਾਨੋਂ ਉਨਾਂ ਬਾਰੇ ਕਿ ਕੀ-ਕੀ ਗ਼ਲਤੀਆਂ ਕੀਤੀਆਂ ਉਨਾਂ ਨੇ ਤੇ ਬਚੋ ਜਿਨਾਂ ਬਚ ਸਕਦੇ ਹੋ।

ਆਖ਼ਿਰ 'ਚ ਇਹੀ ਕਹਾਂਗਾ ਕਿ ਸੰਨੀ ਦੀ ਇਹ ਸਫਲਤਾ ਬਹੁਤ ਸਾਰੇ ਨੌਜਵਾਨਾਂ ਲਈ ਜਿੱਥੇ ਪ੍ਰੇਰਨਾ ਸਰੋਤ ਬਣੇਗੀ, ਓਥੇ ਅਮੀਰੀ ਦੇ ਨਸ਼ੇ 'ਚ ਚੂਰ ਅਮੀਰਾਂ ਨੂੰ ਗ਼ੁਰਬਤ 'ਚ ਰਹਿਣ ਵਾਲੇ ਲੋਕਾਂ ਪ੍ਰਤੀ ਆਪਣਾ ਨਜ਼ਰੀਆ ਬਦਲਣ 'ਚ ਵੀ ਸਹਾਈ ਹੋਵੇਗੀ।

ਪਰ ਇੱਥੇ ਮੈਂ ਨੌਜਵਾਨਾਂ ਨੂੰ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸੰਨੀ ਭਾਵੇਂ ਇਕ ਗਾਇਕ ਦੇ ਤੌਰ ਤੇ ਕਾਮਯਾਬ ਹੋਇਆ ਹੈ ਕਿਓਂਕਿ ਉਸ ਕੋਲ ਇਕ ਚੰਗਾ ਗਲ਼ਾ ਤੇ ਜਮਾਂਦਰੂ ਦਾਤ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਸਾਰੇ ਗਾਉਣ ਦੀ ਕੋਸ਼ਿਸ਼ 'ਚ ਲੱਗ ਜਾਓ ਉਹ ਤਾਂ ਪਹਿਲਾਂ ਹੀ ਇਕ-ਇੱਕ ਇੱਟ ਤੇ ਅਣਗਿਣਤ ਗਾਇਕ ਬੈਠੇ ਹਨ। ਅਕਾਲ ਪੁਰਖ ਨੇ ਹਰ ਇਕ ਨੂੰ ਕੁਝ ਖ਼ਾਸ ਦਿੱਤਾ ਹੈ, ਬੱਸ ਲੋੜ ਹੈ ਆਪਣੀ ਕਾਬਲੀਅਤ ਪਛਾਣਨ ਦੀ, ਉਸ ਨੂੰ ਆਪਣਾ ਸ਼ੌਕ ਬਣਾਉਣ ਦੀ ਅਤੇ ਉਸ ਸ਼ੌਕ ਨੂੰ ਜਨੂਨ 'ਚ ਬਦਲ ਕੇ ਆਪਣੇ ਸੁਪਨੇ ਪੂਰੇ ਕਰਨ ਦੀ।

ਸੰਨੀ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਸ ਨੂੰ ਤੇ ਉਸ ਦੇ ਪਰਵਾਰ ਨੂੰ ਢੇਰ ਸਾਰੀ ਵਧਾਈ ਦਿੰਦਾ ਹਾਂ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




Put my knowledge, Service, experience and professionalism to work for you.



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦਰਸ਼ਨ : ਅਜੋਕੇ ਵਿਸ਼ਵ ਵਰਤਾਰੇ ਦਾ ਸੰਦੇਸ਼

**- ਡਾ. ਅੰਮ੍ਰਿਤਪਾਲ ਕੌਰ**

ਵਰਤਮਾਨ ਸਮੇਂ ਮਨੁੱਖ ਸਾਮਾਜਿਕ ਅਤੇ ਸਭਿਆਚਾਰ ਤੌਰ ਤੇ ਵਿਕਸਤ ਹੋ ਚੁੱਕਾ ਹੈ। ਗਿਆਨ ਵਿਗਿਆਨ ਸੂਚਨਾ ਪ੍ਰਸਾਰ ਨੇ ਮਨੁੱਖ ਨੂੰ ਸਹੂਲਤਾਂ, ਸਾਧਨ ਸ਼ਕਤੀਆਂ ਅਤੇ ਸਮਰੱਥਾਵਾਂ ਸਹਿਤ ਜਿਉਣ ਦੀ ਚਾਹਤ ਦਿੱਤੀ ਹੈ ਜਿਸ ਕਰਕੇ ਮਨੁੱਖ ਦਾ ਰਿਸ਼ਤਾ ਪ੍ਰਕਿਰਤੀ ਨਾਲ ਬ੍ਰਹਿਮੰਡ ਨਾਲ ਦੇਸ਼ ਨਾਲ ਵਿਦੇਸ਼ ਨਾਲ ਗਲੋਬਲੀ ਪੱਧਰ ਤੇ ਬਹੁਪਾਸਾਰੀ ਰੂਪ ਗ੍ਰਹਿਣ ਕਰ ਚੁੱਕਾ ਹੈ। ਰਾਜਨੀਤਕ, ਸਮਾਜਿਕ, ਸਭਿਆਚਾਰਕ ਪੱਧਰ ਤੇ ਧਰਮ, ਵਰਗ, ਜਾਤ, ਨਸਲ, ਭਾਸ਼ਾ ਅਤੇ ਤਾਕਤ ਨੇ ਵਿਭਿੰਨ ਪਹਿਲੂਆਂ ਤੋਂ ਵਿਸ਼ਵ ਪੱਧਰ ਤੇ ਵਿਕਰਾਲ ਰੂਪ ਗ੍ਰਹਿਣ ਕੀਤਾ ਹੈ। ਹਰ ਵੱਡਾ ਦੇਸ਼ ਛੋਟੇ ਦੇਸ਼ ਨੂੰ ਨਿਗਲਨਾ ਚਾਹੁੰਦਾ ਹੈ, ਹਰ ਵੱਡੀ ਤਾਕਤ ਛੋਟੀ ਤਾਕਤ ਨੂੰ ਅਧੀਨ ਕਰਨਾ ਚਾਹੁੰਦੀ ਹੈ। ਲੋਕ ਮਨੁੱਖਤਾ ਨੂੰ ਭੁੱਲ ਕੇ ਧੜੇਬੰਦੀ ਨੂੰ ਜੀਵਨ ਦਾ ਆਧਾਰ ਸਮਝ ਰਹੇ ਹਨ। ਦੁਨਿਆਵੀ ਪੱਧਰ ਤੇ ਮਨੁੱਖ ਵਲੋਂ ਅਰਜਿਤ ਕੀਤੀ ਸ਼ਕਤੀ ਨੇ ਉਸ ਵਿਚਲੀਆਂ ਤ੍ਰਿਸ਼ਨਾਵਾਂ, ਲਾਲਸਾਵਾਂ, ਇੱਛਾਵਾਂ ਤੇ ਲੋੜਾਂ ਵਿਚ ਗਿਣਾਤਮਕ ਅਤੇ ਗੁਣਾਤਮਕ ਵਾਧਾ ਕੀਤਾ ਹੈ। ਇਸ ਦੀ ਤੀਬਰਤਮ ਚਾਹਤ ਵਿਚ ਮਨੁੱਖ ਨੈਤਿਕ ਅਤੇ ਸਦਾਚਾਰਕ ਆਚਰਨ ਤੋਂ ਤਾਂ ਡਿੱਗਿਆ ਹੀ ਹੈ, ਉਸ ਦੇ ਨਾਲ ਹੀ ਅਪਣਾਈ ਗਈ ਤੇਜ਼ ਜੀਵਨ ਸ਼ੈਲੀ ਨੇ ਉਸ ਨੂੰ ਅੰਦਰੋਂ ਬੌਣਾ ਬਣਾ ਦਿੱਤਾ ਹੈ। ਬਿਲਕੁਲ ਅਜਿਹੇ ਹੀ ਹਾਲਾਤ ਪੰਦਰਵੀਂ ਸਦੀ ਵਿਚ ਭਾਰਤ ਦੀ ਰਾਜਨੀਤਕ, ਸਾਮਾਜਿਕ, ਆਰਥਿਕ, ਧਾਰਮਿਕ ਸਥਿਤੀ ਦੇ ਸਨ। ਉਸ ਸਮੇਂ ਗੁਰੂ ਨਾਨਕ ਸਾਹਿਬ ਨੇ ਸਮੂਹ ਲੋਕਾਈ ਨੂੰ ਇਕ ਸਾਂਝ, ਬਰਾਬਰੀ ਅਤੇ ਮਨੁੱਖੀ ਜੀਵਨ ਜਾਚ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਦਾ ਇਹ ਸੁਨੇਹਾ ਅੱਜ ਵੀ ਦੁਨੀਆਂ ਭਰ ਦੇ ਅਵਾਮ ਨੂੰ ਰਾਹ ਵਿਖਾ ਰਿਹਾ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਉਸ ਸਮੇਂ ਨੂੰ ਵੇਖੀਏ ਤਾਂ ਬਾਣੀ ਸੰਦੇਸ਼ ਸੰਚਾਰ ਲਈ ਪਹਿਲੀ ਘਟਨਾ ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਵਾਲੀ ਘਟਨਾ ਨਾਲ ਸਬੰਧਿਤ ਹੈ। ਉਸ ਸਮੇਂ ਆਪ ਨੇ ਫੁਰਮਾਇਆ - ਨਾ ਕੋਈ ਹਿੰਦੂ ਨ ਕੋਈ ਮੁਸਲਮਾਨ। ਇਹੋ ਹੀ ਬਚਨ ਗੁਰੂ ਸਾਹਿਬ ਦੇ ਸਦੀਵੀ ਸੰਦੇਸ਼ ਅਤੇ ਆਪ ਦੀਆਂ ਉਦਾਸੀਆਂ ਦੌਰਾਨ ਕੇਂਦਰੀ ਧੁਰਾ ਬਣੇ। ਦਰਅਸਲ ਇਹ ਕੋਈ ਸਾਧਾਰਨ ਸ਼ਬਦ ਨਹੀਂ ਸਨ, ਬਲਕਿ ਅਜਿਹਾ ਦਰਸ਼ਨ ਹੈ ਜੋ ਆਪਣੇ ਆਪ ਵਿਚ ਸੰਪੂਰਨ ਹੈ। ਉਸ ਸਮੇਂ ਦੇ ਸਮਾਜ ਵਿਚਲੀਆਂ ਦੋਹਾਂ ਵੱਡੀਆਂ ਕੌਮਾਂ ਹਿੰਦੂ ਤੇ ਮੁਸਲਮਾਨ ਜਿਹਨਾਂ ਰਾਹੀਂ ਸਮਾਜ ਨੂੰ ਦੋ ਵੱਡੀਆਂ ਚੁਣੌਤੀਆਂ ਸਨ। ਉਸ ਸਮੇਂ ਮੌਜੂਦ ਇਕ ਪਾਸੇ ਬਹੁ ਈਸ਼ਵਰਵਾਦ ਦਾ ਸਿਧਾਂਤ ਜਿਸ ਅਨੁਸਾਰ ਮੇਰਾ ਰੱਬ ਵੱਡਾ ਹੈ ਕਿ ਤੇਰਾ ਭਾਵ ਹਰ ਰੱਬ ਦੂਸਰੇ ਨਾਲੋਂ ਵੱਡਾ ਸੀ ਤੇ ਇਸ ਦੀ ਸਾਰੀ ਸ਼ਕਤੀ ਬ੍ਰਾਹਮਣ ਦੇ ਹੱਥ ਵਿਚ ਸੀ। ਦੂਸਰੇ ਪਾਸੇ ਇਸਲਾਮ ਦਾ ਪੈਗੰਬਰੀ ਸਿਧਾਂਤ ਜਿਸ ਦੀ ਸ਼ਕਤੀ ਸ਼ਾਸਕ ਵਰਗ ਕੋਲ ਸੀ। ਜਿਸ ਨੇ ਸਮੁੱਚੇ ਸਮਾਜ ਨੂੰ ਜ਼ੋਰ ਜ਼ੁਲਮ ਤਹਿਤ ਆਪਣੇ ਅਧੀਨ ਕੀਤਾ ਹੋਇਆ ਸੀ।

ਸਿੱਟੇ ਵਜੋਂ ਅਨੇਕ ਰੱਬ, ਅਨੇਕ ਪੂਜਾ ਵਿਧੀਆਂ ਅਤੇ ਅਨੇਕ ਸਭਿਆਚਾਰ ਸਾਹਮਣੇ ਆਏ। ਅਜਿਹੇ ਸਮੇਂ ਗੁਰੂ ਨਾਨਕ ਸਾਹਿਬ ਨੇ ਸਿਧਾਂਤਕ ਪੱਧਰ ਤੇ ਇਸ ਸਮੱਸਿਆ ਨੂੰ ਨਜਿੱਠਿਆ ਅਤੇ ਆਪ ਨੇ ਕਿਸੇ ਵੀ ਧਰਮ ਦੀ ਨਿੰਦਿਆ ਨਹੀਂ ਕੀਤੀ, ਕਿਸੇ ਨੂੰ ਛੋਟਾ ਵੱਡਾ ਨਹੀਂ ਆਖਿਆ ਬਲਕਿ ਇਕ ਰੱਬ ਤੇ ਸਾਰਿਆਂ ਵਿਚ ਉਸ ਦੇ ਨੂਰ ਹੋਣ ਦਾ ਸੰਕਲਪ ਦਿੱਤਾ :

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥**
**(ਗੁਰੂ ਗ੍ਰੰਥ ਸਾਹਿਬ, ਅੰਗ 611)**

ਇਸ ਦੇ ਨਾਲ ਜਿਥੇ ਰੱਬ ਦੀ ਹੋਂਦ ਨਾਲ ਸਬੰਧਿਤ ਸੁਆਲ ਦੂਰ ਹੁੰਦੇ ਉਥੇ ਸਮਾਜ-ਸਭਿਆਚਾਰ ਦੀ ਸਭ ਤੋਂ ਵੱਡੀ ਸਮੱਸਿਆ ਹਲ ਹੋ ਜਾਂਦੀ। ਇਸੇ ਫਲਸਫੇ ਦਾ ਪ੍ਰਗਟਾਅ ਉਹਨਾਂ ਅਗੇ ਚਲ ਕੇ ਆਪਣੀ ਮੱਕੇ ਦੀ ਯਾਤਰਾ ਦੌਰਾਨ ਕੀਤਾ। ਭਾਈ ਗੁਰਦਾਸ ਅਨੁਸਾਰ ਜਦੋਂ ਮੱਕੇ ਦੇ ਮੌਲਾਨਿਆਂ ਨੇ ਗੁਰੂ ਨਾਨਕ ਸਾਹਿਬ ਤੋਂ ਪੁਛਿਆ ਦਸੋ ਹਿੰਦੂ ਵੱਡਾ ਹੈ ਕਿ ਮੁਸਲਮਾਨ ਤਾਂ ਗੁਰੂ ਸਾਹਿਬ ਦਾ ਜੁਆਬ ਸੀ ਕਿ ਗੱਲ ਹਿੰਦੂ ਜਾਂ ਮੁਸਲਮਾਨ ਦੀ ਨਹੀਂ ਬਲਕਿ ਮਨੁੱਖ ਦੇ ਚੰਗੇ ਕਰਮਾਂ ਦੀ ਹੈ :

**ਬਾਬਾ ਆਖੇ ਹਾਜੀਆ**
**ਸੁਭਿ ਅਮਲਾ ਬਾਝਹੁ ਦੋਨੋ ਰੋਈ।**
**(ਵਾਰਾਂ ਭਾਈ ਗੁਰਦਾਸ, ਵਾਰ 1 ਪਉੜੀ 33)**

ਸੋ ਗੁਰੂ ਨਾਨਕ ਬਾਣੀ ਦਾ ਸੰਦੇਸ਼ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਾ ਹੈ, ਜਿਸ ਦਾ ਉਦੇਸ਼ ਮਾਨਵੀ ਕਾਰਜਸ਼ੀਲਤਾ ਨਾਲ ਜੁੜਿਆ ਹੋਇਆ ਹੈ, ਕਿਉਂਕਿ ਇਸ ਦਾ ਮੁਹਾਂਦਰਾ ਕਿਰਤ ਵਾਲਾ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**
**(ਗੁਰੂ ਗ੍ਰੰਥ ਸਾਹਿਬ, ਅੰਗ 1245)**

ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਸਿਧਾਂਤ ਉਸੇ ਸਮਾਜ ਅਤੇ ਮਨੁੱਖ ਲਈ ਆਦਰਸ਼ਕ ਹੋ ਸਕਦਾ ਜਿਥੇ ਕਰਮ ਦੀ ਮਹੱਤਾ ਹੋਵੇਗੀ। ਇਸ ਦੇ ਨਾਲ ਹੀ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਆਪਣੀ ਕਿਰਤ ਕਮਾਈ ਵਿਚੋਂ ਸਮਾਜ ਲਈ ਕੁਝ ਹਿੱਸਾ ਕੱਢਣ ਦਾ ਆਦੇਸ਼ ਦਿੱਤਾ। ਜੋ ਸੱਚਾ ਸੁੱਚਾ ਕਿਰਤੀ ਹੈ ਤਾਂ ਉਹ ਗ੍ਰਹਿਸਥੀ ਵੀ ਹੈ, ਗ੍ਰਹਿਸਥੀ ਨੇ ਸਮਾਜ ਵਿਚ ਰਹਿਣਾ ਅਤੇ ਸਮਾਜ ਦੀ ਬਣਤਰ ਮਨੁੱਖੀ ਮੇਲ ਮਿਲਾਪ ਜਾਂ ਸੰਗਤ ਤੋਂ ਹੈ। ਸੰਗਤ ਸ਼ਬਦ ਦੇ ਸ਼ਾਬਦਿਕ ਅਰਥ ਵੀ ਸੰਗ ਸਾਥ ਦੇ ਹਨ। ਜੇ ਅਸੀਂ ਆਦਿਮ ਕਾਲ ਤੋਂ ਕਬੀਲਾ ਟੱਬਰ ਸਭਿਆਚਾਰ ਜਾਂ ਅੱਜ ਦੇ ਸਮਾਜ ਦੇ ਸੰਦਰਭ ਵਿਚ ਵੇਖੀਏ ਤਾਂ ਮਨੁੱਖ ਨੂੰ ਆਪਣੇ ਜੀਵਨ ਗੁਜਾਰਾ, ਭੌਤਿਕ ਤੇ ਸਰੀਰਕ ਜ਼ਰੂਰਤਾਂ ਦੀ ਪੂਰਤੀ ਅਤੇ ਮਾਨਸਿਕ ਇਛਾਵਾਂ ਦੀ ਪੂਰਤੀ ਲਈ ਸੰਗਤ ਦੀ ਹੀ ਲੋੜ ਹੈ। ਆਪਸੀ ਮੇਲ ਮਿਲਾਪ ਜਾਂ ਸੰਗਤ ਨੂੰ ਮਨੁੱਖ ਦੀਆਂ ਮੂਲ ਲੋੜਾਂ ਵਿਚ ਵੀ ਸ਼ਾਮਲ ਕੀਤਾ ਜਾ ਸਕਦਾ। ਗੁਰੂ ਨਾਨਕ ਦਾ ਬਾਣੀ ਚਿੰਤਨ ਏਕਾਂਤ ਵਿਚ ਵਿਚਰਨ ਦੀ ਥਾਂ ਸਤਿਸੰਗਤ ਅਤੇ ਸੰਨਿਆਸ ਦੀ ਥਾਂ ਗ੍ਰਹਿਸਥ ਮਾਰਗ ਨੂੰ ਪ੍ਰਧਾਨਤਾ ਦਿੰਦਾ ਹੈ। ਗੁਰੂ ਨਾਨਕ ਸਾਹਿਬ ਦਾ ਆਪਣਾ ਸਮੁੱਚਾ ਜੀਵਨ ਇਸ ਦੀ ਪ੍ਰਤੱਖ ਮਿਸਾਲ ਸੀ। ਜਦੋਂ ਆਪ ਉਦਾਸੀਆਂ 'ਤੇ ਚਲੇ ਤਾਂ ਭਾਈ ਮਰਦਾਨਾ ਆਪ ਦੇ ਅੰਗ ਸੰਗ ਸੀ, ਜਿਥੇ ਵੀ ਗੁਰੂ ਸਾਹਿਬ ਗਏ ਉਥੇ ਹੀ ਇਕ ਸੰਗਤ ਕਾਇਮ ਹੋਈ। ਸਿੱਖ ਇਤਿਹਾਸ ਤੋਂ ਥਾਂ ਪੁਰ ਥਾਂ ਇਹ ਹਵਾਲੇ ਹਨ ਕਿ ਹਰ ਥਾਂ ਸਿੱਖ ਸੰਗਤ ਦੀ ਸਹੂਲਤ ਲਈ ਧਰਮਸਾਲ ਕਾਇਮ ਕੀਤੀ ਗਈ। ਪ੍ਰਚਲਨ ਵਜੋਂ ਸੰਸਥਾਗਤ ਰੂਪ ਵਿਚ ਇਸ ਨੂੰ ਗੁਰਦੁਆਰਾ ਕਿਹਾ ਜਾਣ ਲਗਾ। ਦਰਅਸਲ 'ਸੰਗਤ' ਮਨੁੱਖੀ ਪ੍ਰੇਮ ਅਤੇ ਸਾਂਝੀਵਾਲਤਾ 'ਤੇ ਆਧਾਰਿਤ ਅਜਿਹਾ ਸੰਕਲਪ ਹੈ ਜਿਸ ਦਾ ਆਧਾਰ ਕਿਰਤ ਕਰੇ, ਨਾਮ ਜਪੋ ਅਤੇ ਵੰਡ ਛਕੋ ਦਾ ਸਿਧਾਂਤ ਹੈ। ਅੱਜ ਦੇ ਵਿਸ਼ਵ ਵਰਤਾਰੇ ਵਿਚ ਸਰਮਾਏਦਾਰੀ ਅਤੇ ਪੂੰਜੀਵਾਦੀ ਨੇ ਮਨੁੱਖ ਉੱਤੇ ਗਲਬਾ ਪਾਇਆ ਹੋਇਆ ਹੈ। ਦਸ ਪ੍ਰਤੀਸ਼ਤ ਲੋਕਾਂ ਨੇ ਨੱਬੇ ਪ੍ਰਤੀਸ਼ਤ ਲੋਕਾਂ ਦਾ ਹੱਕ ਮਾਰ ਕੇ ਪੂੰਜੀ ਤੇ ਤਾਕਤ ਨੂੰ ਇਕੱਠਾ ਕਰ ਲਿਆ। ਪੰਜ ਸਦੀਆਂ ਪਹਿਲਾਂ ਵੀ ਗੁਰੂ ਨਾਨਕ ਬਾਣੀ ਨੇ ਲੋਕਾਂ ਨੂੰ ਇਸ ਤੋਂ ਸੁਚੇਤ ਕੀਤਾ ਸੀ :

**ਹਕੁ ਪਰਾਇਆ ਨਾਨਕਾ**
**ਉਸੁ ਸੂਅਰ ਉਸੁ ਗਾਇ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 141)**

ਮਨੁੱਖ ਨੂੰ ਆਪ ਨੇ ਇਹ ਵੀ ਸੋਝੀ ਦਿੱਤੀ ਕਿ ਇਕੱਠੀ ਕੀਤੀ ਹੋਈ ਧਨ ਦੌਲਤ ਨੇ ਏਥੇ ਹੀ ਰਹਿਣਾ ਹੈ ਮੌਤ ਤੋਂ ਬਾਅਦ ਦੌਲਤ ਨਾਲ ਨਹੀਂ ਜਾਣੀ :

**ਪਾਪਾ ਬਾਝਹੁ ਹੋਵੈ ਨਾਹੀ**
**ਮੁਇਆ ਸਾਥਿ ਨ ਜਾਈ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 417)**

ਅੱਜ ਸਾਡੇ ਸਮਾਜ ਵਿਚ ਕਿਰਤ ਸਭਿਆਚਾਰ ਮਨਫੀ ਹੋ ਗਿਆ। ਜ਼ਾਲਮ ਤੇ ਜ਼ੁਲਮੀ ਚਾਹੇ ਉਹ 'ਰਾਜਸੱਤਾ' ਤੇ ਹੈ ਤੇ ਚਾਹੇ 'ਅਫਸਰਸ਼ਾਹੀ' ਤੇ ਚਾਹੇ 'ਨਿਆਂ ਪਾਲਕਾ' ਤੇ ਸਭ ਪਾਸੇ ਹੀ ਸੋਸ਼ਣ ਕੀਤਾ ਜਾ ਰਿਹਾ ਹੈ। ਇਸ ਕਰਕੇ ਮਨੁੱਖ ਮਨੁੱਖ ਤੋਂ ਟੁੱਟ ਰਿਹਾ, ਮਨੁੱਖ ਸਮਾਜ ਤੋਂ ਟੁੱਟ ਰਿਹਾ, ਮਨੁੱਖ ਰਿਸ਼ਤਿਆਂ ਤੋਂ ਟੁੱਟ ਰਿਹਾ, ਬੇਗਾਨਗੀ ਤੇ ਇਕੱਲਤਾ ਦਾ ਸੰਤਾਪ ਭੋਗ ਰਿਹਾ ਹੈ। ਗੁਰੂ ਸਾਹਿਬ ਨੇ ਸਮੇਂ ਦੇ ਹਾਕਮਾਂ ਨੂੰ ਉਹਨਾਂ ਦੀ ਅਸਲੀਅਤ ਦਿਖਾਈ ਅਤੇ ਜ਼ੁਲਮ ਕਰਨ ਵਾਲੇ ਰਾਜਿਆਂ ਦੀ, ਨਿਆਂ ਕਰਨ ਵਾਲੇ ਕਾਜ਼ੀਆਂ ਦੀ ਤਸਵੀਰ ਪੇਸ਼ ਕਰਦਿਆਂ ਉਹਨਾਂ ਦੇ ਗਿਰੇਵਾਨ ਵਿਚ ਝਾਤ ਪੁਆਈ ਅਤੇ ਉਹਨਾਂ ਦੇ ਫਰਜ਼ਾਂ ਪ੍ਰਤੀ ਅਹਿਸਾਸ ਕਰਵਾਇਆ :

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1288)**

ਉਸ ਸਮੇਂ ਦੇ ਰਾਜਸੀ, ਧਾਰਮਿਕ ਆਗੂਆਂ ਜਿਹਨਾਂ ਤੋਂ ਇਨਸਾਫ ਦੀ ਆਸ ਸੀ, ਦੇ ਆਚਰਨ ਡਿੱਗ ਚੁੱਕੇ ਸਨ। ਅੱਜ ਵੀ ਸਾਡੇ ਜੀਵਨ ਜਾਚ ਵਿਚ ਸਚਾਈ, ਦੂਜਿਆਂ ਪ੍ਰਤੀ ਹਮਦਰਦੀ, ਬਰਾਬਰੀ, ਭਰਾਤਰੀ ਭਾਵ, ਦਇਆ ਖਤਮ ਹੋ ਚੁਕੀ ਹੈ, ਪਦਾਰਥਕ ਦੌੜਾਂ ਅਤੇ ਸਵਾਰਥ ਵਾਲੀ ਅਜੋਕੀ ਦੁਨੀਆਂ ਵਿਚਲਾ ਸਮਾਜ ਇਸ ਵਿਚ ਬੁਰੀ ਤਰਾਂ ਗ੍ਰਸਿਤ ਹੈ। ਗੁਰਬਾਣੀ ਦਾ ਸੁਨੇਹਾ ਸੱਤਾ 'ਤੇ ਬੈਠੇ ਲੋਕਾਂ ਨੂੰ ਇਨਸਾਫ ਕਰਨ ਲਈ ਪ੍ਰੇਰਦਾ ਹੈ। ਗੁਰੂ ਸਾਹਿਬ ਦਾ ਇਸ ਪ੍ਰਤੀ ਸੰਦੇਸ਼ ਹੈ:

**ਕਾਦੀ ਕੂੜੁ ਬੋਲਿ ਮਲੁ ਖਾਇ॥**
**ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥**
**ਤੀਨੇ ਓਜਾੜੇ ਕਾ ਬੰਧੁ॥**
**ਸੋ ਜੋਗੀ ਜੋ ਜੁਗਤਿ ਪਛਾਣੈ॥**
**ਗੁਰ ਪਰਸਾਦੀ ਏਕੋ ਜਾਣੈ॥**
**ਕਾਜੀ ਸੋ ਜੋ ਉਲਟੀ ਕਰੈ॥**
**ਗੁਰ ਪਰਸਾਦੀ ਜੀਵਤੁ ਮਰੈ॥**
**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥**
**ਆਪਿ ਤਰੈ ਸਗਲੇ ਕੁਲ ਤਾਰੈ॥**
**ਦਾਨਸਬੰਦੁ ਸੋਈ ਦਿਲਿ ਧੋਵੈ॥**
**ਮੁਸਲਮਾਣੁ ਸੋਈ ਮਲੁ ਖੋਵੈ॥**
**ਪੜਿਆ ਬੂਝੈ ਸੋ ਪਰਵਾਣੁ॥**
**ਜਿਸੁ ਸਿਰਿ ਦਰਗਹ ਕਾ ਨੀਸਾਣੁ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 662)**

ਇਕ ਸਰਬ ਵਿਆਪਕਤਾ ਦੀ ਸੋਝੀ ਹਾਸਿਲ ਕੀਤੇ ਬਿਨਾਂ ਦੂਸਰਿਆਂ ਨੂੰ ਉਪਦੇਸ਼ ਦੇਣਾ ਸ਼ੈਤਾਨ ਦੀਆਂ ਗੱਲਾਂ ਕਰਨ ਦੇ ਸਮਾਨ ਹੈ। ਸਮੂਹ ਦੀ ਭਲਾਈ, ਅਤੇ ਸਰਬ ਸਾਂਝੀਵਾਲਤਾ ਦੀ ਸੋਝੀ ਹੀ ਆਤਮਕ ਸ਼ਾਂਤੀ ਦੇਣ ਵਾਲੀ ਹੈ। ਅਜਿਹਾ ਸੁਨੇਹਾ ਤਤਕਾਲੀਨ ਸਮਾਜ ਵਿਚ ਹੀ ਸਾਰਥਕ ਸੀ ਤੇ ਅੱਜ ਵੀ ਮਨੁੱਖੀ ਬਰਾਬਰੀ ਦੇ ਹਿਤ ਤੇ ਕਲਿਆਣ ਲਈ ਅਨੁਕੂਲ ਹੈ। ਵਰਤਮਾਨ ਸਮੇਂ ਵੀ ਨਸਲਵਾਦ ਤੇ ਜਾਤ ਪਾਤ ਦਾ ਵਰਤਾਰਾ ਸੰਸਾਰ ਭਰ ਵਿਚ ਪ੍ਰਬਲ ਰੂਪ ਧਾਰਨ ਕਰ ਰਿਹਾ ਹੈ, ਜਿਸ ਦਾ ਸੇਕ ਸਿੱਖ ਕੌਮ ਨੂੰ ਲਗਾਤਾਰ ਝਲਣਾ ਪੈ ਰਿਹਾ ਹੈ। ਪੱਛਮੀ ਮੁਲਕਾਂ ਵਿਚ ਨਸਲੀ ਵਿਤਕਰੇ ਤੇ ਨਸਲੀ ਹਮਲੇ ਲਗਾਤਾਰ ਵਧ ਰਹੇ ਹਨ। ਅਜਿਹੇ ਸਮੇਂ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਪੂਰੀ ਦੁਨੀਆਂ ਸਾਹਮਣੇ ਮਿਸਾਲ ਹੈ :

**ਜਾਣਹੁ ਜੋਤਿ ਨ ਪੂਛਹੁ**
**ਜਾਤੀ ਆਗੈ ਜਾਤਿ ਨ ਹੇ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 349)**

ਜਾਤ-ਪਾਤ ਰਹਿਤ, ਰੰਗ ਰਹਿਤ, ਨਸਲ ਰਹਿਤ, ਧਰਮ ਰਹਿਤ ਸਮਾਜ ਦੀ ਸਿਰਜਨਾ ਦੀ ਸੋਝੀ ਦਿੰਦਿਆਂ ਆਪ ਸਰਬ ਸ਼ਕਤੀਮਾਨ 'ਜੋਤ' ਨੂੰ ਪਛਾਨਣ ਉੱਤੇ ਬਲ ਦਿੰਦੇ ਹਨ। ਜਿਥੇ ਆਪ ਕਰਤੇ ਦੀ ਰਚਨਾ ਦੇ ਸੱਚ ਸਰੂਪ ਨੂੰ ਦਰਸਾਉਂਦੇ ਹਨ, ਉੱਥੇ ਰੱਬ ਦੀ ਰਚੀ ਹੋਈ ਰਚਨਾ ਨੂੰ ਸੱਚੀ ਮੰਨਦਿਆਂ ਉਸ ਵਿੱਚੋਂ ਹੀ ਸੱਚ ਪਾਉਣ ਦੀ ਪ੍ਰੇਰਨਾ ਦਿੰਦਿਆਂ ਮਾਰਗ ਦਰਸ਼ਨ ਕਰਦੇ ਹਨ। ਇਹ ਮਾਰਗ ਮਨੁੱਖੀ ਜੀਵਨ ਦੇ ਸਮੂਹਕ ਸਦਗੁਣਾਂ ਦਾ ਮਾਰਗ ਹੈ ਜੋ ਸਹਿਜ, ਸਬਰ, ਸੰਤੋਖ, ਸੰਜਮ, ਸੰਗਤ, ਸੇਵਾ ਆਦਿ ਨੈਤਿਕ ਗੁਣਾਂ ਦਾ ਧਾਰਨੀ ਹੈ। ਗੁਰੂ ਨਾਨਕ ਪਾਤਸ਼ਾਹ ਦੁਆਰਾ ਦਰਸਾਈ ਇਹ ਜੀਵਨ ਜਾਚ ਅਜੋਕੇ ਸੰਦਰਭ ਵਿਚ ਹੀ ਧਾਰਨ ਕਰਨੀ ਹੋਵੇਗੀ, ਕਿਉਂਕਿ ਇਹ ਜੀਵਨ ਜਾਚ ਵਿਅਕਤੀ ਦੇ ਕਿਰਦਾਰ ਦਾ ਨਿਰਮਾਣ ਕਰਦੀ ਹੈ : 'ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥' ਗੁਰੂ ਸਾਹਿਬ ਦਾ ਸੰਦੇਸ਼ ਹੈ ਕਿ ਮੰਦੇ ਕਰਮਾਂ ਤੋਂ ਬਚ ਕੇ ਰਹੋ, 'ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ॥' ਅਨੁਸਾਰ ਦੁਨੀਆਂ ਵਿਚ ਸੇਵਾ ਕਮਾਓ ਆਪਣੀ ਕਿਰਤ ਕਮਾਈ ਵਿਚੋਂ ਜ਼ਰੂਰਤਮੰਦ ਨਾਲ ਵੰਡ ਛਕੋ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਗ੍ਰਹਿਸਤ ਵਿਚ ਰਹਿੰਦਿਆਂ ਵਾਹਿਗੁਰੂ ਦਾ ਨਾਮ ਧਿਆਓ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥' ਸਭ ਨਾਲ ਮਿਲ ਕੇ ਗੁਣਾਂ ਦੀ ਸਾਂਝ ਸਹਿਤ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥' ਸੱਚੇ ਸੁਚੇ ਆਚਰਨ 'ਸੁਚਿ ਹੋਵੈ ਤਾ ਸਚੁ ਪਾਈਐ' ਵਾਲੀ ਸਾਡੀ ਜੀਵਨ ਜਾਚ ਹੋਵੇ। ਨਿਰਸੰਦੇਹ ਸਾਡੇ ਜੀਵਨ ਵਿਚ ਅਜਿਹੇ ਸਦਾਚਾਰੀ ਮਨੁੱਖ ਅਤੇ ਸਮਾਜ ਦਾ ਮਹੱਤਵ ਯੁਗਾਂ-ਯੁਗਾਂ ਤੱਕ ਸਦੀਵੀ ਹੈ ਤੇ ਵਰਤਮਾਨ ਵਿਚ ਵੀ ਉਸ ਦੀ ਪ੍ਰਸੰਗਿਕਤਾ ਸਦਾ ਬਣੀ ਰਹੇਗੀ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਗੌਰਵਮਈ ਵਿਰਸੇ ਦਾ ਪ੍ਰਤੀਕ ਹੋਲਾ-ਮਹੱਲਾ

**- ਪਰਗਟ ਸਿੰਘ**

ਭਾਰਤ ਬਹੁਤ ਸਾਰੇ ਮੌਸਮੀ, ਸਭਿਆਚਾਰਕ ਅਤੇ ਇਤਿਹਾਸਕ ਤਿਉਹਾਰਾਂ ਦਾ ਦੇਸ਼ ਹੈ ਅਤੇ ਖ਼ਾਲਸਾ ਪੰਥ ਇਨਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਅਤੇ ਖਾਲਸਾਈ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਜਿਵੇਂ 'ਹੋਲੀ' ਦੀ ਥਾਂ ਖਾਲਸਾ ਪੰਥ 'ਹੋਲਾ-ਮਹੱਲਾ' ਅਤੇ ਦੀਵਾਲੀ ਦੀ ਥਾਂ 'ਬੰਦੀ ਛੋੜ ਦਿਵਸ' ਮਨਾਉਂਦਾ ਹੈ। ਹੋਲੇ-ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ 1757 ਬਿਕ੍ਰਮੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਿਲਾ ਹੋਲਗੜ ਦੇ ਸਥਾਨ 'ਤੇ ਕੀਤਾ ਸੀ। ਹੋਲੀ ਰੰਗਾਂ ਦੀ ਖੇਡ ਹੈ ਜਦਕਿ ਹੋਲਾ-ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਲੋਕਾਈ ਖਾਸ ਕਰਕੇ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿੱਡਰਤਾ ਅਤੇ ਨਿਰਭੈਤਾ ਦੀ ਭਾਵਨਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੀ ਪਰੰਪਰਾਗਤ ਰਵਾਇਤ ਤੋਂ ਹਟ ਕੇ ਇਸ ਨੂੰ ਹੋਲਾ-ਮਹੱਲਾ ਦੇ ਵਿਲੱਖਣ ਰੂਪ ਵਿਚ ਮਨਾਉਣਾ ਆਰੰਭ ਕੀਤਾ ਅਤੇ ਇਸ ਤਿਉਹਾਰ ਨੂੰ ਖਾਲਸਾ ਪੰਥ ਵਿਚ ਚੜਦੀ ਕਲਾ ਦੀ ਭਾਵਨਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਸਾਰਥਿਕ ਅਰਥ ਦਿੱਤੇ ਤੇ ਨਵੇਂ ਢੰਗ-ਤਰੀਕੇ ਅਪਣਾਏ।



ਮੌਸਮੀ ਤਬਦੀਲੀ ਦੇ ਪੱਖ ਤੋਂ ਹੋਲੀ ਬਸੰਤ ਰੁੱਤ ਦੇ ਆਗਮਨ ਦੇ ਨਾਲ-ਨਾਲ ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਮਾਨਵ ਚੇਤਨਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ। ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ ਹੈ:

**ਨਾਨਕ ਤਿਨਾ ਬਸੰਤੁ ਹੈ**
**ਜਿਨ ਘਰਿ ਵਸਿਆ ਕੰਤੁ ।।**
**ਜਿਨ ਕੇ ਕੰਤ ਦਿਸਾਪੁਰੀ ਸੇ**
**ਅਹਿਨਿਸਿ ਫਿਰਹਿ ਜਲੰਤ ।।**
(ਪੰਨਾ 791)

ਗੁਰੂ ਸਾਹਿਬ ਦੀ ਮਾਨਵ-ਸਮਾਜ ਨੂੰ ਵੱਡਮੁਲੀ ਦੇਣ ਹੀ ਇਹ ਹੈ ਕਿ ਉਨਾਂ ਨੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਸੰਪੂਰਨ, ਸਿੱਖਿਆਦਾਇਕ ਤੇ ਉਸਾਰੂ ਬਣਾਉਣ ਦੀ ਪ੍ਰੇਰਨਾ ਦਿੱਤੀ ਹੈ। ਇਸੇ ਲਈ ਗੁਰੂ ਅਰਜਨ ਸਾਹਿਬ ਜੀ ਨੇ ਗੁਰਬਾਣੀ ਵਿਚ ਪਰਮਾਰਥ ਦੇ ਮਾਰਗ ਦੀ ਆਨੰਦਮਈ ਹੋਲੀ ਖੇਡਣ ਦੀ ਇਸ ਤਰਾਂ ਪ੍ਰੇਰਨਾ ਕੀਤੀ ਹੈ:

**ਗੁਰੁ ਸੇਵਉ ਕਰਿ ਨਮਸਕਾਰ ।।**
**ਆਜੁ ਹਮਾਰੈ ਮੰਗਲਚਾਰ ।।**
**ਆਜੁ ਹਮਾਰੈ ਮਹਾ ਅਨੰਦ ।।**
**ਚਿੰਤ ਲਥੀ ਭੇਟੇ ਗੋਬਿੰਦ ।।1 ।।**
**ਆਜੁ ਹਮਾਰੈ ਗ੍ਰਿਹਿ ਬਸੰਤ ।।**
**ਗੁਨ ਗਾਏ ਪ੍ਰਭ ਤੁਮ ਬੇਅੰਤ ।।1 ।।**
**ਰਹਾਉ ।।**
**ਆਜੁ ਹਮਾਰੈ ਬਨੇ ਫਾਗ ।।**
**ਪ੍ਰਭ ਸੰਗੀ ਮਿਲਿ**
**ਖੇਲਨ ਲਾਗ ।।**
**ਹੋਲੀ ਕੀਨੀ ਸੰਤ ਸੇਵ ।।**
**ਰੰਗੁ ਲਾਗਾ ਅਤਿ ਲਾਲ ਦੇਵ ।।2 ।।**
(ਪੰਨਾ 1180)

ਖਾਲਸਾ ਪੰਥ ਵਿਚ ਹੋਲਾ-ਮਹੱਲਾ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ 'ਹੋਲਾ' ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। ਹੋਲਾ ਅਰਬੀ ਭਾਸ਼ਾ ਅਤੇ ਮਹੱਲਾ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ-ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਹਨ। ਦਸਮੇਸ਼ ਪਿਤਾ ਜੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਨ ਮਹਿਸੂਸ ਕਰਵਾਉਣ ਲਈ ਅਤੇ ਉਨਾਂ ਵਿਚ ਨਿੱਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਲਈ ਉਨਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚੱਲਤ ਕੀਤੇ। ਆਜ਼ਾਦੀ ਪ੍ਰਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਜੀ ਨੇ ਜਿਥੇ ਨਵਾਂ ਜੀਵਨ ਬਖਸ਼ਿਆ, ਉਥੇ ਭਾਰਤੀ ਸਮਾਜ ਨੂੰ ਉਨਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ 1699 ਈ. ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪ੍ਰਦਾਨ ਕੀਤੀ। ਗੁਰੂ ਜੀ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜੁਰਅੱਤ ਭਰਨ ਲਈ ਉਨਾਂ ਵੱਲੋਂ ਮਨਾਏ ਜਾ ਰਹੇ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿੱਤੇ। ਹੋਲੀ ਮਨਾਉਣ ਸਮੇਂ ਜਿੱਥੇ ਲੋਕ ਇਕ-ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ-ਮਹੱਲੇ' ਦਾ ਰੂਪ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨਾਂ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੈ। ਇਸ ਵਿਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤੱਬ ਦਿਖਾਉਂਦੇ ਹਨ। ਕਲਗੀਧਰ ਪਾਤਸ਼ਾਹ ਜੀ ਆਪ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ-ਕੀਰਤਨ ਹੁੰਦਾ, ਬੀਰ-ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਜੰਗਜ਼ੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ ਵਿਚੋਂ ਨਿਕਲ ਕੇ ਇਸ ਤਿਉਹਾਰ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ-ਮਹੱਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁੱਖੜਾ ਕਲੀ ਵਾਂਗ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਦੀ ਤਰਾਂ ਵਰਸਣ ਲੱਗੀ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆਂ ਤਾਂ ਸਭ ਦੀ ਆਤਮਾ ਖਿੜ ਗਈ:

**ਗੁਲੇ ਹੋਲੀ ਬ ਬਾਗੇ ਦਰ ਬੂ ਕਰਦ।**
**ਲਬੇ ਚੂੰ ਗ਼ੁੰਚਾ ਰਾ ਫ਼ਰਖ਼ੰਦਹ ਖ਼ੂ**
**ਕਰਦ।**
**ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।**
**ਚੂ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।**
**ਜਹੇ ਪਿਚਕਾਰੀਏ ਪੁਰ ਜ਼ੁਫਰਾਨੀ।**
**ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।**
**ਗੁਲਾਲ ਅਫਸ਼ਾਨੀ ਅਜ਼ ਦਸਤੇ**
**ਮੁਬਾਰਕ।**
**ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।**
**ਦੋ ਆਲਮ ਗਸ਼ਤ ਰੰਗੀ ਅਜ਼**
**ਤੁਫਲੈਸ਼।**
**ਚੁ ਸ਼ਾਹਮ ਜਾਮਹ ਰੰਗੀ ਦਹ ਗੁਲੂ**
**ਕਰਦ।**
**(ਭਾਈ ਨੰਦ ਲਾਲ**
**ਰਚਨਾਵਲੀ)**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਰੰਭਿਆ ਹੋਲਾ-ਮਹੱਲਾ ਖਾਲਸਾਈ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਨੂੰ ਪ੍ਰਗਟਾਉਣ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜਦੀ ਕਲਾ ਦਾ ਪ੍ਰਤੀਕ ਹੈ। ਹੋਲਾ-ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ ਵਿਸ਼ਵਾਸ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ:

**ਰਾਜ ਕਿਸੇ ਕੋ ਕੋਇ ਨ ਦੈ ਹੈਂ।**
**ਜੋ ਲੈ ਹੈ ਨਿਜ ਬਲ ਸੋਂ ਲੈ ਹੈਂ।**
**(ਪੰਥ ਪ੍ਰਕਾਸ਼)**

ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ-ਛੋਹ ਧਰਤੀ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਾਹਿਬ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ-ਸਵਾਰੀ ਤੇ ਗੱਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ 'ਕਹਿਬੇ ਕਉ ਸੋਭਾ ਨਹੀ', ਦੇਖਾ ਹੀ ਪ੍ਰਵਾਨ' ਅਨੁਸਾਰ ਕੇਵਲ ਕਥਨ ਕਰਨ ਨਾਲ ਹੀ ਨਹੀਂ ਸਗੋਂ ਅੱਖੀਂ ਦੇਖਣ ਨਾਲ ਪਤਾ ਲੱਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕੱਢਦਾ ਹੈ। ਕਵੀ ਸੁਮੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਨੂੰ ਇਸ ਤਰਾਂ ਲਿਖਦੇ ਹਨ:

**ਔਰਨ ਕੀ ਹੋਲੀ ਮਮ ਹੋਲਾ।**
**ਕਹਯੋ ਕ੍ਰਿਪਾਨਿਧ ਬਚਨ ਅਮੋਲਾ।**

ਅਜੋਕੇ ਸਮੇਂ ਵਿਚ ਨਵੀਂ ਪੀੜੀ ਸ਼ਾਨਾਂਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸਰੋਤ ਹੈ। ਆਓ! ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਆਪਣੇ ਗੌਰਵਮਈ ਵਿਰਸੇ ਅਤੇ ਜੁਝਾਰੂ ਬਿਰਤੀ ਦੀ ਸ਼ਕਤੀ ਨਾਲ ਨਸ਼ਿਆਂ ਤੇ ਪਤਿਤਪੁਣੇ ਵਿਰੁੱਧ ਜੂਝੀਏ। ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦਾ ਪ੍ਰਣ ਲਈਏ ਅਤੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸਰਬੰਸਦਾਨੀ ਦਸਮੇਸ਼ ਪਿਤਾ ਦੇ ਸੱਚੇ ਸਪੂਤ ਬਣੀਏ।




# ਪਾਠਕਾਂ ਦਾ ਨਜ਼ਰੀਆ

## ਬਾਹਰਲੇ ਮੋੜ 'ਤੇ ਠੇਕਾ ਤੇ ਬਿਮਾਰ ਪੰਜਾਬ

ਕੁਝ ਅਰਸਾ ਪਹਿਲਾਂ ਸੁਪਰੀਮ ਕੋਰਟ ਵੱਲੋਂ ਕੌਮੀ ਮਾਰਗਾਂ ਤੋਂ ਸ਼ਰਾਬ ਦੇ ਠੇਕੇ ਹਟਾਉਣ ਦੀ ਹਦਾਇਤ ਕਰ ਦਿੱਤੀ ਗਈ ਸੀ। ਸਰਕਾਰ ਵੱਲੋਂ ਕੌਮੀ ਰਸਤਿਆਂ ਦੇ ਨੇੜੇ ਹੀ ਥੋੜਾ ਪਿੱਛੇ ਹਟਾ ਕੇ ਸ਼ਰਾਬ ਦੀਆਂ ਦੁਕਾਨਾਂ ਸਥਾਪਤ ਕਰਵਾ ਕੇ ਅਤੇ ਕੁਝ ਮਾਰਗਾਂ ਦੇ ਕੁਝ ਹਿੱਸਿਆਂ ਨੂੰ ਕੌਮੀ ਮਾਰਗਾਂ ਦੇ ਨਿਯਮਾਂ ਵਿੱਚ ਸੋਧ ਕਰਕੇ ਬਦਲਵਾਂ ਹੱਲ ਲੱਭ ਲਿਆ ਗਿਆ ਸੀ। ਪੰਜ ਸੌ ਮੀਟਰ ਦੀ ਦੂਰੀ 'ਤੇ ਦੁਕਾਨਾਂ ਸਥਾਪਤ ਕਰਨ ਨਾਲ ਕੀ ਸ਼ਰਾਬ ਦੇ ਕਾਰਨ ਹੋਣ ਵਾਲੇ ਹਾਦਸੇ ਰੁਕ ਗਏ ਹਨ ?

ਚਾਲੀ ਸਾਲ ਪਹਿਲਾਂ ਪੰਜਾਬ ਦੇ ਕਸਬਿਆਂ ਵਿੱਚ ਹੀ ਅੰਗਰੇਜ਼ੀ ਸ਼ਰਾਬ ਦੇ ਠੇਕੇ ਹੁੰਦੇ ਸੀ, ਤੇ ਵੱਡੇ ਪਿੰਡਾਂ ਵਿੱਚ ਦੇਸੀ ਸ਼ਰਾਬ ਦੇ ਠੇਕੇ ਹੁੰਦੇ ਸੀ। ਇਹ ਸਭ ਅਫੀਮ ਅਤੇ ਪੋਸਤ ਦੇ ਠੇਕਿਆਂ ਤੋਂ ਬਾਅਦ ਮਾਲੀਆ ਇਕੱਠਾ ਕਰਨ ਲਈ ਸਰਕਾਰਾਂ ਲਈ ਵੱਡਾ ਸਾਧਨ ਸਨ। ਅਫੀਮ ਅਤੇ ਪੋਸਤ ਦੀ ਮੰਦਭਾਗੀ ਆਮਦ ਨੇ ਪੰਜਾਬ ਵਿੱਚ ਅਮਲੀਆਂ ਤੇ ਪੋਸਤੀਆਂ ਦਾ ਇੱਕ ਵਰਗ ਖੜਾ ਕਰ ਦਿੱਤਾਅ। ਦੇਖਾ ਦੇਖੀ ਬਹੁਤ ਲੋਕ ਇਸਦਾ ਸ਼ਿਕਾਰ ਹੋ ਗਏ। ਪੰਜਾਬ ਦੇ ਹਰ ਦੂਸਰੇ ਤੀਸਰੇ ਘਰ ਇੱਕ ਅੱਧ ਵਿਅਕਤੀ ਅਮਲੀ ਪੋਸਤੀ ਬਣ ਗਿਆ ਸੀ। ਅਫੀਮ ਜਾਂ ਪੋਸਤ ਵਾਲੇ ਵਰਗ ਵਿੱਚੋਂ ਬਹੁਤ ਸਾਰੇ ਵਿਅਕਤੀ ਅੱਜ ਵੀ ਜਿਉਂਦੇ ਹਨ। ਇੱਕ ਵਾਰ ਸਮਾਜ ਨੂੰ ਇਹਨਾਂ ਨਸ਼ਿਆਂ ਦੀ ਅਜਿਹੀ ਕੁੰਡਲੀ ਪਈ ਕਿ ਅੱਜ ਤੱਕ ਪੀੜੀਆਂ ਦੀਆਂ ਪੀੜੀਆਂ ਨੂੰ ਇਸ ਨੇ ਜਕੜ ਲਿਆ ਹੈ।

ਸਮਾਂ ਪਾ ਕੇ ਸਰਕਾਰ ਨੇ ਅਫੀਮ ਤੇ ਪੋਸਤ ਦੇ ਠੇਕੇ ਬੰਦ ਕਰ ਦਿੱਤੇ ਤੇ ਸ਼ਰਾਬ ਤੋਂ ਮਾਲੀਆ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਘਰਾਂ ਵਿੱਚ ਦੇਸੀ ਸ਼ਰਾਬ ਕੱਢਣ ਦਾ ਰੁਝਾਨ ਕਾਫੀ ਪਹਿਲਾਂ ਤੋਂ ਚਲਿਆ ਆ ਰਿਹਾ ਸੀ। ਕਈ ਲੋਕਾਂ ਵੱਲੋਂ ਦੇਸੀ ਸ਼ਰਾਬ ਤਿਆਰ ਕਰਕੇ ਵੇਚੀ ਵੀ ਜਾਣ ਲੱਗੀ, ਜੋ ਵੱਡੇ ਪੱਧਰ 'ਤੇ ਕੀਤਾ ਜਾਣ ਵਾਲਾ ਅਪਰਾਧ ਬਣ ਗਿਆ। ਸ਼ਰਾਬ ਨੇ ਵੀ ਹੋਰਾਂ ਨਸ਼ਿਆਂ ਵਾਂਗ ਪੰਜਾਬ ਦੇ ਬਹੁਤ ਸਾਰੇ ਘਰ ਉਜਾੜੇ ਹਨ।

ਅੱਜ ਦੇ ਪੰਜਾਬ ਦਾ ਸ਼ਾਇਦ ਹੀ ਕੋਈ ਪਿੰਡ ਠੇਕੇ ਤੋਂ ਵਾਂਝਾ ਰਹਿ ਗਿਆ ਹੋਵੇ। ਸ਼ਰਾਬ ਦੀ ਸਹੂਲਤ ਲੋਕਾਂ ਦੇ ਘਰਾਂ ਦੇ ਨੇੜੇ ਹੀ ਉਪਲਬਧ ਹੈ। ਪੰਜਾਬ ਪੰਚਾਇਤੀ ਰਾਜ ਐਕਟ ਮੁਤਾਬਿਕ ਪੰਚਾਇਤ ਪਾਸ ਸ਼ਰਾਬ ਦੇ ਠੇਕੇ ਬੰਦ ਕਰਨ ਦਾ ਇਖਤਿਆਰ ਹੈ। ਇੱਕ ਪਿੰਡ ਦੀ ਪੰਚਾਇਤ ਵੱਲੋਂ ਠੇਕਾ ਹਟਾਉਣ ਲਈ ਮਤਾ ਪਾਸ ਕਰ ਦਿੱਤਾ ਗਿਆ ਪਰ ਉਸ ਨੂੰ ਅਫਸਰਸ਼ਾਹੀ ਦੀ ਅਜਿਹੀ ਘੁੰਮਣਘੇਰੀ ਵਿੱਚ ਫਸਾਇਆ ਗਿਆ ਕਿ ਠੇਕਾ ਕਦੇ ਬੰਦ ਨਹੀਂ ਹੋ ਸਕਿਆ।

ਸਰਕਾਰ ਵੱਲੋਂ ਜਲਦੀ ਹੀ ਆਨਲਾਈਨ ਸ਼ਰਾਬ ਖਰੀਦਣ ਨੂੰ ਮਨਜ਼ੂਰੀ ਦਿੱਤੀ ਜਾਣੀ ਹੈ ਤਾਂ ਕਿ ਸ਼ਰਾਬ ਦੇ ਗਾਹਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਅਗਰ ਪੰਜਾਬ ਦੇ ਪਿੰਡਾਂ ਦੀ ਸ਼ਰਾਬ ਦੀ ਖਪਤ ਦਾ ਹਿਸਾਬ ਲਾਇਆ ਜਾਵੇ, ਇਸ ਉੱਪਰ ਖਰਚ ਕੀਤੀ ਜਾਣ ਵਾਲੀ ਸਾਰੀ ਰਕਮ ਬਚਾ ਕੇ ਲੋਕ ਪਿੰਡ ਉੱਪਰ ਖਰਚ ਕਰਨ ਤਾਂ ਸ਼ਾਇਦ ਹੀ ਕਿਸੇ ਸਰਕਾਰੀ ਸਹਾਇਤਾ ਦੀ ਲੋੜ ਰਹੇ। ਪੰਜਾਬੀਆਂ ਨੂੰ ਸ਼ਰਾਬ ਨੇ ਆਰਥਿਕ ਅਤੇ ਸਿਹਤ ਪੱਖੋਂ ਉਜਾੜ ਕੇ ਰੱਖ ਦਿੱਤਾ ਹੈ। ਸਭ ਤੋਂ ਵੱਧ ਝਗੜੇ ਦਾ ਕਾਰਨ ਸ਼ਰਾਬ ਹੈ। ਹਥਿਆਰਾਂ ਦੀ ਦੁਰਵਰਤੋਂ ਵੀ ਸ਼ਰਾਬੀਆਂ ਵੱਲੋਂ ਹੀ ਕੀਤੀ ਜਾਂਦੀ ਹੈ ਪਰ ਹਥਿਆਰ ਨਵਿਆਉਣ ਵਾਲੇ ਡੋਪ ਟੈਸਟ ਵਿੱਚੋਂ ਸ਼ਰਾਬ ਨੂੰ ਬਾਹਰ ਰੱਖਿਆ ਗਿਆ ਹੈ।

ਬਹੁਗਿਣਤੀ ਪੰਜਾਬੀ ਜਿਗਰ ਅਤੇ ਗੁਰਦੇ ਦੀ ਬੀਮਾਰੀ ਤੋਂ ਪੀੜਿਤ ਹੁੰਦੇ ਜਾ ਰਹੇ ਹਨ। ਕਿਸੇ ਵੀ ਸਰਕਾਰ ਨੂੰ ਕੋਈ ਚਿੰਤਾ ਨਹੀਂ ਹੈ। ਪੰਜਾਬ ਦੀਆਂ ਨਦੀਆਂ, ਜਮੀਨਦੋਜ਼ ਪਾਣੀ ਤੇ ਚਿੱਟੇ ਵਗੈਰਾ ਦੇ ਨਸ਼ੇ ਤੋਂ ਬਾਅਦ ਇਹ ਵੀ ਵੱਡੀ ਸਮੱਸਿਆ ਹੈ। ਸ਼ਰਾਬ ਨਾਲ ਬਰਬਾਦ ਹੋਏ ਘਰਾਂ ਬਾਰੇ ਕੋਈ ਅੰਕੜਾ ਕਿਸੇ ਸਰਕਾਰ ਪਾਸ ਨਹੀਂ ਹੈ ਪਰ ਇਸ ਨਾਲ ਸਰਕਾਰ ਦੀ ਆਮਦਨ ਵਿੱਚ ਵਾਧਾ ਜ਼ਰੂਰ ਹੁੰਦਾ ਹੈ, ਜਿਸ ਨਾਲ ਅਖੌਤੀ ਵਿਕਾਸ ਕੀਤਾ ਜਾਂਦਾ ਹੈ। ਪਤਾ ਨਹੀਂ ਇਹ ਬੀਮਾਰੀ ਕਦੋਂ ਪੰਜਾਬ ਦਾ ਖਹਿੜਾ ਛੱਡੇਗੀ।

**ਸਤਪਾਲ ਸਿੰਘ ਦਿਓਲ**

## ਦਿੱਲੀ 1984 ਅਤੇ ਫਰਵਰੀ 2020 ਦੇ ਕਾਲੇ ਦਿਨ

ਦੇਸ਼ ਦੀ ਕੌਮੀ ਰਾਜਧਾਨੀ ਦਿੱਲੀ ਦੇ ਉੱਤਰ-ਪੂਰਬੀ ਇਲਾਕੇ ਵਿੱਚ ਵੱਡੇ ਪੱਧਰ 'ਤੇ ਫਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਇਨਾਂ ਵਿੱਚ ਕਈ ਲੋਕ ਮੌਤ ਦੇ ਮੂੰਹ ਜਾ ਪਏ ਅਤੇ ਕਈਆਂ ਦਾ ਕਾਫ਼ੀ ਮਾਲੀ ਨੁਕਸਾਨ ਵੀ ਹੋਇਆ ਹੈ। ਉੱਤਰ-ਪੂਰਬੀ ਦਿੱਲੀ ਦੇ ਜਾਫਰਾਬਾਦ, ਮੌਜਪੁਰ, ਗੋਕੁਲਪੁਰੀ, ਭਜਨਪੁਰਾ ਅਤੇ ਹੋਰ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਅੱਗਜ਼ਨੀ ਤੇ ਜਮ ਕੇ ਪੱਥਰਬਾਜ਼ੀ ਹੋਈ। ਇਨਾਂ ਇਲਾਕਿਆਂ ਵਿਚ ਪੰਜਾਬੀ ਲੋਕਾਂ ਦੀ ਆਬਾਦੀ ਤਾਂ ਭਾਵੇਂ ਘਟ ਹੈ ਪਰ ਜੋ ਸਿੱਖ ਇਥੇ ਵਸਦੇ ਹਨ ਉਨਾਂ ਦਾ ਕਹਿਣਾ ਹੈ ਕਿ 1984 ਦੀ ਹਿੰਸਾ ਉਨਾਂ ਦੀਆਂ ਅੱਖਾਂ ਸਾਹਮਣੇ ਫਿਲਮ ਦੀ ਰੀਲ ਵਾਂਗ ਘੁੰਮ ਗਏ ਜੋ ਉਨਾਂ ਨੇ ਆਪਣੀਆਂ ਅੱਖਾਂ ਨਾਲ ਵੇਖੇ ਸਨ, ਉਹ ਖੌਫ਼ ਅੱਜ ਫਿਰ ਤਾਜ਼ਾ ਹੋ ਗਿਆ, ਉਹੀ ਮੰਜ਼ਰ, ਉਹੀ ਮਾਹੌਲ।

ਉੱਤਰ-ਪੂਰਬੀ ਦਿੱਲੀ ਦੇ ਗੋਕੁਲਪੁਰੀ ਇਲਾਕੇ ਵਿੱਚ ਰਹਿੰਦੇ ਪੰਜਾਬੀਆਂ ਦਾ ਕਹਿਣਾ ਹੈ ਕਿ ਉੱਤਰ-ਪੂਰਬੀ ਦਿੱਲੀ ਵਿੱਚ ਸਿੱਖਾਂ ਤੇ ਪੰਜਾਬੀਆਂ ਦੀ ਗਿਣਤੀ ਤਾਂ ਘਟ ਹੈ ਪਰ ਜੋ ਉਥੇ ਰਹਿ ਰਹੇ ਉਨਾਂ ਦੇ ਮਨਾਂ ਵਿਚ 1984 ਦੇ ਦਿਨਾਂ ਵਾਲਾ ਖੌਫ਼ ਹੈ। ਇਹ ਦੇਖ ਕੇ ਸਿੱਖਾਂ ਦੇ ਜ਼ਖਮ ਅੱਲੇ ਹੋ ਗਏ। ਉਨਾਂ ਲਈ ਤਿੰਨ ਦਿਨਾਂ ਦਾ ਤਣਾਅਪੂਰਨ ਮਾਹੌਲ ਕਾਫੀ ਮੁਸ਼ਕਿਲਾਂ ਭਰਿਆ ਰਿਹਾ।

ਇਧਰ ਰਹਿੰਦੇ ਕਈ ਪੰਜਾਬੀਆਂ ਨੇ ਇਹਤਿਆਤ ਦੇ ਮੱਦੇਨਜ਼ਰ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਅਤੇ ਆਪਣੇ ਪਰਿਵਾਰਾਂ ਨੂੰ ਹੋਰ ਇਲਾਕਿਆਂ ਵਿਚ ਵਸਦੇ ਆਪਣੇ ਰਿਸ਼ਤੇਦਾਰਾਂ ਕੋਲ ਸੁਰੱਖਿਅਤ ਥਾਂਵਾਂ 'ਤੇ ਭੇਜ ਦਿੱਤਾ ਹੈ। ਉਧਰ ਰਿਪੋਰਟਾਂ ਮੁਤਾਬਿਕ ਸੀਏਏ ਖ਼ਿਲਾਫ਼ ਭੜਕੀ ਫ਼ਿਰਕੂ ਹਿੰਸਾ ਦਾ ਨੋਟਿਸ ਲੈਂਦਿਆਂ ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਹ ਦਿੱਲੀ ਵਿੱਚ 1984 ਦੇ ਦੰਗਿਆਂ ਵਰਗੇ ਹਾਲਾਤ ਬਣਾਉਣ ਦੀ ਆਗਿਆ ਨਹੀਂ ਦੇਵੇਗੀ।

ਹਾਈ ਕੋਰਟ ਨੇ ਪੁਲੀਸ ਨੂੰ ਹਦਾਇਤ ਕੀਤੀ ਕਿ ਉਹ ਭੜਕਾਊ ਭਾਸ਼ਣ ਕਰਨ ਵਾਲੇ ਤਿੰਨ ਭਾਜਪਾ ਆਗੂਆਂ ਖ਼ਿਲਾਫ਼ ਕੇਸ ਦਰਜ ਕਰਨ ਸਬੰਧੀ 'ਸੁਚੇਤ ਫੈਸਲਾ' ਲਏ। ਆਗੂਆਂ ਵਿੱਚ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ, ਸੰਸਦ ਮੈਂਬਰ ਪਰਵੇਸ਼ ਵਰਮਾ ਤੇ ਕਪਿਲ ਮਿਸ਼ਰਾ ਸ਼ਾਮਲ ਹਨ। ਇਨਾਂ ਤਿੰਨਾਂ ਨੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵਿੱਚ ਕਥਿਤ ਭੜਕਾਉਣ ਵਾਲੇ ਭਾਸ਼ਣ ਕੀਤੇ ਸਨ।

ਉਧਰ ਕਾਨੂੰਨ ਤੇ ਨਿਆਂ ਮੰਤਰਾਲਾ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਦਿੱਲੀ ਹਿੰਸਾ ਮਾਮਲੇ ਦੀ ਸੁਣਵਾਈ ਕਰ ਰਹੇ ਜਸਟਿਸ ਐੱਸ. ਮੁਰਲੀਧਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਤਬਦੀਲ ਕਰ ਦਿੱਤਾ। ਜਸਟਿਸ ਮੁਰਲੀਧਰ ਨੇ ਬੁੱਧਵਾਰ ਨੂੰ ਕੇਸ ਦੀ ਸੁਣਵਾਈ ਦੌਰਾਨ ਸਰਕਾਰ ਤੇ ਦਿੱਲੀ ਪੁਲੀਸ ਨੂੰ ਸਖ਼ਤ ਸਵਾਲ ਪੁੱਛੇ ਸੀ। ਇਸ ਤੋਂ ਪਹਿਲਾਂ ਜਸਟਿਸ ਮੁਰਲੀਧਰ ਨੂੰ ਇਸ ਕੇਸ ਦੀ ਸੁਣਵਾਈ ਤੋਂ ਲਾਂਭੇ ਕਰਦਿਆਂ ਕੇਸ ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਡੀ.ਐੱਨ.ਪਟੇਲ ਦੀ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਅਦਾਲਤ ਨੇ ਤਲਖ਼ ਟਿੱਪਣੀ ਕਰਦਿਆਂ ਕਿਹਾ ਕਿ ਉਹ ਦਿੱਲੀ ਵਿੱਚ 1984 ਦੇ ਦੰਗਿਆਂ ਵਰਗੇ ਹਾਲਾਤ ਬਣਾਉਣ ਦੀ ਆਗਿਆ ਨਹੀਂ ਦੇਣਗੇ। ਵਿਸ਼ੇਸ਼ ਕਮਿਸ਼ਨਰ ਪ੍ਰਵੀਰ ਰੰਜਨ ਨੇ ਬੈਂਚ ਨੂੰ ਯਕੀਨ ਦਿਵਾਇਆ ਕਿ ਉਹ ਖੁਦ ਪੁਲੀਸ ਕਮਿਸ਼ਨਰ ਨਾਲ ਬੈਠ ਕੇ ਹੀ ਸਾਰੀਆਂ ਵੀਡੀਓ ਕਲਿੱਪਜ਼ ਨੂੰ ਵੇਖਣ ਮਗਰੋਂ ਐਫਆਈਆਰ ਦਰਜ ਕਰਨ ਸਬੰਧੀ ਫੈਸਲਾ ਲੈਣਗੇ।

ਇਸ ਦੌਰਾਨ ਰਿਪੋਰਟਾਂ ਮੁਤਾਬਿਕ ਖਜੂਰੀ ਖਾਸ ਖੇਤਰ ਵਿੱਚ ਦੋ ਦਿਨ ਪਹਿਲਾਂ ਘਰੋਂ ਪ੍ਰੀਖਿਆ ਦੇਣ ਲਈ ਸਕੂਲ ਗਈ 13 ਸਾਲਾ ਲੜਕੀ ਅਜੇ ਵੀ ਲਾਪਤਾ ਹੈ। ਵਿਦਿਆਰਥਣ ਸੋਨੀਆ 8ਵੀਂ ਜਮਾਤ ਵਿੱਚ ਪੜਦੀ ਹੈ। ਉਧਰ ਦਿੱਲੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਸਵਾਤੀ ਮਾਲੀਵਾਲ ਨੇ ਸੀਨੀਅਰ ਪੁਲੀਸ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਹਿੰਸਾਗ੍ਰਸਤ ਇਲਾਕਿਆਂ ਦੀਆਂ ਔਰਤਾਂ ਤੋਂ ਕਈ ਸ਼ਿਕਾਇਤਾਂ ਮਿਲਣ ਬਾਰੇ ਸੂਚਿਤ ਕੀਤਾ। ਮਾਲੀਵਾਲ ਨੇ ਕਿਹਾ ਕਿ ਉਨਾਂ ਨੂੰ 181 ਹੈਲਪਲਾਈਨ 'ਤੇ ਕਰਾਵਲ ਨਗਰ, ਦਿਆਲਪੁਰਾ, ਭਜਨਪੁਰਾ ਤੇ ਗੋਕੁਲਪੁਰੀ ਤੋਂ ਸ਼ਿਕਾਇਤਾਂ ਮਿਲੀਆਂ ਹਨ।

ਦਿੱਲੀ ਦੀ ਹਿੰਸਾ ਭਾਵੇਂ 1984 ਦੇ ਹੋਵੇ ਜਾਂ ਫਰਵਰੀ, 2020 ਦੇ ਹੋਵੇ ਇਸ ਵਿਚ ਮਜ਼ਲੂਮਾਂ ਦਾ ਘਾਣ ਕਰਨ, ਨਿਹੱਥੇ ਬੇਕਸੂਰਾਂ ਦੇ ਕਤਲ ਅਤੇ ਗਰੀਬਾਂ ਦੇ ਘਰ ਸਾੜਨ ਵਾਲੇ ਕੌਣ ਹਨ। ਫਰਵਰੀ 2020 ਦੇ ਇਹ ਕਾਲੇ ਦਿਨ ਵੀ 1984 ਵਾਂਗ ਇਤਿਹਾਸ ਵਿਚ ਦਰਜ ਹੋ ਜਾਣਗੇ। ਜੇ ਹਾਕਮ ਅਜੇ ਵੀ ਨਹੀਂ ਜਾਗਣਗੇ ਤਾਂ ਉਨਾਂ ਨੂੰ ਇਨਾਂ ਦੇ ਸਿਆਸੀ ਨਤੀਜੇ ਭੁਗਤਣ ਲਈ ਵੀ ਕੰਧ ਉਤੇ ਲਿਖਿਆ ਪੜ ਲੈਣਾ ਚਾਹੀਦਾ ਹੈ।

**ਅਵਤਾਰ ਸਿੰਘ**

## ਅਮਿਤ ਸ਼ਾਹ ਤੇ ਮੋਦੀ ਦੀ ਵਿਚਾਰਧਾਰਕ ਦੋਸਤੀ

ਦਸੰਬਰ ਵਿਚ ਹੋਈ ਗੱਲਬਾਤ ਦੌਰਾਨ ਵਿਦਵਾਨ ਅਫ਼ਸਰਸ਼ਾਹ ਨੇ ਮੈਨੂੰ ਪੁੱਛਿਆ ਕਿ ਅਮਿਤ ਸ਼ਾਹ ਨੂੰ ਕੀ ਨਰਿੰਦਰ ਮੋਦੀ ਦੇ ਓਨਾ ਨੇੜੇ ਸਮਝਿਆ ਜਾ ਸਕਦਾ ਹੈ ਜਿੰਨੇ ਕ੍ਰਿਸ਼ਨਾ ਮੈਨਨ ਹੋਰੀਂ ਜਵਾਹਰ ਲਾਲ ਨਹਿਰੂ ਦੇ ਨੇੜੇ ਸਨ। ਮੈਂ ਜੁਆਬ ਦਿੱਤਾ ਕਿ ਇਨਾਂ ਦੋਵਾਂ ਦਾ ਰਿਸ਼ਤਾ ਉਸ ਤੋਂ ਵਧੇਰੇ ਨਜ਼ਦੀਕੀ ਹੈ। ਪਿਛਲੇ ਕੁਝ ਮਹੀਨਿਆਂ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨੂੰ ਗ੍ਰਹਿ ਮੰਤਰੀ ਬਦਲ ਦੇਣਾ ਚਾਹੀਦਾ ਸੀ। ਦੋਵਾਂ ਵਿਅਕਤੀਆਂ ਦੇ ਪਰਸਪਰ ਸਬੰਧਾਂ ਜੋ ਨਹਿਰੂ ਅਤੇ ਮੈਨਨ ਵਾਂਗ ਹੀ ਨਿੱਜੀ ਅਤੇ ਵਿਚਾਰਧਾਰਕ ਦੋਵੇਂ ਤਰਾਂ ਦੇ ਹਨ, ਕਾਰਨ ਅਜਿਹਾ ਹੋਣਾ ਸੰਭਵ ਨਹੀਂ ਜਾਪਦਾ।

ਇਸ ਗੱਲਬਾਤ ਨੂੰ ਦੋ ਮਹੀਨੇ ਬੀਤ ਚੁੱਕੇ ਹਨ। ਇਸ ਸਮੇਂ ਦੌਰਾਨ ਸ੍ਰੀ ਸ਼ਾਹ ਨੇ ਦਿੱਲੀ ਵਿਚ ਧਰੁਵੀਕਰਨ ਵਾਲੀ ਚੋਣ ਮੁਹਿੰਮ ਚਲਾਈ। ਜਦੋਂ ਦਿੱਲੀ ਪੁਲੀਸ (ਜੋ ਗ੍ਰਹਿ ਮੰਤਰੀ ਦੇ ਅਧੀਨ ਹੈ) ਨੇ ਰਾਜਧਾਨੀ ਵਿਚਲੀਆਂ ਯੂਨੀਵਰਸਿਟੀਆਂ ਵਿਚ ਭੰਨਤੋੜ ਕੀਤੀ ਤਾਂ ਉਨਾਂ ਕੁਝ ਨਹੀਂ ਕੀਤਾ। ਹਾਲ ਹੀ ਵਿਚ ਭਾਜਪਾ ਆਗੂਆਂ ਵੱਲੋਂ ਅਜਿਹੀਆਂ ਭੜਕਾਊ ਤਕਰੀਰਾਂ ਕੀਤੇ ਜਾਣ ਦੇ ਮਾਮਲੇ ਵਿਚ ਉਹ ਤਮਾਸ਼ਾ ਦੇਖਦੇ ਰਹੇ। ਇਨਾਂ ਤਕਰੀਰਾਂ ਨੇ ਅਮਰੀਕੀ ਰਾਸ਼ਟਰਪਤੀ ਦੇ ਦੌਰੇ ਦੌਰਾਨ ਰਾਜਧਾਨੀ ਦੇ ਕਈ ਹਿੱਸਿਆਂ ਵਿਚ ਫ਼ਿਰਕੂ ਅੱਗ ਲਾ ਦਿੱਤੀ।

ਅਮਿਤ ਸ਼ਾਹ ਨੂੰ ਦੇਸ਼ ਦਾ ਗ੍ਰਹਿ ਮੰਤਰੀ ਬਣਿਆਂ ਹਾਲੇ ਇਕ ਸਾਲ ਵੀ ਨਹੀਂ ਹੋਇਆ। ਇੰਨੇ ਘੱਟ ਵਕਫ਼ੇ ਦੌਰਾਨ ਉਨਾਂ ਦੇ ਸ਼ਬਦਾਂ ਅਤੇ ਕਾਰਵਾਈਆਂ ਕਾਰਨ ਸਾਡੇ ਹਮੇਸ਼ਾਂ ਤੋਂ ਨਾਜ਼ੁਕ ਰਹੇ ਸਮਾਜਿਕ ਤਾਣੇ-ਬਾਣੇ ਨੂੰ ਵੱਡਾ ਨੁਕਸਾਨ ਪੁੱਜਿਆ ਹੈ। ਇਹ ਗੱਲ ਵਿਆਪਕ ਪੱਧਰ 'ਤੇ ਮਹਿਸੂਸ ਕੀਤੀ ਗਈ ਹੈ। ਇਸੇ ਲਈ ਨਵਾਂ ਗ੍ਰਹਿ ਮੰਤਰੀ ਲਾਉਣ ਦੀ ਮੰਗ ਸੋਸ਼ਲ ਮੀਡੀਆ ਉੱਤੇ ਅਤੇ ਵਿਰੋਧੀ ਧਿਰਾਂ ਦੇ ਕੁਝ ਆਗੂਆਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਇਹ ਮੰਗ ਸੁਣੀ ਹੈ, ਪਰ ਨਿਆਂ ਤੇ ਕੌਮੀ ਹਿੱਤਾਂ ਦੀ ਰਾਖੀ ਲਈ ਉਹ ਇਸ ਉੱਤੇ ਸ਼ਾਇਦ ਹੀ ਅਮਲ ਕਰਨ।

**ਰਾਮਚੰਦਰ ਗੁਹਾ**

## ਬਿਮਾਰ ਕਲਮਾਂ ਕਾਰਨ ਪੰਜਾਬੀ ਸਮਾਜ ਬਿਮਾਰ

ਬਹੁਤ ਦੇਰ ਦੀ ਗੱਲ ਹੈ। ਮੈਂ ਇਕ ਦੁਕਾਨ ਤੋਂ ਸਾਮਾਨ ਖ਼ਰੀਦ ਰਿਹਾ ਸੀ। ਟੀਵੀ 'ਤੇ ਇਕ ਪੰਜਾਬੀ ਗਾਇਕ ਇਕ ਹੱਥ ਵਿਚ ਸ਼ਰਾਬ ਤੇ ਦੂਸਰੇ ਹੱਥ ਵਿਚ ਪਿਸਤੌਲ ਫੜ ਕੇ ਗੋਲ਼ੀਆਂ ਦੀ ਬੌਛਾੜ ਵਾਲਾ ਗੀਤ ਗਾ ਕੇ ਨੱਚ ਰਿਹਾ ਸੀ। ਦੁਕਾਨ 'ਤੇ ਕੰਮ ਕਰਦਾ 15 ਕੁ ਸਾਲ ਦਾ ਲੜਕਾ ਆਪਣੇ ਇਕ ਹੱਥ ਵਿਚ ਗਲਾਸ ਤੇ ਦੂਸਰੇ ਹੱਥ ਵਿਚ ਇਕ ਲੱਕੜ ਦੇ ਟੁਕੜੇ ਨੂੰ ਪਿਸਤੌਲ ਬਣਾ ਕੇ ਗੋਲ਼ੀਆਂ ਚਲਾਉਣ ਦੀ ਐਕਟਿੰਗ ਕਰਦਾ ਹੋਇਆ ਉਹੀ ਗੀਤ ਗਾ ਰਿਹਾ ਸੀ। ਦੇਖਣ ਨੂੰ ਤਾਂ ਇਹ ਮਾਮੂਲੀ ਨਕਲ ਲੱਗਦੀ ਸੀ ਪਰ ਮਾਮੂਲੀ ਨਹੀਂ ਸੀ। ਇਕ ਬਿਮਾਰ ਕਲਮ ਨੇ ਇਸ ਮਾਸੂਮ ਦੀ ਮਾਨਸਿਕਤਾ ਨੂੰ ਅਪਾਹਜ ਕਰ ਦਿੱਤਾ ਸੀ। ਮੈਂ ਸੋਚਣ ਲੱਗਾ ਕਿ ਮਾਨਸਿਕਤਾ ਅਨੁਸਾਰ ਹੀ ਇਸ ਦਾ ਸੁਭਾਅ ਬਣੇਗਾ ਅਤੇ ਸੁਭਾਅ ਅਨੁਸਾਰ ਹੀ ਕਰਮ ਕਮਾਏਗਾ। ਸ਼ਰਾਬ ਪੀਵੇਗਾ, ਗੋਲ਼ੀਆਂ ਚਲਾਏਗਾ ਅਤੇ ਬੇਗਾਨੀਆਂ ਧੀਆਂ-ਭੈਣਾਂ ਦੀ ਆਬਰੂ ਨਾਲ ਖਿਲਵਾੜ ਕਰੇਗਾ। ਕੁਝ ਦਿਨ ਪਹਿਲਾਂ ਮੈਂ ਫਿਰ ਉਸ ਦੁਕਾਨ 'ਤੇ ਗਿਆ। ਮੈਂ ਦੁਕਾਨਦਾਰ ਨੂੰ ਪੁੱਛਿਆ ਕਿ ਤੁਹਾਡੇ ਕੋਲ ਇਕ ਛੋਟਾ ਜਿਹਾ ਲੜਕਾ ਕੰਮ ਕਰਦਾ ਸੀ, ਨਜ਼ਰ ਨਹੀਂ ਆ ਰਿਹਾ। ਦੁਕਾਨਦਾਰ ਬੋਲਿਆ, "ਕੀ ਦੱਸੀਏ। ਉਹਨੂੰ ਤਾਂ ਸ਼ਰਾਬ ਦੀ ਲਤ ਲੱਗ ਗਈ। ਮਾੜੀ ਸੰਗਤ 'ਚ ਪੈ ਗਿਆ। ਕਿਸੇ ਕੁੜੀ ਨੂੰ ਛੇੜਦਾ ਫੜਿਆ ਗਿਆ। ਜੇਲ 'ਚ ਬੈਠੇ ਨੂੰ ਅੱਜ ਪੰਦਰਾਂ ਦਿਨ ਹੋ ਗਏ ਹਨ। ਪਿਉ ਪਹਿਲਾਂ ਹੀ ਪੂਰਾ ਹੋ ਗਿਆ ਸੀ। ਆਹ ਹੁਣੇ ਮਾਂ ਵਿਚਾਰੀ ਰੋਂਦੀ ਗਈ ਹੈ। ਮੈਂ ਕੋਲੋਂ ਰਾਸ਼ਨ ਦਿੱਤਾ ਹੈ।"

ਕੀ ਤੁਹਾਨੂੰ ਪਤਾ ਹੈ ਕਿ ਇਸ ਸਭ ਦਾ ਜ਼ਿੰਮੇਵਾਰ ਕੌਣ ਸੀ ? ਬਿਮਾਰ ਕਲਮ। ਜੇ ਕੰਨਾਂ 'ਚ ਸ਼ਰਾਬ ਤੇ ਹੋਰ ਨਸ਼ੀਲੇ ਪਦਾਰਥ, ਹਥਿਆਰ ਤੇ ਹੋਰ ਮਾੜੇ ਬੋਲ ਪੈਣਗੇ ਹਨ ਤਾਂ ਇਹ ਉਸ ਦੇ ਜ਼ਿਹਨ ਵਿਚ ਵੱਸ ਜਾਣਗੇ। ਇਹ ਬੋਲ ਹੌਲੀ-ਹੌਲੀ ਕਰਮ ਵਿਚ ਤਬਦੀਲ ਹੋ ਜਾਣਗੇ। ਇਹ ਬਿਮਾਰ ਕਲਮਾਂ ਸਾਡੇ ਸੱਭਿਆਚਾਰ ਦੇ ਸੇਵਾਦਾਰ ਤੇ ਅਲੰਬਰਦਾਰ ਕਹਾਉਣ ਵਾਲੇ ਗੀਤਕਾਰਾਂ ਅਤੇ ਗਾਇਕਾਂ ਦੀਆਂ ਹਨ ਜੋ ਨਿੱਤ ਨਵੇਂ ਗੀਤ ਲਿਖ ਜਾਂ ਗਾ ਕੇ ਸੁਣਨ ਵਾਲਿਆਂ ਦੀ ਮਾਨਸਿਕਤਾ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ ਜਿਸ ਕਾਰਨ ਸਮਾਜ ਬਿਮਾਰ ਹੋ ਰਿਹਾ ਹੈ। ਪੰਜਾਬ ਵਿਚ ਨਸ਼ਿਆਂ ਦਾ ਕਾਰਨ ਬਿਮਾਰ ਕਲਮਾਂ ਹੀ ਹਨ।

ਬਿਮਾਰ ਕਲਮਾਂ ਵਾਲਿਆਂ ਨੇ ਚੰਗੇ-ਭਲੇ ਵਿਦਿਆਰਥੀਆਂ ਦਾ ਬੇੜਾ ਗਰਕ ਕਰ ਦਿੱਤਾ ਹੈ। ਅੱਜ ਸਮਾਜ ਨੂੰ ਬਿਮਾਰ ਨਹੀਂ, ਤੰਦਰੁਸਤ ਕਲਮ ਦੀ ਲੋੜ ਹੈ ਜਿਹੜੀ ਤੰਦਰੁਸਤ ਸਮਾਜ ਸਿਰਜੇ। ਜਿਸ ਕਲਮ ਬਾਰੇ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ 'ਧੰਨ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ।। ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।।' (ਅੰਗ 1291)। ਜੇਕਰ ਇਹ ਬਿਮਾਰ ਕਲਮਾਂ ਇਸੇ ਤਰਾਂ ਲਿਖਦੀਆਂ ਰਹੀਆਂ ਤਾਂ ਇਹ ਸਮਾਜ ਨੂੰ ਹੋਰ ਵੀ ਬੁਰੀ ਤਰਾਂ ਬਿਮਾਰ ਕਰ ਦੇਣਗੀਆਂ ਜਿਸ ਦੇ ਸਾਨੂੰ ਸਾਰਿਆਂ ਨੂੰ ਬੇਹੱਦ ਗੰਭੀਰ ਸਿੱਟੇ ਭੁਗਤਣੇ ਪੈਣਗੇ।

**ਸੁਖਮਿੰਦਰ ਸਿੰਘ ਸਹਿਸਰਾ**

## ਸੰਘਰਸ਼ ਕਰੋ, ਲੰਮੇ ਸਾਹ ਚਲੋ

ਗੁਰੂ ਸਾਹਿਬ ਨੇ ਸਦੀਆਂ ਪਹਿਲਾਂ ਕਿਹਾ ਸੀ ਕੋਈ ਕਿਸੇ ਨੂੰ ਪਾਤਸ਼ਾਹੀ ਨਹੀਂ ਦਿੰਦਾ, ਪਾਤਸ਼ਾਹੀ ਨਿਜ ਬਲ ਨਾਲ ਲਈ ਜਾਂਦੀ ਹੈ । ਇਹ ਅਜਿਹੀ ਵਿਆਪਕ ਸਚਾਈ ਹੈ ਕਿ ਹੁਣ ਹਰ ਕੋਈ ਇਸ ਬਾਰੇ ਪੂਰੀ ਤਰਾਂ ਚੇਤੰਨ ਹੋ ਗਿਆ ਹੈ । ਅੱਸੀਵਿਆਂ ਵਿਚ ਅਤੇ ਉਸ ਤੋਂ ਪਿਛੋਂ ਤਕ ਸਿਖ ਦੋਖੀਆਂ ਦੇ ਪਰਚਾਰ ਦੀ ਤਾਣ ਇਸ ਗਲ ਤੇ ਟੁਟਦੀ ਸੀ ਕਿ ਭਿੰਡਰਾਂਵਾਲੇ ਨੂੰ ਕਾਂਗਰਸ ਨੇ ਖੜਾ ਕੀਤਾ, ਯਾਨੀ ਭਿੰਡਰਾਂਵਾਲੇ ਨੂੰ ਸਿਖਾਂ ਅੰਦਰ ਮਕਬੂਲ ਕਾਂਗਰਸ ਨੇ ਕਰਵਾਇਆ। ਬੇਵਕੂਫੀ ਭਰੇ ਇਸ ਪਰਚਾਰ ਤੋਂ ਖਿਝੀ ਇੰਦਰਾ ਗਾਂਧੀ ਨੇ ਲੋਕ ਸਭਾ ਵਿਚ ਆਪ ਉਠ ਕੇ ਇਕ ਵਾਰ ਇਸ ਨੂੰ ਝੁਠਲਾਇਆ ਸੀ : 'ਕੋਈ ਕਿਸੇ ਬਿਗਾਨੇ ਨੂੰ ਤਾਕਤ ਨਹੀਂ ਦਿੰਦਾ' ਉਪਰੋਕਤ ਸਮੁਚੇ ਬਿਰਤਾਂਤ ਨੂੰ ਪਿਛੋਕੜ ਵਿਚ ਰਖ ਕੇ ਮੈਂ ਅਜੋਕੀ ਅਵਸਥਾ ਵਲ ਆਉਂਦਾ ਹਾਂ। ਲੋਕਰਾਜ ਦੇ ਸਾਡੇ ਵਿਲਖਣ ਪਰਬੰਧ ਅਧੀਨ ਇਕ ਨਾਟਕਬਾਜ਼ ਵਿਅਕਤੀ, ਉਸ ਦੀ ਜਾਤ, ਉਸ ਦੀ ਭਾਰਤੀ ਸਥਾਪਤੀ ਪ੍ਰਤੀ ਵਫਾਦਾਰੀ, ਉਸ ਦੇ ਚਲਾਕੀ-ਭਰੇ , ਭਰਮਾਊ ਜੁਮਲੇ ਆਦਿ ਆਦਿ ਵੋਟਾਂ ਖਿਚਣ ਵਿਚ ਵਡੀ ਭੂਮਕਾ ਨਿਭਾਉਂਦੇ ਹਨ । ਸਰਮਾਏਦਾਰੀ ਦੀ ਜਕੜ ਵਾਲਾ ਪਰਚਾਰ ਉਸ ਦੀ ਬਾਕਾਇਦਾ ਉਸਾਰੀ ਕਰਦਾ ਹੈ । ਇਨਾਂ ਸਾਰੇ ਗੁਣਾਂ ਰਾਹੀਂ ਆਰਵਿੰਦ ਕੇਜਰੀਵਾਲ ਦਾ ਉਭਾਰ ਕੀਤਾ ਗਿਆ । ਉਸ ਨੂੰ ਕਿਹੜੀ ਫਾਉਂਡੇਸ਼ਨ ਨੇ ਟਰੇਂਡ ਕੀਤਾ, ਕਿਸ ਕਿਸ ਨੇ ਉਸ ਨੂੰ ਸਿਧਾਂਤਕ ਅਗਵਾਈ ਦਿਤੀ, ਸਮੁਚ ਵਿਚ ਕਿਵੇਂ ਉਸ ਨੇ ਭਾਰਤੀ ਰਾਜਸੀ ਵਿਵਸਥਾ ਅੰਦਰ ਰਸਮ-'ਪਰਵਾਣਤ' ਵਿਰੋਧੀ ਧਿਰ ਬਣਨਾ ਹੈ, ਇਸ ਦੇ ਸਾਰੇ ਪਖ ਹੁਣ ਤਕ ਜਨਤਕ ਹੋ ਚੁਕੇ ਹਨ ।

ਪੰਜਾਬ ਉਪ-ਮਹਾਂਦੀਪ ਦਾ ਉਹ ਖੇਤਰ ਹੈ ਜਿਸ ਨੂੰ ਵਰਤਮਾਨ ਦੋ-ਤਾਕਤੀ ਸਿਸਟਮ ਨੇ ਦੱਬ ਕੇ ਕੁੱਟਿਆ ਤੇ ਲੁੱਟਿਆ ਹੈ । ਇਸ ਦੇ ਲੋਕ ਕਾਂਗਰਸ ਅਤੇ ਅਕਾਲੀਆਂ ਤੋਂ ਪੂਰੀ ਤਰਾਂ ਸਤ ਚੁਕੇ ਹਨ । ਸੂਝਵਾਨ ਪ੍ਰਤੀਬੱਧ ਪੰਜਾਬ/ਸਿਖ ਲੀਡਰਸ਼ਿਪ ਉਭਰ ਨਹੀਂ ਸਕੀ। ਇਸ ਕਾਰਨ ਪੰਜਾਬ ਦੇ ਨਿਰਾਸ ਹੋਏ ਲੋਕ ਰਾਜਸੀ ਕਲਿਆਣ ਦਾ ਕੋਈ ਰਾਹ ਲਭ ਰਹੇ ਹਨ ।

ਵਿਆਪਕ ਰਾਜਸੀ ਅਨਪੜਤਾ ਕਾਰਨ ਆਮ ਲੋਕਾਂ ਨੂੰ ਪਿਛਲੇ ਸੱਤ ਦਹਾਕਿਆਂ ਵਿਚ ਪੰਜਾਬ ਦੀ ਹੋਈ ਦੁਰਦਸ਼ਾ ਦੇ ਰਾਜਸੀ-ਆਰਥਕ ਕਾਰਨਾਂ ਦੀ ਹਾਥ ਨਹੀਂ ਲੱਗ ਸਕੀ । ਡਰੀ ਹੋਈ ਗ਼ੁਲਾਮ, ਭ੍ਰਿਸ਼ਟ ਲੀਡਰਸ਼ਿਪ ਨੇ ਲੋਕਾਂ ਨੂੰ ਹਕੀਕਤਾਂ ਤੋਂ ਦੂਰ ਬਿਠਾਈ ਰਖਿਆ ।

ਸੰਖੇਪ ਵਿਚ ਗਲ ਕੀਤੀ ਜਾਵੇ ਤਾਂ ਮੰਨਣਾ ਪਵੇਗਾ ਕਿ ਪੰਜਾਬ ਵਿਚ ਹੁਣ ਤਕ ਆਮ ਪਾਰਟੀ ਦੇ ਉਭਾਰ ਦਾ ਸਿਹਰਾ ਇਕੱਲੇ ਆਰਵਿੰਦ ਕੇਜਰੀਵਾਲ ਦੇ ਸਿਰ ਬਝਦਾ ਹੈ। 'ਕੇਜਰੀਵਾਲ, ਕੇਜਰੀਵਾਲ, ਸਾਰਾ ਪੰਜਾਬ ਤੇਰੇ ਨਾਲ' ਇਸ ਹਕੀਕਤ ਅਗੇ ਸਿਰ ਝੁਕਾਉਣ ਅਤੇ ਇਸ ਦੇ ਨਤੀਜੇ ਭੁਗਤਣ ਦੀ ਬਜਾਏ ਸਾਡੇ ਖੈਰੇ ਅਤੇ ਸੰਧੂ ਵਰਗੇ ਸੁਹਿਰਦ ਦੋਸਤ ਸਾਲਾਂ ਤੋਂ ਗ਼ੁੱਸਾ ਤੇ ਰੋਸਾ ਲੜ ਬੰਨੀ ਫਿਰਦੇ ਹਨ ਕਿ ਹਾਂ ਹਾਂ ਕੇਜਰੀਵਾਲ ਪੰਜਾਬ ਇਕਾਈ ਦੇ ਲੀਡਰਾਂ ਨਾਲ ਸਲਾਹ ਨਹੀਂ ਕਰਦਾ, ਪੁਛ ਕੇ ਨਹੀਂ ਚਲਦਾ, ਲੋਕਰਾਜੀ ਤੌਰ ਤਰੀਕੇ ਨਹੀਂ ਵਰਤਦਾ, ਦਿੱਲੀ ਤੋਂ ਧਾੜਵੀ ਗੈਂਗ ਭੇਜ ਦਿੰਦਾ ਹੈ ਆਦਿ ਆਦਿ ।

ਮੈਂ ਉਨਾਂ ਦੀ ਕਿਸੇ ਵੀ ਦਲੀਲ ਵਿਚ ਜਾਨ ਨਹੀਂ ਵੇਖਦਾ । ਉਹ ਜਵਾਕਾਂ ਵਾਲੀ ਰਿਹਾੜ ਕਰ ਰਹੇ ਹਨ । ਜਦ ਸਾਰੀ ਤਾਕਤ ਦਾ ਸਰੋਤ ਇਕ ਵਿਅਕਤੀ ਹੈ ਤਾਂ ਉਹ ਤੁਹਾਨੂੰ ਕਿਉਂ ਪੁਛੇ ? ਤੁਹਾਡੇ ਨਾਲ ਤਾਕਤ ਕਿਉਂ ਵੰਡਾਵੇ ? ਪੰਜਾਬ ਪਖੀ ਲੀਡਰਸ਼ਿਪ ਉਭਾਰਨ ਦਾ ਉਸ ਨੂੰ ਕੀ ਲਾਭ ? ਕਲ ਨੂੰ ਉਸ ਪਾਸੋਂ ਪੰਜਾਬ ਲਈ ਕੀ ਭਾਲਦੇ ਹੋ ? ਮੈਂ ਕਹਿੰਦਾ ਹਾਂ ਪਿਛੇ ਵਲ ਮੱਤ ਵੇਖੋ । ਸਿਧੇ ਹੋ ਕੇ ਪੰਜਾਬ ਦੇ ਲੋਕਾਂ ਉਪਰ ਟੇਕ ਰਖੋ, ਉਨਾਂ ਨੂੰ ਸਮੱਸਿਆਵਾਂ ਬਾਰੇ ਪੂਰੀ ਜਾਣਕਾਰੀ ਦਿਉ, ਸੰਘਰਸ਼ ਕਰੋ, ਲੰਮੇ ਸਾਹ ਚਲੋ ।

ਕੋਈ ਕਿਸੇ ਨੂੰ ਰਾਜਸੀ ਤਾਕਤ ਨਹੀਂ ਦਿੰਦਾ !

**ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਹਿੰਦੂਤਵ ਦੀ ਕਮਜ਼ੋਰੀ

ਹਿੰਦੂ ਲਈ ਆਰਥਿਕਤਾ ਮੁੱਖ ਹੈ । ਖਾਸ ਕਰਕੇ ਉੱਚ ਜਾਤੀ ਹਿੰਦੂ ਲਈ। ਆਵਦਾ ਰਾਜ ਜਾਂ ਹਿੰਦੂਤਵ ਦਾ ਪਸਾਰ ਉਹਦੇ ਲਈ ਦੂਜੇ ਨੰਬਰ ਤੇ ਹੈ। ਆਵਦਾ ਮਾਲੀ ਨੁਕਸਾਨ ਕਰਾ ਕੇ ਓਹ ਹਿੰਦੂਤਵ ਦਾ ਪਸਾਰ ਨਹੀਂ ਕਰਦਾ । ਹਾਂ ਹਿੰਦੂਤਵੀ ਸ਼ਕਤੀਆਂ ਦਾ ਸਾਥ ਦੇਣ ਨਾਲ ਆਰਥਿਕਤਾ ਤੇ ਕੋਈ ਅਸਰ ਨਾਂ ਪੈਂਦਾ ਹੋਵੇ ਯਾਂ ਆਰਥਿਕਤਾ ਵਿੱਚ ਵਾਧਾ ਹੁੰਦਾ ਹੋਵੇ, ਉਥੋਂ ਤਕ ਹੀ ਇਹ ਸਾਥ ਦਿੰਦੇ ਹਨ ।ਕੋਈ ਵੱਧ ਧਨ ਦਾ ਪਰਲੋਭਨ ਦੇਵੇ ਇਹ ਲਕਸ਼ਮੀ ਦੇ ਪੁਜਾਰੀ ਓਸ ਪਾਸੇ ਲੁੜਕ ਜਾਂਦੇ ਹਨ।ਭਾਰਤੀ ਇਤਹਾਸ ਵਿੱਚ ਜਗਤ ਸੇਠ ਵਰਗੇ ਵਰਗ ਇਹਦੇ ਗਵਾਹ ਹਨ । ਬਾਬਾ ਸਾਹਿਬ ਅੰਬੇਡਕਰ ਨੇ ਗੋਲਵਾਲਕਰ ਦੇ ਹਿੰਦੂ ਧਰਮ ਦੇ ਫੈਲਾ ਦੇ ਸੁਪਨੇ ਵਿਚ ਇਹੋ ਕਮੀਂ ਦਸੀ ਸੀ ,ਕਿ ਇਹਦੇ ਲਈ ਧਨ ਦੀ ਲੋੜ ਪਊ ਤੇ ਹਿੰਦੂ ਸਮਾਜ ਪੱਲਿਉਂ ਮਾਇਆ ਨਹੀਂ ਦੇਣ ਦਾ ਜਿਗਰਾ ਰਖਦਾ । ਸਿੱਖਾਂ ਨੂੰ ਇਹਨਾਂ ਦਾ ਇਹ ਕਿਰਦਾਰ ਇਹਨਾਂ ਪ੍ਰਤੀ ਰਣ ਨੀਤੀ ਘੜਨ ਵੇਲੇ ਆਵਦੇ ਜਿਹਨ ਚ ਰੱਖਣਾ ਚਾਹੀਦਾ ਹੈ।

**ਅਜੈ ਪਾਲ ਸਿੰਘ**

## ਬਿਨੁ ਨਾਵੈ ਪੂਜ ਨ ਹੋਇ

ਦੁਨੀਆਵੀ ਹੋਰ ਧੰਦੇ ਕਰਨ ਵਾਲਿਆਂ ਵਿੱਚ ਜੇ ਕੋਈ ਕਿਸੇ ਚੀਜ ਵਿੱਚ ਮਿਲਾਵਟ ਜਾਂ ਕੋਈ ਸਰਕਾਰੀ ਨੌਕਰੀ ਕਰਨ ਵਾਲਾ ਰਿਸ਼ਵਤ ਲੈਂਦਾ ਹੈ ਤਾਂ ਉਸਨੂੰ ਸਮਾਜ ਬਹੁਤ ਬੁਰਾ ਭਲਾ ਆਖਦਾ ਹੈ ਪਰ ਜੋ ਲੋਕ ਸਿੱਖੀ ਪਹਿਰਾਵੇ ਵਿੱਚ ਗੁਰਮਤਿ ਦੇ ਨਾਂਅ ਹੇਠ ਕਰਾਮਾਤੀ ਕਹਾਣੀਆਂ ਬਣਾ ਕੇ ਸੁਣਾਉਂਦੇ ਹਨ ਤੇ ਸਿੱਖਾਂ ਦੀ ਸੋਚ ਨੂੰ ਸਹੀ ਦਿਸ਼ਾ ਦੀ ਬਜਾਏ ਸਗੋਂ ਕੁਰਾਹੇ ਪਾ ਰਹੇ ਹਨ, ਉਹਨਾਂ ਨੂੰ ਕਿਹਨਾ ਲਫਜਾਂ ਨਾਲ ਨਿਵਾਜੋਗੇ ?

ਸਤਿਕਾਰਯੋਗ ਹਨ, ਉਹ ਪ੍ਰਚਾਰਕ ਜਿਹੜੇ ਆਪਣੇ ਘਰ ਪ੍ਰੀਵਾਰ ਨੂੰ ਪਾਲਣ ਦੇ ਨਾਲ-ਨਾਲ ਸਿੱਖਾਂ ਨੂੰ ਵੀ ਆਪਣੇ ਵੱਲੋਂ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਹੀ ਸੋਝੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਲੋਕ ਫੋਕਟ ਦੇ ਕਰਮਾ ਤੋਂ ਨਿਜਾਤ ਪਾ ਕੇ ਬੁਬੇਕੀ (ਚੰਗੇ ਮਾੜੇ ਦੀ ਪਰਖ ਕਰਨ ਵਾਲੇ ) ਬਣ ਸਕਣ ।

ਗੁਰਬਾਣੀ ਦੇ ਇਸ ਸ਼ਬਦ ਤੋਂ ਇਹ ਹੀ ਸਿੱਧ ਹੁੰਦਾ ਹੈ ਕਿ 'ਨਾਮ' ਜਾਂਨੀਕਿ ਸ਼ਬਦ ਗੁਰੂ ਦੇ ਗਿਆਨ ਦੀ ਸੋਝੀ ਤੋਂ ਬਗੈਰ ਨਾਂ ਤਾਂ ਕੀਤੇ ਧਾਰਮਿਕ ਕੰਮਾ ਦੀ ਸੋਝੀ ਹੁੰਦੀ ਹੈ ਅਤੇ ਨਾ ਹੀ ਅਕਾਲ ਪੁਰਖ ਦੀ ਬਣੀ ਕੁਦਰਤ ਦੀ ਸੋਝੀ ਆਉਂਦੀ ਹੈ, ਜਿਸ ਵਿੱਚ ਅਕਾਲ ਪੁਰਖ ਆਪ ਹਰ ਪਾਸੇ ਰਚਿਆ ਮਿਚਿਆ ਹੋਇਆ ਹੈ ।

**ਸਲੋਕ ॥ ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥**

(ਮ:3 ,ਪੰਨਾ 317)

ਅਰਥ: ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿੰਦਾ ਹੈ, ਉਸ ਵਿਚ ਗਿਆਨ ਤੇ ਵਿਚਾਰ ਵਾਲੀ ਅਕਲਿ ਹੁੰਦੀ ਹੈ; ਉਹ ਹਰੀ ਦੇ ਗੁਣ ਗਾਉਂਦਾ ਹੈ ਤੇ ਹਿਰਦੇ ਵਿਚ (ਗੁਣਾਂ ਦਾ) ਹਾਰ ਪ੍ਰੋ ਲੈਂਦਾ ਹੈ, (ਆਚਰਨ ਦਾ) ਬੜਾ ਸੁੱਧ ਤੇ ਉੱਚੀ ਮਤਿ ਵਾਲਾ ਹੁੰਦਾ ਹੈ। ਜੋ ਮਨੁੱਖ ਉਸ ਦੀ ਸੰਗਤਿ ਕਰਦਾ ਹੈ ਉਸ ਨੂੰ ਭੀ ਉਹ (ਸੰਸਾਰ-ਸਾਗਰ ਤੋਂ) ਪਾਰ ਉਤਾਰ ਲੈਂਦਾ ਹੈ।

**ਟੀਕਾਕਾਰ: ਪ੍ਰੋ. ਸਾਹਿਬ ਸਿੰਘ ਜੀ**

## ਮਜ਼ਹਬ ਨਹੀਂ ਸਿਖਾਤਾ ਆਪਸ...

ਮੇਜਰ ਕਹਿਣ ਲੱਗਿਆ, "ਸਿਸਟਰ, ਇਹ ਮੇਰੇ ਪਿਤਾ ਨਹੀਂ ਹਨ।" ਨਰਸ ਹੈਰਾਨ ਹੋ ਗਈ ਤੇ ਕਹਿਣ ਲੱਗੀ, "ਫੇਰ ਤੁਸੀਂ ਪਹਿਲਾਂ ਕਿਉਂ ਨਹੀਂ ਬੋਲੇ ?" "ਮੈਂ ਬਜ਼ੁਰਗ ਦੀ ਹਾਲਤ ਵੇਖ ਕੇ ਚੁੱਪ ਕਰ ਗਿਆ ਸੀ। ਆਖ਼ਰ ਮੈਂ ਵੀ ਫੌਜੀ ਹਾਂ ਤੇ ਇਹ ਮੇਰੇ ਪਿਤਾ ਸਮਾਨ ਸਨ ਸੋ ਮੈਂ ਆਪਣੇ ਕਿਸੇ ਭਰਾ ਫੌਜੀ ਦਾ ਫਰਜ਼ ਨਿਭਾ ਦਿੱਤਾ," ਮੇਜਰ ਨੇ ਜਵਾਬ ਦਿੱਤਾ।

"ਫੇਰ ਤੁਸੀਂ ਏਥੇ ਆਏ ਕਿਉਂ ਸੀ," ਨਰਸ ਨੇ ਪੁੱਛਿਆ? "ਮੈਂ ਵਿਕਰਮ ਸਲਾਰੀਆ ਨੂੰ ਲੱਭਣ ਆਇਆ ਸੀ। ਉਸ ਦਾ ਜਵਾਨ ਪੁੱਤਰ ਕੱਲ ਜੰਮੂ ਕਸ਼ਮੀਰ ਵਿਚ ਅੱਤਵਾਦੀਆਂ ਹੱਥੋਂ ਮਾਰਿਆ ਗਿਆ ਤੇ ਮੈਂ ਉਸ ਦੀ ਖ਼ਬਰ ਲੈ ਕੇ ਆਇਆ ਸੀ ਕਿ ਪਿਤਾ ਨੂੰ ਹੌਸਲਾ ਦੇ ਸਕਾਂ। ਉਹ ਕਿੱਥੇ ਨੇ," ਮੇਜਰ ਨੇ ਸਾਰੀ ਗੱਲ ਦੱਸੀ। ਨਰਸ ਦੀਆਂ ਅੱਖਾਂ 'ਚ ਹੰਝੂ ਆ ਗਏ। ਉਹ ਬਜ਼ੁਰਗ ਦੀ ਲਾਸ਼ ਵੱਲ ਇਸ਼ਾਰਾ ਕਰ ਕੇ ਕਹਿਣ ਲੱਗੀ, "ਇਹ ਹੀ ਵਿਕਰਮ ਸਲਾਰੀਆ ਸਨ।"

ਇਸ ਤੋਂ ਬਾਅਦ ਪੂਰੀ ਐਮਰਜੈਂਸੀ ਵਿਚ ਚੁੱਪੀ ਛਾ ਗਈ। ਸਿਰਫ਼ ਮਰੀਜ਼ਾਂ ਦੀ ਹਾਏ ਹੀ ਸੁਣਦੀ ਸੀ। ਮੇਜਰ ਭੁਪਿੰਦਰ ਸਿੰਘ ਸਰਦਾਰ ਸਨ ਤੇ ਰੱਬੋਂ ਭੇਜੇ ਦੂਤ ਵਾਂਗ ਵਿਕਰਮ ਸਲਾਰੀਆ ਦੇ ਪੁੱਤਰ ਦੀ ਭੂਮਿਕਾ ਨਿਭਾ ਗਏ।

ਬਸ ਏਨੀ ਕੁ ਹੀ ਜ਼ਿੰਦਗੀ ਦੀ ਕਹਾਣੀ ਹੋਇਆ ਕਰਦੀ ਹੈ। ਕਿਸੇ ਲਈ ਮੋਢਾ ਬਣ ਸਕੀਏ ਤਾਂ ਜ਼ਿੰਦਗੀ ਸਫਲ ਹੈ ਪਰ ਕਿਸੇ ਦਾ ਮੋਢਾ ਵੱਢ ਰਹੇ ਹਾਂ ਤਾਂ ਉਹ ਇਨਸਾਨੀਅਤ ਦਾ ਮੋਢਾ ਵੱਢਿਆ ਜਾ ਰਿਹਾ ਹੀ ਗਿਣਿਆ ਜਾਵੇਗਾ। ਉਸ ਵਾਸਤੇ ਕਿਸੇ ਧਾਰਮਿਕ ਗ੍ਰੰਥ ਦਾ ਹਵਾਲਾ ਦੇਣ ਵਾਲਾ ਹੀ ਅਸਲ ਕਾਤਲ ਮੰਨਿਆ ਜਾਣਾ ਚਾਹੀਦਾ ਹੈ ਤੇ ਇਸੇ ਲਈ ਜੇ ਕੋਈ ਇਨਸਾਨ ਉਸ ਨੂੰ ਸਜ਼ਾ ਨਹੀਂ ਦੇ ਰਿਹਾ ਤਾਂ ਰੱਬੀ ਕਹਿਰ ਜ਼ਰੂਰ ਬਦਲਾ ਪੂਰਾ ਕਰ ਦਿੰਦਾ ਹੈ।

ਹਾਲੇ ਵੀ ਵੇਲਾ ਹੈ ਸੰਭਲ ਜਾਈਏ ਤੇ ਧਰਮ ਨੂੰ ਇਨਸਾਨਾਂ ਦੇ ਲਹੂ ਨਾਲ ਮੈਲਾ ਨਾ ਕਰੀਏ ਵਰਨਾ ਅਗਲੀਆਂ ਪੁਸ਼ਤਾਂ ਧਰਮ ਦਾ ਨਾਮੋ ਨਿਸ਼ਾਨ ਮਿਟਾ ਦੇਣਗੀਆਂ।

## ਮੋਹਨ ਭਾਗਵਤ ਹੋਏ...

ਹੌਲ਼ੀ ਹੌਲ਼ੀ ਇਹ ਇੱਕ ਹਿੰਸਕ ਤਰੀਕੇ ਵਾਲ਼ੀ ਫਿਰਕੂ ਸੈਨਾਵਾਦੀ ਜੱਥੇਬੰਦੀ ਵਿੱਚ ਬਦਲ ਗਿਆ। ਆਰ ਐਸ ਐਸ ਸ਼ੁੱਧ ਮਹਾਂਰਾਸ਼ਟਰੀ ਬ੍ਰਾਹਮਣਾਂ ਦੀ ਜੱਥੇਬੰਦੀ ਰਹੀ ਹੈ। (ਸੀ ਪੀ) ਮੱਧ ਪ੍ਰਦੇਸ਼ ਅਤੇ ਮਹਾਂਰਾਸ਼ਟਰ ਦੇ ਜਿਆਦਾਤਰ ਲੋਕ ਗੈਰ ਬ੍ਰਾਹਮਣ ਮਹਾਂਰਾਸ਼ਟਰੀ ਹਨ ਅਤੇ ਉਹਨਾਂ ਦੀ ਏਸ ਵਿੱਚ ਕੋਈ ਹਮਦਰਦੀ ਨਹੀਂ ਹੈ। ਦੂਜੇ ਸੂਬਿਆਂ ਵਿੱਚ ਵੀ ਮੁੱਖ ਜੱਥੇਬੰਦੀ ਆਗੂ ਅਤੇ ਪੁਰਾਣੇ ਕਾਰਕੁੰਨ ਮੁੱਖ ਰੂਪ ਵਿੱਚ ਮਹਾਂਰਾਸ਼ਟਰੀ ਬ੍ਰਾਹਮਣ ਹੀ ਪਾਏ ਜਾਂਦੇ ਹਨ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਮਹਾਂਰਾਸ਼ਟਰੀ ਬ੍ਰਾਹਮਣ ਆਰ ਐਸ ਐਸ ਜਰੀਏ ਭਾਰਤ ਵਿੱਚ ਪੇਸ਼ਵਾ ਰਾਜ ਸਥਾਪਿਤ ਕਰਨ ਦਾ ਸੁਪਨਾ ਦੇਖਦੀ ਰਹੀ ਹੈ । ਆਰ ਐਸ ਐਸ ਦਾ ਝੰਡਾ ਪੇਸ਼ਵਾਵਾਂ ਦਾ ਭਗਵਾਂ ਝੰਡਾ ਹੈ- ਮਹਾਂਰਾਸ਼ਟਰੀ ਸ਼ਾਸਕ (ਜੋ) ਅੰਗਰੇਜ਼ਾਂ ਤੋਂ ਹਾਰਨ ਵਾਲੇ ਆਖਰੀ ਹਾਕਮ ਸਨ ਅਤੇ (ਇਸ ਲਈ) ਭਾਰਤ ਵਿੱਚ ਅੰਗਰੇਜ਼ੀ ਰਾਜ ਦੇ ਅੰਤ ਤੋਂ ਬਾਅਦ ਮਹਾਂਰਾਸ਼ਟਰੀਆਂ ਨੂੰ ਹੀ ਸਿਆਸੀ ਸੱਤਾ ਸੌਂਪੀ ਜਾਵੇਗੀ। ਆਰ ਐਸ ਐਸ ਗੁਪਤ ਅਤੇ ਹਿੰਸਕ ਤਰੀਕਾ ਅਪਣਾਉਂਦਾ ਹੈ, ਜੋ 'ਫਾਸੀਵਾਦ' ਵੱਲ ਨੂੰ ਵਧਦਾ ਹੈ।

ਇਮਾਨਦਾਰ ਸਾਧਨਾਂ ਅਤੇ ਸੰਵਿਧਾਨਕ ਤਰੀਕਿਆਂ ਦਾ ਕੋਈ ਆਦਰ ਨਹੀਂ ਹੁੰਦਾ। ਜੱਥੇਬੰਦੀ ਦਾ ਕੋਈ ਸੰਵਿਧਾਨ ਨਹੀਂ ਹੈ, ਇਸਦੇ ਟੀਚੇ ਤੇ ਉਦੇਸ਼ਾਂ ਨੂੰ ਕਦੀ ਸਪੱਸ਼ਟ ਰੂਪ ਨਾਲ਼ ਪ੍ਰੀਭਾਸ਼ਤ ਨਹੀਂ ਕੀਤਾ ਗਿਆ। ਆਮ ਲੋਕਾਂ ਨੂੰ ਆਮ ਤੌਰ 'ਤੇ ਦੱਸਿਆ ਜਾਂਦਾ ਹੈ ਕਿ ਇਸਦਾ ਉਦੇਸ਼ ਸਿਰਫ ਸਰੀਰਕ ਸਿੱਖਿਆ ਹੈ, ਪਰ ਇਸਦੇ ਅਸਲ ਮਨਸੂਬੇ ਆਰ ਐਸ ਐਸ ਦੇ ਆਮ ਕਾਰਕੁੰਨਾਂ ਨੂੰ ਵੀ ਨਹੀਂ ਦੱਸੇ ਜਾਂਦੇ। ਕੇਵਲ ਮੁਖ ਆਗੂਆਂ ਨੂੰ ਹੀ ਵਿਸ਼ਵਾਸ ਵਿੱਚ ਰੱਖਿਆ ਜਾਂਦਾ ਹੈ। ਜੱਥੇਬੰਦੀ ਦਾ ਕੋਈ ਰਿਕਾਰਡ ਨਹੀਂ ਹੈ, ਕੋਈ ਵੇਰਵਾ ਨਹੀਂ ਹੈ, ਨਾ ਹੀ ਕੋਈ ਮੈਂਬਰਸ਼ਿਪ ਰਜਿਸਟਰ ਹੈ। ਆਮਦਨ 'ਤੇ ਖਰਚ ਦਾ ਵੀ ਕੋਈ ਰਿਕਾਰਡ ਨਹੀਂ ਹੈ। ਇਸ ਲਈ ਜੱਥੇਬੰਦੀ ਦੇ ਮਾਮਲੇ ਵਿੱਚ ਆਰ ਐਸ ਐਸ ਇੱਕਦਮ ਗੁਪਤ ਸੰਸਥਾ ਹੈ। ਨਤੀਜਨ ਇਹ.." (ਭਾਰਤੀ ਰਾਸ਼ਟਰੀ ਪੁਰਾਲੇਖ, ਸਰਦਾਰ ਪਟੇਲ ਪੱਤਰ ਵਿਹਾਰ, ਮਾਈਕ੍ਰੋਫਿਲਮ, ਰੋਲ ਸੰ-3 'ਆਰ ਐਸ ਐਸ ਤੇ ਇੱਕ ਟਿੱਪਣੀ' ਬਿਨਾਂ ਤਰੀਕ ਤੋਂ) ਅਜਿਹੀਆਂ ਕਈ ਘਟਨਾਵਾਂ ਚਾਹੇ ਉਹ ਪਹਿਲਾਂ ਦੀਆਂ ਹੋਣ ਜਾਂ ਹੁਣ ਦੀਆਂ ਇਹ ਦੱਸਣ ਲਈ ਕਾਫੀ ਹਨ ਕਿ ਧਰਮ ਅਤੇ ਸੰਸਕ੍ਰਿਤੀ ਦੀ ਦੁਹਾਈ ਦੇਣ ਵਾਲੀ ਆਰ ਐਸ ਐਸ ਦੀ ਸੰਸਕ੍ਰਿਤੀ ਦੰਗਿਆਂ ਅਤੇ ਕਤਲੇਆਮ ਨਾਲ਼ ਆਪਣੇ ਮਨਸੂਬਿਆਂ ਯਾਨਿ ਇੱਕ ਕੱਟੜਪੰਥੀ ਫਾਸ਼ੀਵਾਦੀ ਰਾਜ ਦੀ ਸਥਾਪਨਾ ਨੂੰ ਪੂਰਾ ਕਰਨਾ ਹੈ, ਜਿਸ ਵਿੱਚ ਲੋਕਾਂ ਦੇ ਮੁੱਢਲੇ ਅਧਿਕਾਰ ਖੋਹ ਕੇ ਸਰਮਾਏਦਾਰਾਂ ਦੀ ਸੇਵਾ ਕਰਦਿਆਂ ਇਹ ਖੁਦ ਵੀ ਮਲਾਈ ਲੁੱਟੇ।

ਤੁਹਾਨੂੰ ਇਹ ਵੀ ਯਾਦ ਕਰਵਾ ਦੇਈਏ ਕਿ ਮਈ 2014 ਵਿਚ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿਚ ਪੂਰਨ ਬਹੁਮਤ ਵਾਲ਼ੀ ਸਰਕਾਰ ਬਣਨ ਤੋਂ ਬਾਅਦ ਫਾਸੀਵਾਦੀ ਸੰਘ ਪਰਿਵਾਰ ਦੀ ਤਾਕਤ ਤੇਜ਼ੀ ਨਾਲ਼ ਵਧੀ ਹੈ। ਸੰਘ ਪਰਿਵਾਰ ਹੁਣ ਕੇਂਦਰ ਵਿਚ ਆਵਦੀ ਸਰਕਾਰ ਹੋਣ ਦਾ ਪੂਰਾ ਫਾਇਦਾ ਲੈਣ ਚਾਹ ਰਿਹਾ ਹੈ। ਦੇਸ਼ ਦੀਆਂ ਸਾਰੀਆਂ ਅਕਾਦਮਿਕ ਸੱਭਿਆਚਾਰਕ-ਮੀਡੀਆ ਸੰਸਥਾਵਾਂ 'ਤੇ ਕਬਜ਼ਾ ਕਰਨ ਲਈ ਪੱਬਾਂ ਭਾਰ ਹੋਇਆ ਹੈ ਅਤੇ ਤੇਜ਼ੀ ਨਾਲ ਇਹਨਾਂ 'ਤੇ ਕਾਬਜ਼ ਹੋ ਵੀ ਰਿਹਾ ਹੈ। ਸੰਘ ਪਰਿਵਾਰ ਨੇ ਪੂਰੇ ਦੇਸ਼ ਵਿਚ ਗੁੰਡਾ ਗਿਰੋਹਾਂ ਦੀਆਂ ਫੋਰਸਾਂ ਬਣਾਈਆਂ ਹੋਈਆਂ ਹਨ ਤੇ ਉਨਾਂ ਨੂੰ ਖੁੱਲ਼ੀ ਛੁੱਟੀ ਦੇ ਰੱਖੀ ਹੈ। ਪੁਲੀਸ, ਫੌਜ ਉਨਾਂ ਦਾ ਕੁਝ ਨਹੀਂ ਵਿਗਾੜ ਸਕਦੀ। ਧਾਰਮਿਕ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਅਤੇ ਇਸਾਈਆਂ, ਸਿੱਖਾਂ ਨੂੰ ਲਗਾਤਾਰ ਡਰਾਇਆ ਧਮਕਾਇਆ ਜਾ ਰਿਹਾ ਹੈ ਤੇ ਵਿਚਾਰਧਾਰਕ ਹਮਲੇ ਕੀਤੇ ਜਾ ਰਹੇ ਹਨ।

## ਵਰਲਡ ਸਿੱਖ ਪਾਰਲੀਮੈਂਟ ਵਲੋਂ

ਇਸ ਕਤਲੇਆਮ ਵਿੱਚ ਭਾਰਤੀ ਫੌਜ ਦੇ ਹੱਥ ਹੋਣ ਦੇ ਸਬੂਤ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਪੇਸ਼ ਕੀਤੇ ਹਨ। ਭਾਰਤ ਦੀ ਪੁਲਿਸ ਅਤੇ ਸਰਕਾਰ ਇੱਕ ਵਾਰ ਫਿਰ ਘੱਟ ਗਿਣਤੀ ਦੀ ਸੁਰੱਖਿਆ ਨਹੀ ਕਰ ਸਕੀ। ਵਰਲਡ ਸਿੱਖ ਪਾਰਲੀਮੈਂਟ ਨੇ ਸਾਰੇ ਸਿੱਖਾਂ ਨੂੰ ਤਾਕੀਦ ਕੀਤੀ ਕਿ ਭਾਰਤੀ ਸਰਕਾਰ ਦੇ ਨਸਲਕੁਸ਼ੀ ਦੇ ਇਰਾਦਿਆਂ ਨੂੰ ਠੱਲ ਪਾਉਣ ਲਈ ਆਪਣੀਆਂ ਆਵਾਜ਼ਾਂ ਮਜ਼ਲੂਮਾਂ ਦੇ ਹੱਕ ਵਿੱਚ ਹਰ ਥਾਂ ਉਪਰ ਬੁਲੰਦ ਕੀਤਾ ਜਾਵੇ।

## ਸਤਪਾਲ ਸਿੰਘ ਮੁਹਾਰ...

ਇਸ ਤੋਂ ਪਹਿਲਾਂ ਸਤਪਾਲ ਸਿੰਘ ਮੁਹਾਰ ਦੇ ਤਾਇਆ ਜੀ ਸ. ਪਰਗਟ ਸਿੰਘ ਮੁਹਾਰ ਯੂਸੀ ਬਰਕਲੇ ਤੋਂ ਪੀ ਐਚ ਡੀ ਕਰਕੇ ਗਏ ਸਨ ਜੋ ਕੀ ਬਾਅਦ ਵਿੱਚ ਬਿਹਾਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਬਣੇ । ਇਹੀ ਪ੍ਰੇਰਣਾਂ ਅਤੇ ਖਿੱਚ ਕਰਕੇ ਸੰਨ 1991 ਵਿੱਚ ਸ.ਸਤਪਾਲ ਸਿੰਘ ਮੁਹਾਰ ਅਮਰੀਕੀ ਸੁਪਨੇ ਪੂਰੇ ਕਰਨ ਲਈ ਕੈਲੀਫੋਰਨਿਆਂ ਦੇ ਸੈਨਹੋਜੇ ਸ਼ਹਿਰ ਆ ਗਏ । ਸ.ਸਤਪਾਲ ਸਿੰਘ ਮੁਹਾਰ ਕੈਲੀਫੋਰਨਿਆਂ ਦੇ ਸੈਨਹੋਜੇ ਸ਼ਹਿਰ ਵਿੱਚ 22 ਵਰੇ ਰਹੇ ਅਤੇ ਏਥੇ ਉਹਨਾਂ ਕਈ ਅਦਾਰਿਆਂ ਵਿੱਚ ਕੰਮ ਕੀਤਾ । ਉਹ ਪਿਛਲੇ 7 ਸਾਲਾਂ ਤੋ ਮੋਨਟਾਨਾ ਸਟੇਟ ਦੇ ਗਰੇਟ ਫਾਲਸ ਸਿਟੀ ਵਿੱਚ ਆਪਣੇ ਸਪੁੱਤਰ ਕੋਲ ਰਹਿੰਦੇ ਸਨ ਅਤੇ ਕੁਝ ਸਮੇਂ ਤੋਂ ਸਖਤ ਬਿਮਾਰ ਚੱਲ ਰਹੇ ਸਨ । ਸਤਪਾਲ ਸਿੰਘ ਮੁਹਾਰ ਪਿਛੇ ਆਪਣਾਂ ਹੱਸਦਾ-ਵੱਸਦਾ ਪਰਿਵਾਰ ਜਿਸ ਵਿੱਚ ਉਹਨਾਂ ਦੇ ਭਰਾ-ਭਰਜਾਈ, ਸਪੁੱਤਰ-ਨੂੰਹ, ਧੀਆਂ-ਜਵਾਈ, ਭਤੀਜੇ, ਭਤੀਜੀਆਂ, ਪੋਤਰੇ, ਪੋਤਰੀਆਂ, ਦੋਤਰੇ, ਦੋਤਰੀਆਂ ਹਨ, ਛੱਡ ਗਏ । ਸਤਪਾਲ ਸਿੰਘ ਮੁਹਾਰ ਦਾ ਅੰਤਿਮ ਸੰਸਕਾਰ ਮਿਤੀ 8 ਮਾਰਚ ਦਿਨ ਐਤਵਾਰ ਨੂੰ ਕਰੋਕਸਫੋਰਡ ਫੁਨਰਲ ਹੋਮ ਅਤੇ ਕਰੇਮਟੋਰੀ, 1307 ਸੈਨਟਰਲ ਐਵਨਯੂ, ਗਰੇਟ ਫਾਲਸ, ਮੋਨਟਾਨਾ-59401 ਵਿਖੇ 10 ਵਜੇ ਹੋਵੇਗਾ ਅਤੇ ਅੰਤਿਮ ਅਰਦਾਸ 2 ਵਜੇ 1001, 34-ਐਵਨਯੂ ਨੌਰਥ-ਇਸਟ, ਗਰੇਟ ਫਾਲਸ, ਮੋਨਟਾਨਾ-59404 ਵਿਖੇ ਹੋਵੇਗੀ ।

**ਸੰਪਰਕ ਬਾਬਤ:**

**ਸੰਦੀਪ ਸਿੰਘ ਮੁਹਾਰ 408-624-6912, ਹਰਿੰਦਰ ਸਿੰਘ ਸੀੜਾ 406-868-2062**


॥ ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ ॥

"God is the Creator of the Heavens and Earth, the One Light in All"

- Guru Gobind Singh Ji

SIKH COMMUNITY OF SOUTHERN CALIFORNIA

BAISAKHI 2020 CELEBRATION

KEERTAN DARBAR & NAGAR KEERTAN



Sunday, April 12, 2020 • 7:00am - 6:00pm

Los Angeles Convention Center

1201 S. FIGUEROA STREET, LOS ANGELES, CA 90015

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

AMRIT VELA PROGRAM
GURU RAM DAS ASHRAM
1620 Preuss Rd., Los Angeles, CA 90035

3:00 am Japji Sahib
3:20 am Asa di Var
6:20 am Grand Motorcade Procession of Siri Guru Granth Sahib Ji to Convention Center

KEERTAN DARBAR PROGRAM
Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras
12:00 pm Bhai Harjinder Singh, Srinagar Wale
12:30 pm Honored Guests
2:30 pm Grand Procession of Siri Guru Granth Sahib Ji to the Guru's Nagar Keertan Float
*Children's Activities Room • Baisakhi Bazaar*

LANGAR SERVED ALL DAY

NAGAR KEERTAN PROGRAM
3:00 pm - 6:00 pm
Gilbert Lindsay Plaza and Downtown Los Angeles
*• Delicious snacks served after the parade*
*• Gatka Demonstrations*

AMRIT SANCHAR
SATURDAY, APRIL 11, 2020
GURU RAM DAS ASHRAM
1620 Preuss Road • Los Angeles, CA 90035
3 am - Amrit Ceremony • 6 am - Kirtan Program
*For all Sikhs who are ready to receive the Guru's Amrit and live as Khalsa, please call: (310) 201-0954*

For more Baisakhi Celebration information,
Please call: (310) 201-0954

PLEASE ATTEND WITH YOUR FAMILY AND FRIENDS!
ALL ARE WELCOME

ਬੱਚਿਆਂ ਨੂੰ ਸ਼ਹੀਦ ਕਰਨ ਤੋਂ ਬਾਅਦ ਵਜ਼ੀਰ ਖ਼ਾਂ ਨੇ ਬੱਚਿਆਂ ਦੇ ਦਾਦੀ ਜੀ ਨੂੰ ਵੀ ਸ਼ਹੀਦ ਕਰ ਦਿੱਤਾ ਸੀ ਭਾਵੇਂ ਇਸ ਗੱਲ ਦੀ ਜਾਣਕਾਰੀ ਨਹੀਂ ਮਿਲਦੀ ਕਿ ਉਨਾਂ ਨੂੰ ਕਿਸ ਤਰਾਂ ਸ਼ਹੀਦ ਕੀਤਾ ਗਿਆ ਸੀ।

ਇਸ ਤਰਾਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੇ ਖ਼ਾਲਸੇ ਦੇ ਸੰਘਰਸ਼ ਨੂੰ ਬੜਾ ਬਲ ਬਖ਼ਸ਼ਿਆ ਸੀ। ਇੱਥੋਂ ਹੀ ਪ੍ਰੇਰਨਾ ਲੈ ਕੇ ਖ਼ਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿੱਚੋਂ ਮੁਗ਼ਲ ਸਾਮਰਾਜ ਨੂੰ ਢਹਿ-ਢੇਰੀ ਕਰਕੇ ਖ਼ਾਲਸੇ ਦਾ ਰਾਜ ਸਥਾਪਤ ਕਰ ਲਿਆ ਸੀ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਸਿੱਖ ਇਤਿਹਾਸ ਵਿੱਚ ਪਹਿਲੀ ਸ਼ਹਾਦਤ ਬੰਦਾ ਸਿੰਘ ਬਹਾਦਰ ਦੀ ਸੀ। ਬੰਦਾ ਸਿੰਘ ਬਹਾਦਰ ਲੜਾਈ ਦੇ ਖੇਤਰ ਵਿੱਚ ਵੀ ਬੇਮਿਸਾਲ ਸੀ, ਰਾਜਨੀਤਕ ਖੇਤਰ ਵਿੱਚ ਵੀ ਅਤੇ ਸ਼ਹਾਦਤ ਦੇ ਖੇਤਰ ਵਿੱਚ ਵੀ। ਇਸ ਲਈ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਤੋਂ ਬਿਲਕੁਲ ਵੱਖਰੀ ਕਿਸਮ ਦੀ ਸੀ।

ਬੰਦਾ ਸਿੰਘ ਬਹਾਦਰ ਨੇ ਜੰਗ ਦੇ ਮੈਦਾਨਾਂ ਵਿੱਚ ਦੁਸ਼ਮਣ ਨੂੰ ਮਾਰਿਆ ਵੀ ਅਤੇ ਉਜਾੜਿਆ ਵੀ। ਇਹ ਉਸ ਦੀ ਰਾਜਨੀਤਕ ਪ੍ਰਾਪਤੀ ਦਾ ਉਦੇਸ਼ ਸੀ। ਇਸ ਲਈ ਜਦੋਂ ਬੰਦਾ ਸਿੰਘ ਬਹਾਦਰ ਨੂੰ ਫੜਿਆ ਗਿਆ ਤਾਂ ਦੁਸ਼ਮਣ ਨੇ ਵੀ ਉਸ ਦਾ ਉਸੇ ਤਰਾਂ ਦਾ ਹਾਲ ਕਰਨ ਦਾ ਫ਼ੈਸਲਾ ਕਰ ਲਿਆ ਸੀ ਜਿਵੇਂ ਉਸ ਨੇ ਮੁਗ਼ਲ ਸਾਮਰਾਜ ਦਾ ਕੀਤਾ ਸੀ। ਇਸ ਲਈ ਜਦੋਂ ਬਾਦਸ਼ਾਹ ਜਾਂ ਬਾਦਸ਼ਾਹ ਦੇ ਅਧਿਕਾਰੀਆਂ ਦੀ ਗੱਲਬਾਤ ਬੰਦਾ ਸਿੰਘ ਬਹਾਦਰ ਨਾਲ ਹੁੰਦੀ ਸੀ ਤਾਂ ਬੰਦਾ ਸਿੰਘ ਬਹਾਦਰ ਦਾ ਜਵਾਬ ਹੁੰਦਾ ਸੀ ਕਿ ਉਹ ਆਪਣੇ ਮਿਸ਼ਨ ਦੀ ਪ੍ਰਾਪਤੀ ਵਿੱਚ ਸਿਰਫ਼ ਘੱਟ-ਗਿਣਤੀ ਫ਼ੌਜ ਹੋਣ ਕਰਕੇ ਨਾਕਾਮ ਹੋਇਆ ਹੈ ਪਰ ਉਸ ਦੀ ਮਾਨਸਿਕ ਦ੍ਰਿੜਤਾ ਉਸੇ ਤਰਾਂ ਹੀ ਕਾਇਮ ਹੈ। ਬੰਦਾ ਸਿੰਘ ਬਹਾਦਰ ਦਾ ਇਹ ਵੀ ਕਹਿਣਾ ਸੀ ਕਿ ਉਹ ਸਿਰਫ਼ ਆਪਣੇ ਗੁਰੂ ਦੇ ਹੁਕਮ ਨਾਲ ਹੀ ਇਸ ਮਾਰਗ ‘ਤੇ ਪਿਆ ਸੀ ਅਤੇ ਉਸ ਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਹੈ। ਉਹ ਹਕੂਮਤ ਦਾ ਕੈਦੀ ਹੈ ਇਸ ਲਈ ਜੇਕਰ ਹਕੂਮਤ ਉਸ ਨੂੰ ਮੌਤ ਤੋਂ ਨਹੀਂ ਡਰਾ ਸਕੇਗੀ ਤਾਂ ਇਹ ਹਕੂਮਤ ਦੀ ਹਾਰ ਹੋਵੇਗੀ। ਬੰਦਾ ਸਿੰਘ ਬਹਾਦਰ ਦੀ ਮੌਤ ਨੂੰ ਸਾਮਰਾਜ ਉੱਪਰ ਜਿੱਤ ਸਮਝਿਆ ਜਾਵੇਗਾ।

ਬੰਦਾ ਸਿੰਘ ਬਹਾਦਰ ਨਾਲ 780 ਸਿੰਘ ਹੋਰ ਫੜੇ ਗਏ ਸਨ। ਇਨਾਂ ਵਿੱਚ ਬੰਦਾ ਸਿੰਘ ਬਹਾਦਰ ਦੀ ਪਤਨੀ ਰਾਜਕੁਮਾਰੀ ਰਤਨ ਕੌਰ ਅਤੇ ਸਾਢੇ ਕੁ ਚਾਰ ਸਾਲ ਦਾ ਪੁੱਤਰ ਅਜੈ ਸਿੰਘ ਵੀ ਸ਼ਾਮਲ ਸੀ। ਇੱਥੇ ਵੀ 780 ਸਿੰਘਾਂ ਨੂੰ ਬੰਦਾ ਸਿੰਘ ਬਹਾਦਰ ਤੋਂ ਪਹਿਲਾਂ ਮਾਰਿਆ ਗਿਆ ਸੀ। ਇਨਾਂ ਵਿੱਚ ਜਿਹੜੇ 27 ਉੱਘੇ ਸਾਥੀ ਸਨ, ਉਨਾਂ ਨੂੰ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਮਾਰਿਆ ਗਿਆ ਸੀ। ਉਸ ਦੇ ਸਾਹਮਣੇ ਮਾਰਨ ਦਾ ਮਨੋਰਥ ਇਹ ਹੀ ਸੀ ਤਾਂ ਕਿ ਇਨਾਂ ਦੀ ਦਰਦਨਾਕ ਮੌਤ ਤੋਂ ਬੰਦਾ ਸਿੰਘ ਬਹਾਦਰ ਡਰ ਜਾਵੇ ਅਤੇ ਆਪਣੀ ਹਾਰ ਕਬੂਲ ਕਰ ਲਵੇ। ਇਸ ਕਰਕੇ ਸਮਝਿਆ ਜਾ ਸਕਦਾ ਹੈ ਕਿ ਜਿਨਾਂ 27 ਉੱਘੇ ਸਾਥੀਆਂ ਨੂੰ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਮਾਰਿਆ ਗਿਆ ਸੀ, ਉਨਾਂ ਨੂੰ ਜਲਾਦਾਂ ਨੇ ਪੂਰੀ ਤਰਾਂ ਤੜਫ਼ਾ ਕੇ ਮਾਰਿਆ ਹੋਵੇਗਾ। ਕਮਾਲ ਦੀ ਗੱਲ ਇਹ ਸੀ ਕਿ ਇਨਾਂ 780 ਸਿੰਘਾਂ ਵਿੱਚੋਂ ਕਿਸੇ ਇੱਕ ਨੇ ਵੀ ਆਪਣੇ ਸਿਦਕ ਨੂੰ ਨਹੀਂ ਛੱਡਿਆ ਸੀ। ਇਸ ਗੱਲ ਦੀ ਸ਼ਾਹਦੀ ਮੌਕੇ ਦੀਆਂ ਗਵਾਹੀਆਂ ਭਰਦੀਆਂ ਹਨ। ਗੱਲ ਕਿਉਂਕਿ ਉਸ ਨੇਤਾ ਨੂੰ ਡਰਾਉਣ ਅਤੇ ਈਨ ਮਨਵਾਉਣ ਦੀ ਸੀ ਜਿਸ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਸੰਘਰਸ਼ ਛੇੜਿਆ ਸੀ, ਇਸ ਲਈ ਹਕੂਮਤ 780 ਸਿੰਘਾਂ ਨੂੰ ਮਾਰ ਕੇ ਵੀ ਨਹੀਂ ਥੱਕੀ ਸੀ। ਉਸ ਨੇ ਇਸ ਮਹਾਨ ਸੂਰਬੀਰ ਨੂੰ ਡਰਾਉਣ ਲਈ ਆਪਣਾ ਅਖੀਰਲਾ ਹਥਿਆਰ ਵਰਤਿਆ। ਇਹ ਅਖੀਰਲਾ ਹਥਿਆਰ ਸੀ ਬੰਦਾ ਸਿੰਘ ਬਹਾਦਰ ਦੇ ਸਾਢੇ ਕੁ ਚਾਰ ਸਾਲਾਂ ਦੇ ਪੁੱਤਰ ਅਜੈ ਸਿੰਘ ਨੂੰ ਮਾਰਨ ਦਾ। ਗੱਲ ਤੈਅ ਸੀ ਕਿ ਬੰਦਾ ਸਿੰਘ ਬਹਾਦਰ ਧਰਮ ਨੂੰ ਹਾਰਦਾ ਸੀ ਤਾਂ ਗੁਰੂ ਦੇ ਮਿਸ਼ਨ ਦੀ ਹਾਰ ਹੁੰਦੀ ਸੀ। ਇਸ ਲਈ ਬੰਦਾ ਸਿੰਘ ਬਹਾਦਰ ਦਾ ਇਹੋ ਕਹਿਣਾ ਸੀ ਕਿ ਹਕੂਮਤ ਉਸ ਨੂੰ ਉਸ ਦੇ ਬੱਚੇ ਦੀ ਮੌਤ ਦਾ ਡਰਾਵਾ ਦੇ ਕੇ ਵੀ ਨਹੀਂ ਹਰਾ ਸਕੇਗੀ। ਹਕੂਮਤ ਨੇ ਇਹ ਹਥਿਆਰ ਵੀ ਵਰਤ ਲਿਆ ਸੀ। ਬੱਚੇ ਦੀ ਮੌਤ ਨੂੰ ਵੀ ਬੰਦਾ ਸਿੰਘ ਬਹਾਦਰ ਸਹਿ ਗਿਆ ਸੀ। ਆਖਰ ਬੰਦਾ ਸਿੰਘ ਬਹਾਦਰ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤਰਾਂ ਹਕੂਮਤ ਛਿੱਥੀ ਪੈ ਗਈ ਸੀ। ਇਹ ਹਕੂਮਤ ਦੇ ਮੂੰਹ ‘ਤੇ ਜ਼ਬਰਦਸਤ ਚਪੇੜ ਸੀ ਜਿਹੜੀ 780 ਸਿੰਘਾਂ ਅਤੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਮਾਰ ਗਈ ਸੀ। ਹਕੂਮਤ ਨੇ ਛਿੱਥਿਆਂ ਪੈ ਕੇ ਐਲਾਨ ਕਰ ਦਿੱਤਾ ਸੀ ਕਿ ਬੰਦਾ ਸਿੰਘ ਬਹਾਦਰ ਦੀ ਪਤਨੀ ਇਸਲਾਮ ਕਬੂਲ ਕਰ ਗਈ ਹੈ, ਇਸ ਲਈ ਉਸ ਨੂੰ ਛੱਡਿਆ ਜਾ ਰਿਹਾ ਹੈ। ਇਹ ਬਿਆਨ ਹਕੂਮਤ ਦਾ ਸੀ, ਕਿਸੇ ਮੌਕੇ ਦੇ ਗਵਾਹ ਦਾ ਨਹੀਂ ਸੀ। ਇਸ ਲਈ ਸਮਝਿਆ ਜਾ ਸਕਦਾ ਹੈ ਕਿ ਬੰਦਾ ਸਿੰਘ ਬਹਾਦਰ ਦੀ ਪਤਨੀ ਦਾ ਸਹਾਰਾ ਲੈ ਕੇ ਹਾਕਮਾਂ ਨੇ ਸਿਰਫ਼ ਆਪਣਾ ਮੂੰਹ ਹੀ ਛੁਪਾਇਆ ਸੀ। ਵੈਸੇ ਸੁਣਿਆ ਜਾਂਦਾ ਹੈ ਕਿ ਬਾਦਸ਼ਾਹ ਅਤੇ ਕਾਜ਼ੀ, ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਇੱਕ-ਦੂਜੇ ਵੱਲ ਦੇਖ ਨਹੀਂ ਸਕੇ ਸਨ ਅਤੇ ਨੀਵੀਆਂ ਪਾ ਕੇ ਉੱਥੋਂ ਚਲੇ ਗਏ ਸਨ। ਮੁਹੰਮਦ ਅਮੀਨ ਖ਼ਾਨ ਚੀਨ ਬਹਾਦਰ, ਜਿਸ ਦੀ ਹਿਰਾਸਤ ਵਿੱਚ ਬੰਦਾ ਸਿੰਘ ਬਹਾਦਰ ਨੂੰ ਲਗਾਤਾਰ ਰੱਖਿਆ ਗਿਆ ਸੀ, ਨੇ ਚੁੱਪਚਾਪ ਬੰਦਾ ਸਿੰਘ ਬਹਾਦਰ ਦੇ ਕੱਟੇ-ਵੱਢੇ ਗਏ ਅੰਗਾਂ ਨੂੰ ਇਕੱਠਿਆਂ ਕਰਕੇ ਇੱਕ ਸੰਦੂਕ ਵਿੱਚ ਬੰਦ ਕਰ ਦਿੱਤਾ ਸੀ। ਪਤਾ ਨਹੀਂ ਇਹ ਉਸ ਦੀ ਉਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਸੀ ਜਾਂ ਫਿਰ ਉਸ ਦਾ ਪਛਤਾਵਾ ਸੀ। ਜੇਕਰ ਬੰਦਾ ਸਿੰਘ ਬਹਾਦਰ ਦੀ ਪਤਨੀ ਨੇ ਡਰ ਕੇ ਇਸਲਾਮ ਹੀ ਕਬੂਲ ਕਰਨਾ ਸੀ ਫਿਰ ਤਾਂ ਉਸ ਨੇ ਇਹ ਕਦਮ ਘੱਟੋ-ਘੱਟ ਆਪਣੇ ਪੁੱਤਰ ਦੀ ਸ਼ਹਾਦਤ ਤੋਂ ਪਹਿਲਾਂ ਚੁੱਕਣਾ ਸੀ ਤਾਂ ਜੋ ਉਹ ਆਪਣੇ ਪੁੱਤਰ ਦੀ ਜਾਨ ਤਾਂ ਬਚਾ ਸਕਦੀ। ਜੇਕਰ ਉਹ ਪੁੱਤਰ ਦੀ ਜਾਨ ਕੱਢਣ ਤੋਂ ਪਹਿਲਾਂ ਇਸਲਾਮ ਕਬੂਲ ਕਰਦੀ, ਫਿਰ ਤਾਂ ਇਹ ਗੱਲ ਮੰਨੀ ਜਾ ਸਕਦੀ ਸੀ ਕਿ ਉਹ ਆਪਣੇ ਪੁੱਤਰ ਦੀ ਮੌਤ ਨਹੀਂ ਦੇਖ ਸਕਦੀ ਸੀ ਪਰ ਉਸ ਦੇ ਬੱਚੇ ਨੂੰ ਤਾਂ ਉਸ ਦੇ ਸਾਹਮਣੇ ਮਾਰ ਦਿੱਤਾ ਗਿਆ ਸੀ। ਕੋਈ ਮਾਂ ਐਸੀ ਨਹੀਂ ਹੁੰਦੀ ਜਿਹੜੀ ਆਪਣੀਆਂ ਅੱਖਾਂ ਸਾਹਮਣੇ ਆਪਣੇ ਪੁੱਤਰ ਨੂੰ ਤਾਂ ਮਰਦਾ ਦੇਖ ਲਵੇ ਪਰ ਆਪ ਮਰਨ ਸਮੇਂ ਇਸਲਾਮ ਕਬੂਲ ਕਰ ਲਵੇ। ਇਸ ਲਈ ਇਹ ਗੱਲਾਂ ਹਕੂਮਤ ਦੀਆਂ ਫੈਲਾਈਆਂ ਹੋਈਆਂ ਹਨ। ਜਦੋਂ ਸਾਰੇ ਦੇ ਸਾਰੇ 780 ਸਿੰਘ ਅਤੇ ਬੰਦਾ ਸਿੰਘ ਬਹਾਦਰ, ਹਕੂਮਤ ਦੇ ਕਿਸੇ ਡਰਾਵੇ ਤੋਂ ਨਹੀਂ ਡਰੇ ਅਤੇ ਸਭ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਦੇ ਹੋਏ ਸ਼ਹਾਦਤਾਂ ਪਾ ਗਏ ਸਨ ਤਾਂ ਮੁਗ਼ਲ ਅਧਿਕਾਰੀ ਸਮੇਤ ਬਾਦਸ਼ਾਹ ਅਤੇ ਕਾਜ਼ੀ ਸ਼ਰਮ ਮਹਿਸੂਸ ਕਰਨ ਲੱਗ ਪਏ ਸਨ। ਇਸ ਵਿੱਚ ਉਹ ਆਪਣੀ ਹਾਰ ਸਮਝਦੇ ਸਨ। ਇਸੇ ਸ਼ਰਮਿੰਦਗੀ ਨੂੰ ਛੁਪਾਉਣ ਲਈ ਉਨਾਂ ਨੇ ਬੰਦਾ ਸਿੰਘ ਬਹਾਦਰ ਨੂੰ ਡਰਾਉਣ ਲਈ ਅਖੀਰਲੇ ਹਥਿਆਰ ਵਜੋਂ ਉਸ ਦੇ ਪੁੱਤਰ ਨੂੰ ਉਸ ਦੀ ਗੋਦ ਵਿੱਚ ਬਿਠਾ ਕੇ ਮਾਰਨਾ ਚਾਹਿਆ ਸੀ। ਜਦੋਂ ਬੰਦਾ ਸਿੰਘ ਬਹਾਦਰ ਨੇ ਇਸ ਸੱਟ ਨੂੰ ਵੀ ਸਹਿ ਲਿਆ ਤਾਂ ਮੁਗ਼ਲ ਅਧਿਕਾਰੀ ਬਿਲਕੁਲ ਹੀ ਸ਼ਰਮਿੰਦੇ ਹੋ ਗਏ ਸਨ। ਇਸ ਸ਼ਰਮਿੰਦਗੀ ਨੂੰ ਛੁਪਾਉਣ ਵਾਸਤੇ ਹੀ ਇਹ ਐਲਾਨ ਕੀਤਾ ਸੀ ਕਿ ਬੰਦਾ ਸਿੰਘ ਬਹਾਦਰ ਦੀ ਪਤਨੀ ਇਸਲਾਮ ਕਬੂਲ ਕਰ ਗਈ ਹੈ। ਹੋਰ ਇਸ ਵਿੱਚ ਕੋਈ ਵੀ ਸਚਾਈ ਨਹੀਂ ਹੈ। ਇਸ ਮਹਾਨ ਔਰਤ ਨੂੰ ਵੀ ਸ਼ਹੀਦਾਂ ਦੇ ਵਿੱਚ ਹੀ ਸ਼ਾਮਲ ਸਮਝਣਾ ਚਾਹੀਦਾ ਹੈ। ਆਖਰ ਜਿਸ ਬੱਚੇ ਨੂੰ ਉੱਥੇ ਮਾਰਿਆ ਗਿਆ ਸੀ ਉਹ ਬੱਚਾ ਇੰਨਾ ਸਮਾਂ ਆਪਣੀ ਮਾਂ ਦੇ ਪਾਸ ਹੀ ਰਿਹਾ ਸੀ। ਉਸ ਦੀ ਮਾਂ ਵੀ ਉਸ ਨੂੰ ਦਲੇਰ ਬਣਨ ਦੀ ਉਸੇ ਤਰਾਂ ਸਿੱਖਿਆ ਦਿੰਦੀ ਹੋਵੇਗੀ ਜਿਵੇਂ ਮਾਤਾ ਗੁਜਰੀ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਦਿੱਤੀ ਸੀ।

ਬੰਦਾ ਸਿੰਘ ਬਹਾਦਰ ਅਤੇ ਉਸ ਦੇ 780 ਸਾਥੀ ਸਿੰਘਾਂ ਦੀਆਂ ਸ਼ਹਾਦਤਾਂ ਇੰਨਾ ਭਿਆਨਕ ਵਾਤਾਵਰਨ ਪੈਦਾ ਕਰ ਗਈਆਂ ਸਨ ਕਿ ਲਗਾਤਾਰ 16-17 ਸਾਲਾਂ ਤਕ ਸਿੰਘ ਸੰਘਰਸ਼ ਮੁੜ ਕੇ ਉੱਭਰ ਨਹੀਂ ਸਕਿਆ। ਜਿੰਨੀ ਸੱਟ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਾਮਰਾਜ ਨੂੰ ਮਾਰੀ ਸੀ, ਮੁਗ਼ਲ ਹਕੂਮਤ ਨੇ ਵੀ ਸਿੰਘਾਂ ਨੂੰ ਉਨੀ ਹੀ ਵੱਡੀ ਸੱਟ ਮਾਰੀ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਬਾਅਦ ਅੰਦਾਜ਼ਨ 1732-33 ਵਿੱਚ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਸਿੱਖ ਸੰਘਰਸ਼ ਦੀ ਪੁਨਰ-ਸੁਰਜੀਤੀ ਹੋਈ ਸੀ। ਇਹ ਸਮਾਂ ਪੰਜਾਬ ਵਿੱਚ ਜ਼ਕਰੀਆ ਖ਼ਾਨ ਦੀ ਸੂਬੇਦਾਰੀ ਦਾ ਸੀ। ਇਹ ਸਮਾਂ ਸਿੱਖ ਸੰਘਰਸ਼ ਦੀ ਪੁਨਰ-ਸੁਰਜੀਤੀ ਦਾ ਸੀ। ਇਸ ਲਈ ਸਮੇਂ ਦੀ ਮੁਗਲ ਹਕੂਮਤ ਨੇ ਵੀ ਸਿੱਖ ਸੰਘਰਸ਼ ਨੂੰ ਮੁੜ ਤੋਂ ਪੈਦਾ ਹੋਣ ਤੋਂ ਰੋਕਣ ਲਈ ਫੌਰੀ ਕਦਮ ਚੁੱਕੇ। ਇਸ ਸਮੇਂ ਦੌਰਾਨ ਕਈ ਐਸੇ ਸਿੱਖ ਨੇਤਾਵਾਂ, ਸੰਤ ਪੁਰਖਾਂ ਅਤੇ ਸਰਗਰਮ ਕਾਰਕੁਨਾਂ ਨੂੰ ਬਿਨਾਂ ਵਜਾ ਹੀ ਸ਼ਹੀਦ ਕੀਤਾ ਗਿਆ ਸੀ ਜਿਨਾਂ ਨੇ ਕਿਸੇ ਤਰਾਂ ਵੀ ਕੋਈ ਜੁਰਮ ਨਹੀਂ ਕੀਤਾ ਸੀ। ਜਿਵੇਂ ਭਾਈ ਮਨੀ ਸਿੰਘ ਜੀ, ਭਾਈ ਤਾਰਾ ਸਿੰਘ ਡੱਲਵਾਂ, ਭਾਈ ਤਾਰੂ ਸਿੰਘ ਜੀ, ਬੀਰ ਹਕੀਕਤ ਰਾਏ ਜੀ, ਭਾਈ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਜੀ ਆਦਿ। ਇਨਾਂ ਸ਼ਹੀਦੀਆਂ ਦਾ ਸਮਾਂ 1734 ਤੋਂ ਲੈ ਕੇ 1745 ਤਕ ਦਾ ਸੀ।

ਭਾਈ ਮਨੀ ਸਿੰਘ ਜੀ ਬਜ਼ੁਰਗ ਨੇਤਾ ਸਨ। ਉਹ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵੀ ਕਰਦੇ ਸਨ। ਜਦੋਂ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਸਿੱਖ ਸੰਘਰਸ਼ ਮੁੜ ਤੋਂ ਲਾਮਬੰਦ ਹੋ ਰਿਹਾ ਸੀ ਤਾਂ ਹਕੂਮਤ ਨੇ ਸਮਝਿਆ ਕਿ ਭਾਈ ਮਨੀ ਸਿੰਘ ਜੈਸਾ ਬਜ਼ੁਰਗ ਨੇਤਾ ਇਨਾਂ ਸੰਘਰਸ਼ਸ਼ੀਲ ਸਿੰਘਾਂ ਲਈ ਪ੍ਰੇਰਨਾ ਸਰੋਤ ਬਣਿਆ ਹੋਇਆ ਹੈ। ਇਸ ਲਈ ਸਿੱਖ ਸੰਘਰਸ਼ ਨੂੰ ਦਬਾਉਣ ਲਈ ਉਨਾਂ ਨੂੰ ਮਾਰਨਾ ਬਹੁਤ ਜ਼ਰੂਰੀ ਹੈ। ਸਿੱਟੇ ਵਜੋਂ ਹਕੂਮਤ ਨੇ ਹਾੜ ਸੁਦੀ ਪੰਚਮੀ ਸੰਮਤ 1791 ਬਿਕਰਮੀ ਮੁਤਾਬਕ 24 ਜੂਨ 1734 ਨੂੰ ਭਾਈ ਸਾਹਿਬ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਸੀ। ਉਨਾਂ ਨਾਲ ਹੋਰ ਵੀ ਕਈ ਸਾਥੀ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ ਜਿਨਾਂ ਦੇ ਨਾਵਾਂ ਦੀ ਜਾਣਕਾਰੀ ਵੱਖ-ਵੱਖ ਤਰਾਂ ਨਾਲ ਮਿਲਦੀ ਹੈ। ਸ਼ਹੀਦ ਬਿਲਾਸ ਅਨੁਸਾਰ ਭਾਈ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਂ ਸਨ: ਭਾਈ ਗੁਲਜ਼ਾਰ ਸਿੰਘ ਅਤੇ ਭਾਈ ਭੂਪਤ ਸਿੰਘ। ਪਰ ਕੋਇਰ ਸਿੰਘ ਨੇ ਅਲੱਗ ਨਾਂ ਦਿੰਦੇ ਹੋਏ ਦੱਸਿਆ ਹੈ ਕਿ ਭਾਈ ਗੁਰਬਖ਼ਸ਼ ਸਿੰਘ, ਸੰਤ ਸਿੰਘ, ਅਮਰ ਸਿੰਘ, ਉਦੈ ਸਿੰਘ, ਗੁਰਮੁਖ ਸਿੰਘ, ਰਣ ਸਿੰਘ ਅਤੇ ਸੰਗਤ ਸਿੰਘ ਆਦਿ ਭਾਈ ਸਾਹਿਬ ਨਾਲ ਸ਼ਹੀਦ ਹੋਏ ਸਨ।

ਭਾਈ ਤਾਰਾ ਸਿੰਘ ਡੱਲਵਾਂ, ਬੀਰ ਹਕੀਕਤ ਰਾਏ ਜੀ, ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਅਤੇ ਭਾਈ ਤਾਰੂ ਸਿੰਘ ਜੀ, ਆਪੋ-ਆਪਣੀਆਂ ਥਾਵਾਂ ‘ਤੇ ਗੁਰਬਾਣੀ ਜਾਂ ਸਿੱਖ ਧਰਮ ਦਾ ਪ੍ਰਚਾਰ ਕਰਨ ਵਾਲੇ ਸਨ। ਇਸ ਸਮੇਂ ਦੇ ਸ਼ਹੀਦਾਂ ਵਿੱਚ ਫ਼ੌਜਾਂ ਨਾਲ ਲੜ ਕੇ ਸ਼ਹੀਦ ਹੋਣ ਵਾਲੇ ਸਿਰਫ਼ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਹੀ ਸਨ। ਇਨਾਂ ਨੂੰ ਸ਼ਰੀਕਾਂ ਦੇ ਮਿਹਣੇ ਸੁਣਨੇ ਪਏ ਸਨ ਕਿ ਸਿੰਘ ਤਾਂ ਹੁਣ ਸਿਰਫ਼ ਲੁਕ-ਛਿਪ ਕੇ ਹੀ ਦਿਨ ਕੱਟਣ ਜੋਗੇ ਹਨ। ਇਨਾਂ ਨੇ ਇਹ ਮਿਹਣਾ ਸੁਣ ਕੇ ਹੀ ਆਪਣੇ ਪਿੰਡ ਵਿੱਚ ਖ਼ਾਲਸੇ ਦੀ ਸਰਕਾਰ ਦਾ ਨਾਕਾ ਲਗਾ ਲਿਆ ਸੀ। ਇਹ ਦਰਸਾਉਣ ਲਈ ਕਿ ਖ਼ਾਲਸਾ ਨਾ ਹੀ ਡਰ ਕੇ ਭੱਜਦਾ ਹੈ ਅਤੇ ਨਾ ਹੀ ਕਿਸੇ ਹਕੂਮਤ ਦਾ ਗੁਲਾਮ ਰਹਿੰਦਾ ਹੈ, ਇਨਾਂ ਦੋਵਾਂ ਨੇ ਇਨਾਂ ਵਿਰੁੱਧ ਭੇਜੀ ਗਈ ਫ਼ੌਜੀ ਟੁਕੜੀ ਦਾ ਉਦੋਂ ਤਕ ਮੁਕਾਬਲਾ ਕੀਤਾ ਜਦੋਂ ਤਕ ਇਨਾਂ ਦੇ ਸਰੀਰ ਵਿੱਚ ਜਾਨ ਰਹੀ। ਅਖੀਰ ਇਹ ਦੋਵੇਂ ਸਿੰਘ ਲੜਦੇ ਹੋਏ ਹੀ ਸ਼ਹੀਦੀਆਂ ਪਾ ਗਏ ਸਨ।

1745 ਵਿੱਚ ਜ਼ਕਰੀਆ ਖ਼ਾਨ ਮਰ ਗਿਆ ਸੀ। ਇਸ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਵੀ ਬੜੀਆਂ ਤਬਦੀਲੀਆਂ ਵਾਪਰ ਗਈਆਂ ਸਨ। ਇੱਕ ਤਾਂ ਜ਼ਕਰੀਆ ਖ਼ਾਨ ਦੇ ਦੋਵੇਂ ਪੁੱਤਰ ਯਾਹੀਆ ਖ਼ਾਨ ਅਤੇ ਸ਼ਾਹ ਨਿਵਾਜ਼ ਖ਼ਾਨ ਨਾਲਾਇਕ ਸਨ। ਦੂਜਾ, ਖ਼ਾਲਸੇ ਦਾ ਸੰਘਰਸ਼ ਵੀ ਆਪਣੇ ਸ਼ਹੀਦਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਂਦਾ ਹੋਇਆ ਬਹੁਤ ਤਾਕਤਵਰ ਹੋ ਗਿਆ ਸੀ। ਭਾਵੇਂ ਇਸ ਸਮੇਂ ਦੌਰਾਨ ਛੋਟਾ ਘੱਲੂਘਾਰਾ (ਮਈ-ਜੂਨ, 1746) ਵੀ ਵਾਪਰਿਆ ਅਤੇ ਇਸ ਘੱਲੂਘਾਰੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸ਼ਹੀਦ ਹੋ ਗਏ ਪਰ ਇਹ ਸ਼ਹੀਦੀਆਂ ਲੜਾਈ ਦੇ ਮੈਦਾਨ ਵਿਚਲੀਆਂ ਸਨ। ਲੜਾਈ ਵਿਚਲੀਆਂ ਸ਼ਹਾਦਤਾਂ ਨੂੰ ਸੂਰਮਗਤੀ ਤਾਂ ਮੰਨਿਆ ਗਿਆ ਹੈ ਪਰ ਸ਼ਾਂਤਮਈ ਤਰੀਕੇ ਨਾਲ ਹੋਈਆਂ ਸ਼ਹਾਦਤਾਂ ਨੂੰ ਸਿਰਮੌਰ ਮੰਨਿਆ ਗਿਆ ਹੈ। ਸ਼ਾਂਤਮਈ ਰਹਿੰਦਿਆਂ ਦਿੱਤੀਆਂ ਗਈਆਂ ਸ਼ਹਾਦਤਾਂ ਦੇ ਸਾਹਮਣੇ ਜੀਵਨ ਜਿਉਣ ਦਾ ਇੱਕ ਬਦਲ ਹੁੰਦਾ ਸੀ ਜਦੋਂਕਿ ਜੰਗ ਦੇ ਮੈਦਾਨ ਵਿੱਚ ਲੜ ਕੇ ਮਰਨ ਸਮੇਂ ਇਹ ਬਦਲ ਨਹੀਂ ਹੁੰਦਾ ਸੀ। ਲੜਾਈ ਵਿੱਚ ਕਿਸੇ ਇੱਕ ਧਿਰ ਨੇ ਤਾਂ ਮਰਨਾ ਹੀ ਹੈ। ਇਸ ਲਈ ਲੜਾਈ ਵਿੱਚ ਜੀਵਨ-ਜਿਉਣ ਦਾ ਬਦਲ ਜਾਂ ਤਾਂ ਲੜਾਈ ਵਿੱਚੋਂ ਭੱਜ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਤੇ ਜਾਂ ਦੁਸ਼ਮਣ ਦੀ ਈਨ ਮੰਨ ਕੇ। ਇਉਂ ਇਹ ਦੋਵੇਂ ਰਸਤੇ ਹੀ ਇੱਕ ਯੋਧੇ ਨੂੰ ਸ਼ੋਭਾ ਨਹੀਂ ਦਿੰਦੇ। ਇਸ ਤਰਾਂ ਸਿੱਖ ਇਤਿਹਾਸ ਵਿੱਚ ਬੇਮਿਸਾਲ ਸੂਰਮਗਤੀ ਦੀਆਂ ਬਹੁਤ ਮਿਸਾਲਾਂ ਹਨ ਪਰ ਸਿਰਮੌਰ ਥਾਂ ਸਿਰਫ਼ ਸ਼ਾਂਤਮਈ ਸ਼ਹਾਦਤਾਂ ਨੂੰ ਹੀ ਦਿੱਤੀ ਗਈ ਹੈ। ਬੰਦਾ ਸਿੰਘ ਬਹਾਦਰ ਬੇਸ਼ੱਕ ਲੜਾਈ ਦੇ ਮੈਦਾਨ ਦਾ ਇੱਕ ਸੂਰਬੀਰ ਯੋਧਾ ਸੀ ਪਰ ਜਦੋਂ ਉਸ ਨੇ ਸ਼ਹਾਦਤ ਦਿੱਤੀ ਸੀ ਉਸ ਸਮੇਂ ਉਹ ਇੱਕ ਕੈਦੀ ਸੀ। ਕੈਦ ਵਿੱਚ ਰੱਖ ਕੇ ਹੀ ਜਦੋਂ ਉਸ ਨੂੰ ਮਾਰਿਆ ਜਾ ਰਿਹਾ ਸੀ ਤਾਂ ਉਸ ਦੇ ਸਾਹਮਣੇ ਇੱਕ ਬਦਲ ਰੱਖਿਆ ਗਿਆ ਸੀ। ਇਹ ਬਦਲ ਸੀ ਹਕੂਮਤ ਦੀ ਈਨ ਮੰਨ ਕੇ ਇਸਲਾਮ ਨੂੰ ਕਬੂਲ ਕਰਨ ਦਾ। ਬੰਦਾ ਸਿੰਘ ਨੇ ਇਸ ਨੂੰ ਰੱਦ ਕਰਕੇ ਮੌਤ ਦਾ ਬਦਲ ਚੁਣਿਆ ਸੀ।

1765 ਤੋਂ ਲੈ ਕੇ 1849 ਤਕ ਦੇ 85 ਸਾਲ ਪੰਜਾਬ ਵਿੱਚ ਖ਼ਾਲਸੇ ਦੇ ਰਾਜ ਦਾ ਸਮਾਂ ਸੀ। ਕੁਦਰਤੀ ਗੱਲ ਸੀ ਕਿ ਖ਼ਾਲਸੇ ਦੇ ਆਪਣੇ ਰਾਜ ਵਿੱਚ ਸਿੱਖਾਂ ਦਾ ਬੋਲਬਾਲਾ ਹੋਣਾ ਸੀ। ਸ਼ਹਾਦਤਾਂ ਸੰਘਰਸ਼ ਦੇ ਸਮੇਂ ਦੀਆਂ ਪ੍ਰਤੀਕ ਹਨ। ਇਸ ਲਈ ਇਸ ਸਮੇਂ ਦੌਰਾਨ ਸ਼ਹਾਦਤਾਂ ਤੋਂ ਠੱਲ ਪੈ ਜਾਣੀ ਕੁਦਰਤੀ ਗੱਲ ਸੀ ਪਰ ਖ਼ਾਲਸਾ ਰਾਜ ਦੇ ਅਖੀਰ ‘ਤੇ ਦੋ ਸਿੱਖ-ਅੰਗਰੇਜ਼ ਜੰਗਾਂ ਦੌਰਾਨ ਹੋਈ ਤਬਾਹੀ ਵੱਲ ਸਾਡੇ ਇਤਿਹਾਸਕਾਰਾਂ ਨੇ ਬਹੁਤਾ ਧਿਆਨ ਨਹੀਂ ਦਿੱਤਾ। ਉਨਾਂ ਨੇ ਇਸ ਤਬਾਹੀ ਨੂੰ ਸਿਰਫ ਇੰਨਾ ਕੁ ਕਹਿ ਕੇ ਹੀ ਅਣਗੌਲਿਆਂ ਕਰ ਦਿੱਤਾ ਹੈ ਕਿ ਦੁਸ਼ਮਣਾਂ ਦੀ ਸਾਜ਼ਿਸ਼ ਅਤੇ ਧੋਖੇ ਨਾਲ ਖ਼ਾਲਸਾ ਰਾਜ 1849 ਵਿੱਚ ਖ਼ਤਮ ਕਰ ਦਿੱਤਾ ਗਿਆ ਸੀ। ਜੇਕਰ ਇਸ ਤਬਾਹੀ ਦੇ ਵਿਸਥਾਰ ਵਿੱਚ ਜਾ ਕੇ ਦੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਹਾਰੀਆਂ ਗਈਆਂ ਦੋਵੇਂ ਸਿੱਖ-ਅੰਗਰੇਜ਼ ਜੰਗਾਂ ਵਿੱਚ 40 ਹਜ਼ਾਰ ਉਹ ਸਿੱਖ ਸਿਪਾਹੀ ਮਾਰਿਆ ਗਿਆ ਸੀ ਜਿਹੜਾ ਪੂਰੀ ਤਰਾਂ ਸਿੱਖਿਅਤ ਅਤੇ ਜ਼ਾਬਤੇਦਾਰ ਫ਼ੌਜੀ ਸਿਪਾਹੀ ਸੀ। ਸਭਰਾਉਂ ਦੀ 10 ਫਰਵਰੀ 1846 ਦੀ ਅੱਧੇ ਦਿਨ ਦੀ ਲੜਾਈ ਵਿੱਚ ਹੀ ਸ. ਸ਼ਾਮ ਸਿੰਘ ਅਟਾਰੀਵਾਲੇ ਦੀ ਅਗਵਾਈ ਹੇਠ ਲੜਨ ਵਾਲੀ ਪੂਰੀ ਦੀ ਪੂਰੀ ਖ਼ਾਲਸਾ ਫ਼ੌਜ ਤੋਪ ਦੇ ਗੋਲਿਆਂ ਨਾਲ ਮਾਰ ਦਿੱਤੀ ਗਈ ਸੀ। ਸ. ਅਟਾਰੀਵਾਲੇ ਦੀ ਅਗਵਾਈ ਹੇਠ 20 ਹਜ਼ਾਰ ਖ਼ਾਲਸਾ ਫ਼ੌਜ ਸੀ। ਇਸ ਲੜਾਈ ਵਿੱਚ ਸ਼ਾਮਲ ਬਰਤਾਨਵੀ ਲੇਖਕ ਕਨਿੰਘਮ ਨੇ ਲਿਖਿਆ ਹੈ ਕਿ ਇਸ ਲੜਾਈ ਵਿੱਚ ਨਾ ਕਿਸੇ ਸਿੱਖ ਸਿਪਾਹੀ ਨੇ ਹਥਿਆਰ ਸੁੱਟੇ ਸਨ ਅਤੇ ਨਾ ਹੀ ਕੋਈ ਮੈਦਾਨ ਵਿੱਚੋਂ ਭੱਜਿਆ ਸੀ। ਸਭ ਦੇ ਸਭ ਆਪਣੇ ਆਗੂ ਦੇ ਅੱਗੇ ਹੋ ਕੇ ਜਾਨਾਂ ਵਾਰ ਗਏ ਸਨ। ਬਾਕੀ ਵੀਹ ਹਜ਼ਾਰ ਸਿਪਾਹੀ ਦੂਜੀ ਸਿੱਖ-ਅੰਗਰੇਜ਼ ਜੰਗ ਵਿੱਚ ਸਰਦਾਰ ਸ਼ੇਰ ਸਿੰਘ ਅਟਾਰੀਵਾਲੇ ਦੀ ਅਗਵਾਈ ਹੇਠ ਲੜ ਕੇ ਸ਼ਹੀਦ ਹੋ ਗਿਆ ਸੀ। ਸ਼ਾਇਦ ਇੰਨਾ ਜਾਨੀ ਨੁਕਸਾਨ ਤਾਂ ਸਿੱਖਾਂ ਦਾ ਦੋਵੇਂ ਘੱਲੂਘਾਰਿਆਂ ਵਿੱਚ ਵੀ ਨਹੀਂ ਹੋਇਆ ਸੀ ਜਿੰਨਾ ਦੋਵੇਂ ਸਿੱਖ-ਅੰਗਰੇਜ਼ ਜੰਗਾਂ ਵਿੱਚ ਹੋਇਆ ਸੀ। ਇਧਰ ਧਿਆਨ ਦੇਣ ਦੀ ਲੋੜ ਹੈ। ਇਹ ਸਾਰੇ ਬਾਕਾਇਦਾ ਸੈਨਿਕ ਸਨ। ਇਨਾਂ ਦਾ ਸਾਰੇ ਕੁਝ ਦਾ ਲਿਖਤੀ ਰਿਕਾਰਡ ਸੀ ਪਰ ਅਜੇ ਤਕ ਸਾਨੂੰ ਇਨਾਂ ਚਾਲੀ ਹਜ਼ਾਰ ਸਿੱਖ ਸਿਪਾਹੀਆਂ ਵਿੱਚੋਂ ਸਿਰਫ਼ 20-25 ਸੈਨਿਕਾਂ ਜਾਂ ਅਧਿਕਾਰੀਆਂ ਦੇ ਨਾਵਾਂ ਦਾ ਹੀ ਪਤਾ ਹੈ। ਇਹ ਗੱਲ ਸਿੱਖ ਇਤਿਹਾਸ ਦੇ ਖੋਜਾਰਥੀਆਂ ਲਈ ਬਹੁਤ ਵੱਡੀ ਚੁਣੌਤੀ ਹੈ।

1849 ਵਿੱਚ ਖ਼ਾਲਸਾ ਰਾਜ ਦੇ ਖ਼ਾਤਮੇ ਤੋਂ ਬਾਅਦ ਪੰਜਾਬ ਵਿੱਚ ਬਦੇਸ਼ੀ (ਅੰਗਰੇਜ਼ੀ) ਸ਼ਾਸਨ ਸ਼ੁਰੂ ਹੋਇਆ। ਸੰਘਰਸ਼ ਕਰਨ ਦਾ ਵਿਚਾਰ ਜਿਹੜਾ ਸਿੱਖ ਦੀ ਸੋਚ ਦਾ ਇੱਕ ਮੁੱਖ ਨੁਕਤਾ ਸੀ ਇਸ ਸਮੇਂ ਸਿੱਖ ਸੋਚ ਵਿੱਚੋਂ ਨਿਕਲ ਚੁੱਕਿਆ ਸੀ ਕਿਉਂਕਿ ਦੋਵੇਂ ਸਿੱਖ-ਅੰਗਰੇਜ਼ ਜੰਗਾਂ ਵਿੱਚ ਸਿੱਖਾਂ ਨੂੰ ਬਹੁਤ ਵੱਡੀ ਸੱਟ ਵੱਜ ਚੁੱਕੀ ਸੀ। ਇਸ ਸੱਟ ਵਿੱਚੋਂ ਸਿੱਖ 1920 ਤਕ ਉੱਭਰ ਨਹੀਂ ਸਕੇ ਸਨ। ਇਸ ਸਮੇਂ ਵੀ ਸਿੱਖ ਸੰਘਰਸ਼ ਸਿਰਫ਼ ਗੁਰਦੁਆਰਿਆਂ ਨੂੰ ਪੰਥਕ ਕੰਟਰੋਲ ਵਿੱਚ ਕਰਨ ਲਈ ਚੱਲਿਆ ਸੀ ਜਿਹੜਾ ਗੁਰਦੁਆਰਾ ਸੁਧਾਰ ਲਹਿਰ ਦੇ ਨਾਂ ਨਾਲ ਸਾਹਮਣੇ ਆਇਆ ਸੀ। ਇਹ ਪੂਰੀ ਤਰਾਂ ਸ਼ਾਂਤਮਈ ਸੀ ਪਰ ਇਸ ਸ਼ਾਂਤਮਈ ਸੰਘਰਸ਼ ਨੂੰ ਵੀ ਅੰਗਰੇਜ਼ ਹਕੂਮਤ ਨੇ ਬਹੁਤ ਬੁਰੀ ਤਰਾਂ ਕੁੱਟਮਾਰ ਕਰਕੇ ਦਬਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਸ਼ਾਂਤਮਈ ਸੰਘਰਸ਼ ਵਿੱਚ ਸ਼ਹਾਦਤਾਂ ਬਹੁਤ ਹੋਈਆਂ ਸਨ। ਨਨਕਾਣਾ ਸਾਹਿਬ ਦੇ ਸਾਕੇ ਵਿੱਚ (ਫਰਵਰੀ 1921) ਅਨੇਕਾਂ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਵਿੱਚ ਮੁੱਖ ਸ਼ਹਾਦਤਾਂ ਭਾਈ ਲਛਮਣ ਸਿੰਘ ਅਤੇ ਭਾਈ ਦਲੀਪ ਸਿੰਘ ਦੀਆਂ ਸਨ। ਇਸ ਸਾਕੇ ਵਿੱਚ ਹੋਰ ਵੀ ਬਹੁਤ ਸਾਰੇ ਸਿੰਘ ਸ਼ਹੀਦ ਕੀਤੇ ਗਏ ਜਿਨਾਂ ਦੀ ਗਿਣਤੀ ਬਾਰੇ ਵੱਖ-ਵੱਖ ਰਿਪੋਰਟਾਂ ਵਿੱਚ 120 ਤੋਂ ਲੈ ਕੇ 200 ਤਕ ਦੀ ਗਿਣਤੀ ਦਿੱਤੀ ਗਈ ਹੈ। ਇਸ ਲਹਿਰ ਦੇ ਸਮਕਾਲੀ ਲੇਖਕ ਗਿਆਨੀ ਪ੍ਰਤਾਪ ਸਿੰਘ ਨੇ ਨਨਕਾਣਾ ਸਾਹਿਬ ਦੇ ਕੁੱਲ ਸ਼ਹੀਦਾਂ ਦੀ ਗਿਣਤੀ 86 ਦਿੱਤੀ ਹੈ। ਇਨਾਂ ਦੇ ਨਾਂ ਵੀ ਦਿੱਤੇ ਗਏ ਹਨ। ਸਮੁੱਚੀ ਗੁਰਦੁਆਰਾ ਸੁਧਾਰ ਲਹਿਰ ਦਾ ਸਿੱਟਾ 1925 ਦੇ ਪੰਜਾਬ ਸਿੱਖ ਗੁਰਦੁਆਰਾ ਐਕਟ ਵਿੱਚ ਨਿਕਲਿਆ। ਇਸ ਤਹਿਤ ਹੀ ਵਰਤਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਹੋਂਦ ਵਿੱਚ ਆਈ ਹੈ। ਬਰਤਾਨਵੀ ਸ਼ਾਸਨ ਦੌਰਾਨ ਗੁਰਦੁਆਰਾ ਸੁਧਾਰ ਲਹਿਰ ਦੇ ਨਾਂ ਹੇਠ ਸ਼ਾਇਦ ਸਿੱਖਾਂ ਦਾ ਆਖਰੀ ਸੰਘਰਸ਼ ਸੀ ਜਿਹੜਾ ਨਿਰੋਲ ਸਿੱਖ ਮਿਸ਼ਨ ਦੀ ਪੂਰਤੀ ਲਈ ਸੀ। ਕੁਝ ਸਮੇਂ ਲਈ ਬੱਬਰ ਅਕਾਲੀ ਲਹਿਰ ਵੀ ਚੱਲੀ ਸੀ ਜਿਸ ਵਿੱਚ ਕਈ ਬੱਬਰ ਸ਼ਹੀਦ ਕਰ ਦਿੱਤੇ ਗਏ ਸਨ। ਇਹ ਨਿਰੋਲ ਰਾਜਨੀਤਕ ਲੜਾਈ ਸੀ ਜਿਹੜੀ ਸੀਮਤ ਪੱਧਰ ਤਕ ਰਹੀ ਸੀ। ਸਿੱਖਾਂ ਵਿੱਚ ਇਹ ਲਹਿਰ ਬਹੁਤਾ ਪ੍ਰਭਾਵ ਨਹੀਂ ਪਾ ਸਕੀ। ਇਸੇ ਤਰਾਂ ਪਹਿਲਾਂ 1860ਵਿਆਂ ਵਿੱਚ ਚੱਲੀ ਨਾਮਧਾਰੀ (ਕੂਕਾ) ਲਹਿਰ ਵੀ ਸਿੱਖਾਂ ਉਪਰ ਬਹੁਤਾ ਪ੍ਰਭਾਵ ਨਹੀਂ ਪਾ ਸਕੀ ਸੀ। ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਨੇ ਸ਼ਾਇਦ ਸਿੱਖ ਮਨਾਂ ਵਿੱਚੋਂ ਉਨਾਂ ਦੇ ਪਹਿਲੇ ਖ਼ਾਲਸਾ ਰਾਜ ਦੀ ਹੋਂਦ ਨੂੰ ਉੱਕਾ ਹੀ ਮਿਟਾ ਦਿੱਤਾ ਸੀ। 18ਵੀਂ ਸਦੀ ਦੌਰਾਨ ਜਿਸ ਸਿੱਖ ਕੌਮ ਨੇ ਆਪਣੀ ਸੁਤੰਤਰਤਾ ਲਈ ਬੇਮਿਸਾਲ ਸੰਘਰਸ਼ ਲੜਿਆ ਸੀ ਉਹੀ ਸਿੱਖ ਕੌਮ ਭਾਰਤ ਦੇ ਸਮੁੱਚੇ ਆਜ਼ਾਦੀ ਅੰਦੋਲਨ ਵਿੱਚ ਕੋਈ ਵੀ ਪ੍ਰਭਾਵ ਨਹੀਂ ਪਾ ਸਕੀ ਸੀ। ਇਹੀ ਕਾਰਨ ਸੀ ਕਿ ਭਾਰਤ ਦੀ ਆਜ਼ਾਦੀ ਉਪਰੰਤ ਪੰਜਾਬ ਵਿੱਚ ਪਹਿਲਾਂ ਪੰਜਾਬੀ ਸੂਬੇ ਦੇ ਨਾਂ ਹੇਠ ਫਿਰ ਅਧੂਰੇ ਪੰਜਾਬੀ ਸੂਬੇ ਨੂੰ ਪੂਰਾ ਕਰਵਾਉਣ ਦੇ ਨਾਂ ਹੇਠ ਲਗਾਤਾਰ ਸਿੱਖ ਸੰਘਰਸ਼ ਚਲਦਾ ਰਿਹਾ ਸੀ।

ਆਜ਼ਾਦ ਭਾਰਤ ਵਿੱਚ ਪੰਜਾਬੀ ਸੂਬੇ ਦੀ ਅਕਾਲੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਪ੍ਰਬੰਧ ਹੇਠ ਜਿਹੜੀ ਬੇਮਿਸਾਲ ਸਿੱਖ ਸ਼ਹਾਦਤ ਹੋਈ ਉਹ ਦਰਸ਼ਨ ਸਿੰਘ ਫੇਰੂਮਾਨ ਦੀ ਸੀ। ਫੇਰੂਮਾਨ ਨੇ ਪੰਜਾਬੀ ਸੂਬੇ ਦੀਆਂ ਅਧੂਰੀਆਂ ਮੱਦਾਂ ਨੂੰ ਪੂਰਾ ਕਰਵਾਉਣ ਅਤੇ ਚੰਡੀਗੜ ਪੰਜਾਬ ਨੂੰ ਦਿਵਾਉਣ ਲਈ 15 ਅਗਸਤ 1969 ਨੂੰ ਅੰਮ੍ਰਿਤਸਰ ਦੀ ਸੈਂਟਰਲ ਜੇਲ ਵਿੱਚ ਆਪਣਾ ਮਰਨ ਵਰਤ ਰੱਖਿਆ ਸੀ। ਇਹ ਮਰਨ ਵਰਤ ਪੂਰੇ 74 ਦਿਨਾਂ ਤਕ ਚਲਦਾ ਰਿਹਾ ਸੀ। ਇਉਂ ਦਰਸ਼ਨ ਸਿੰਘ ਫੇਰੂਮਾਨ ਨੇ 27 ਅਕਤੂਬਰ 1969 ਤੱਕ 74 ਦਿਨ ਭੁੱਖੇ ਰਹਿ ਕੇ ਆਪਣੀ ਜਾਨ ਵਾਰ ਦਿੱਤੀ ਸੀ। ਮਰਨ ਵਰਤ ਦੌਰਾਨ ਉਹ ਪੰਜਾਬ ਦੀ ਅਕਾਲੀ ਪ੍ਰਮੁੱਖਤਾ ਵਾਲੀ ਸਰਕਾਰ ਦੀ ਕੈਦ ਵਿੱਚ ਰਹੇ ਸਨ ਅਤੇ ਕੈਦ ਵਿੱਚ ਹੀ ਉਨਾਂ ਨੇ ਆਪਣੇ ਅੰਤਮ ਸੁਆਸ ਲਏ ਸਨ।

ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਸਿੱਖ ਸ਼ਹਾਦਤਾਂ ਸਿੱਖ ਸੰਘਰਸ਼ ਦਾ ਪ੍ਰਤੀਕ ਸਨ। ਭਾਵੇਂ ਇਹ ਸ਼ਾਂਤਮਈ ਸੀ ਤੇ ਭਾਵੇਂ ਹਥਿਆਰਬੰਦ। ਜਿਉਂ-ਜਿਉਂ ਸ਼ਹਾਦਤਾਂ ਹੁੰਦੀਆਂ ਸਨ, ਸਿੱਖ ਸੰਘਰਸ਼ ਹੋਰ ਪ੍ਰਚੰਡ ਹੁੰਦਾ ਸੀ। ਇਹ ਸਿੱਖ ਸ਼ਹਾਦਤਾਂ ਆਪਣੀ ਮਿਸਾਲ ਆਪ ਸਨ। ਇਨਾਂ ਦਾ ਸੰਕਲਪ ਵੀ ਸਿੱਖ ਧਰਮ ਦਾ ਆਪਣਾ ਸੀ ਅਤੇ ਇਨਾਂ ਦਾ ਉਦੇਸ਼ ਵੀ ਸਿੱਖ ਧਰਮ ਦਾ ਆਪਣਾ ਸੀ। ਇਨਾਂ ਸ਼ਹਾਦਤਾਂ ਰਾਹੀਂ ਸਿੱਖ ਧਰਮ ਨੇ ਵਿਸ਼ਵ ਨੂੰ ਇੱਕ ਨਵਾਂ ਸੰਦੇਸ਼ ਦਿੱਤਾ ਸੀ। ਇਹ ਸੰਦੇਸ਼ ਆਪਣੇ ਸੱਚ ਦੇ ਮਾਰਗ ਦੀ ਰਾਖੀ ਕਰਨ ਦਾ ਸੀ, ਦੁਸ਼ਮਣ ਨੂੰ ਮਾਰਨ ਦਾ ਨਹੀਂ।

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ

**ਨਾਵਾਂ ਦੇ ਅੱਗੇ ਬਣੇ 5 ਡੱਬਿਆਂ ਨੂੰ ਇੱਸ ਤਰ੍ਹਾਂ ਗੂੜਾ ਕਰੋ ਜੀ**

**MARK YOUR BALLOT LIKE THIS**



ਜਸਵਿੰਦਰ ਸਿੰਘ ਜੰਡੀ
Jaswinder Singh Jandi



ਰਜਿੰਦਰ ਸਿੰਘ ਰਾਜਾ
Rajinder Singh Raja



ਗੁਰਵਿੰਦਰ ਸਿੰਘ ਪ੍ਰਿੰਸ
Gurvinder Singh Prince



ਹਰਪ੍ਰੀਤ ਸਿੰਘ ਬੈਂਸ
Harpreet Singh Bains



ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal

**ਯਾਦ ਰੱਖਣਾ 8 ਮਾਰਚ 2020 ਨੂੰ ਅਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 8, 2020**


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS

DISCOUNT AT

TA TravelCenters of America

PETRO Stopping Centers®




We also offer Line of Credit for Fuel Card

Additional Services with our Fuel Card

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com